ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK

sadelok.com

21-27 ਅਕਤੂਬਰ 2026

ਸਾਲ 17ਵਾਂ - ਅੰਕ 43
email : info@sadelok.com
510-706-1300

ਪਰਵਿੰਦਰ ਸਿੰਘ ਝੋਟਾ ਦੇ ਕਤਲ ਅਤੇ ਨਸ਼ਾ ਮਾਫ਼ੀਆ ਖ਼ਿਲਾਫ਼ ਕੈਬਨਿਟ ਮੰਤਰੀ ਈ.ਟੀ.ਓ. ਦੀ ਰਿਹਾਇਸ਼ ਬਾਹਰ KMSC ਦਾ ਧਰਨਾ; ਆਰ-ਪਾਰ ਦੀ ਲੜਾਈ ਦਾ ਐਲਾਨ

ਦੇਖੋ ਸਫ਼ਾ 30 'ਤੇ

ਬਦੀ 'ਤੇ ਨੇਕੀ ਦੀ ਜਿੱਤ ਦਾ ਸੰਦੇਸ਼

ਗੁਰੂ ਨਗਰੀ ਦੇ ਇਤਿਹਾਸਕ ਮੈਦਾਨਾਂ 'ਚ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਪੁਤਲੇ ਸਾੜਨ ਤੋਂ ਪਹਿਲਾਂ ਲੰਕਾ ਦਹਿਨ ਅਤੇ ਯੁੱਧ ਦੀਆਂ ਜੀਵੰਤ ਝਾਕੀਆਂ ਦਾ ਪ੍ਰਦਰਸ਼ਨ; ਸੁਰੱਖਿਆ ਦੇ ਸਖ਼ਤ ਪ੍ਰਬੰਧ

ਅੰਮ੍ਰਿਤਸਰ (ਸਾਡੇ ਲੋਕ ਬਿਊਰੋ): ਗੁਰੂ ਨਗਰੀ ਅੰਮ੍ਰਿਤਸਰ ਵਿੱਚ ਅਧਰਮ 'ਤੇ ਧਰਮ ਅਤੇ ਬਦੀ 'ਤੇ ਨੇਕੀ ਦੀ ਜਿੱਤ ਦਾ ਪ੍ਰਤੀਕ 'ਵਿਜੇਦਸ਼ਮੀ' (ਦੁਸਹਿਰਾ) ਪੂਰੇ ਧਾਰਮਿਕ

ਉਤਸ਼ਾਹ ਅਤੇ ਰਵਾਇਤੀ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਸ਼ਹਿਰ ਦੇ ਪ੍ਰਮੁੱਖ ਦੁਸਹਿਰਾ ਮੈਦਾਨਾਂ ਵਿੱਚ ਹਿੰਦੂ ਪੌਰਾਣਿਕ ਵੇਸ਼ਭੂਸ਼ਾ ਅਤੇ ਪਾਰੰਪਰਕ ਸਰੂਪਾਂ ਵਿੱਚ ਸਜੇ ਸਥਾਨਕ ਕਲਾਕਾਰਾਂ ਨੇ ਰਾਮ-ਰਾਵਣ ਯੁੱਧ, ਲਕਸ਼ਮਣ ਮੂਰਛਾ ਅਤੇ ਬਾਲੀ-ਸੁਗਰੀਵ ਮਿਲਨ ਦੀਆਂ ਜੀਵੰਤ ਝਾਕੀਆਂ ਪੇਸ਼ ਕਰਕੇ ਹਜ਼ਾਰਾਂ ਦੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਨੂੰ ਕੀਲ ਲਿਆ।

ਭਗਵਾਨ ਸ੍ਰੀ ਰਾਮ, ਮਾਤਾ ਸੀਤਾ, ਲਕਸ਼ਮਣ, ਹਨੂੰਮਾਨ ਜੀ ਅਤੇ ਦੂਜੇ ਪਾਸੇ ਰਾਵਣ, ਕੁੰਭਕਰਨ ਤੇ ਮੇਘਨਾਦ ਦੇ ਕਿਰਦਾਰਾਂ ਵਿੱਚ ਕਲਾਕਾਰਾਂ ਨੇ ਸੰਵਾਦਾਂ ਅਤੇ ਤਲਵਾਰਬਾਜ਼ੀ ਦੇ ਜੌਹਰ ਦਿਖਾਉਂਦਿਆਂ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ। ਪੁਤਲੇ ਫੂਕਣ ਦੀ ਰਸਮ ਤੋਂ ਪਹਿਲਾਂ ਮੈਦਾਨ ਵਿੱਚ ਕੱਢੀਆਂ ਗਈਆਂ ਸ਼ੋਭਾ ਯਾਤਰਾਵਾਂ ਦੌਰਾਨ ਪੂਰਾ ਮਾਹੌਲ ÷ਜੈ ਸ਼੍ਰੀ ਰਾਮ÷ ਦੇ ਜੈਕਾਰਿਆਂ

(ਬਾਕੀ ਸਫ਼ਾ 31 'ਤੇ)

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸ਼ਹੀਦ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਦੁੱਖ ਸਾਂਝਾ

ਨਸ਼ਾ ਤਸਕਰਾਂ ਤੇ ਗੈਂਗਸਟਰ ਗੱਠਜੋੜ ਖ਼ਿਲਾਫ਼ ਸਖ਼ਤ ਜਾਂਚ ਦਾ ਭਰੋਸਾ

ਪੰਜਾਬ 'ਚ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਸਮਾਜਿਕ ਕਾਰਕੁੰਨ ਦੇ ਬੇਰਹਿਮ ਕਤਲ ਮਗਰੋਂ ਕੇਂਦਰ ਦੀ ਵੱਡੀ ਦਖ਼ਲਅੰਦਾਜ਼ੀ; ਪਰਿਵਾਰ ਨੂੰ ਇਨਸਾਫ਼ ਅਤੇ ਕੇਂਦਰੀ ਸੁਰੱਖਿਆ/ਏਜੰਸੀ ਜਾਂਚ ਦੀ ਸੰਭਾਵਨਾ

ਮਾਨਸਾ : ਪੰਜਾਬ ਅੰਦਰ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦੇ ਨੈੱਟਵਰਕ ਵਿਰੁੱਧ ਜ਼ਮੀਨੀ ਪੱਧਰ 'ਤੇ ਲੋਕ ਲਹਿਰ ਖੜ੍ਹੀ ਕਰਨ ਵਾਲੇ ਪ੍ਰਮੁੱਖ ਐਂਟੀ-ਡਰੱਗ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੇ ਗੋਲੀਆਂ ਮਾਰ ਕੇ ਕੀਤੇ ਗਏ ਬੇਰਹਿਮ ਕਤਲ ਮਗਰੋਂ

(ਦੇਖੋ ਸਫ਼ਾ 23 'ਤੇ)

ਦੇਸ਼ 'ਚ ਸ਼ਰਾਬਬੰਦੀ ਤੇ ਨਸ਼ਾ ਵਿਰੋਧੀ ਕਾਨੂੰਨ, ਪਰ ਪੰਜਾਬ ਅੰਦਰ ਚਿੱਟੇ ਤੇ ਜ਼ਹਿਰੀਲੀ ਸ਼ਰਾਬ ਦਾ ਕਹਿਰ

ਇੱਕ ਪਾਸੇ ਗੁਜਰਾਤ ਦੀ ਧਰਤੀ 'ਤੇ ਕਾਨੂੰਨ ਦੀ ਹਕੂਮਤ ਦਿਖਾਉਣ ਲਈ ਕਰੋੜਾਂ ਰੁਪਏ ਦੀ ਸ਼ਰਾਬ ਉੱਤੇ ਸਰਕਾਰੀ ਰੋਡ ਰੋਲਰ ਫੇਰ ਦਿੱਤੇ ਜਾਂਦੇ ਹਨ, ਪਰ ਦੂਜੇ ਪਾਸੇ ਪੰਜ ਦਰਿਆਵਾਂ ਦੇ ਵਾਰਿਸ ਪੰਜਾਬ ਵਿੱਚ ਸਰਕਾਰੀ ਖ਼ਜ਼ਾਨੇ ਭਰਨ ਦੀ ਹਵਸ ਅਤੇ ਨਾਜਾਇਜ਼ ਸਿੰਡੀਕੇਟਾਂ ਦੀ ਸਰਪ੍ਰਸਤੀ ਨੇ ਘਰ-ਘਰ ਸੱਥਰ ਵਿਛਾ ਦਿੱਤੇ ਹਨ। ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਦਾ ਮਾਮਲਾ ਨਹੀਂ, ਸਗੋਂ ਸਰਹੱਦ ਪਾਰੋਂ ਡਿੱਗਦੇ ਸਿੰਥੈਟਿਕ ਚਿੱਟੇ, ਪਿੰਡਾਂ ਵਿੱਚ ਚੱਲਦੀਆਂ ਨਕਲੀ ਕੈਮੀਕਲ ਡਿਸਟਿਲਰੀਆਂ ਅਤੇ ਨਸ਼ਿਆਂ ਖ਼ਿਲਾਫ਼ ਬੋਲਣ ਵਾਲੇ ਨੌਜਵਾਨਾਂ ਦੇ ਦਿਨ-ਦਿਹਾੜੇ ਕਤਲਾਂ ਵਿਚਕਾਰ ਘੜੀ ਗਈ ਇੱਕ ਯੋਜਨਾਬੱਧ ਸਮਾਜਿਕ ਤਬਾਹੀ ਹੈ। ਜਦੋਂ ਨਸ਼ਾ ਤਸਕਰਾਂ ਦੀਆਂ ਗੋਲੀਆਂ ਸਮਾਜਿਕ ਚੇਤਨਾ ਦੀਆਂ ਆਵਾਜ਼ਾਂ ਨੂੰ ਚੁੱਪ ਕਰਵਾਉਣ ਲੱਗ ਜਾਣ ਅਤੇ ਸੱਤਾ ਮਾਲੀਏ ਦੀਆਂ ਗਿਣਤੀਆਂ-ਮਿਣਤੀਆਂ ਵਿੱਚ ਉਲਝੀ ਰਹੇ, ਤਾਂ ਚੁੱਪ ਰਹਿਣਾ ਸਭ ਤੋਂ ਵੱਡਾ ਗੁਨਾਹ ਬਣ ਜਾਂਦਾ ਹੈ। 'ਸਾਡੇ ਲੋਕ' ਦਾ ਇਹ ਵਿਸ਼ੇਸ਼ ਸੰਪਾਦਕੀ ਸਿਰਫ਼ ਖ਼ਬਰਾਂ ਦਾ ਸੰਗ੍ਰਹਿ ਨਹੀਂ, ਸਗੋਂ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਹਰ ਸੰਵੇਦਨਸ਼ੀਲ ਨਾਗਰਿਕ ਦੇ ਜ਼ਮੀਰ ਨੂੰ ਝੰਜੋੜਦੀ ਇੱਕ ਵੰਗਾਰ ਹੈ।

- ਸਤਨਾਮ ਸਿੰਘ ਖ਼ਾਲਸਾ

(ਦੇਖੋ ਸਫ਼ਾ 20 'ਤੇ)

ਬੇਅ ਏਰੀਆ ਕਮਿਊਨਿਟੀ ਵੱਲੋਂ ਫਰੀਮਾਂਟ ਵਿਖੇ ਪ੍ਰਭਾਵਸ਼ਾਲੀ 'ਮੀਟ ਐਂਡ ਗ੍ਰੀਟ' ਸਮਾਗਮ

ਮੇਲਿਸਾ ਹਰਨੈਂਡੇਜ਼ ਨੇ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਹੱਕਾਂ ਲਈ ਡੱਟ ਕੇ ਖੜ੍ਹਨ ਦਾ ਦਿੱਤਾ ਭਰੋਸਾ

ਇਸ ਵਾਰ ਪਿਛਲੇ ਲੰਬੇ ਸਮੇ ਤੋਂ ਕਮਿਊਨਟੀ ਦੀ ਦੋਸਤ ਅਤੇ ਚਟਾਨ ਵਾਂਗ ਸਿੱਖਾਂ ਨਾਲ ਖੜ੍ਹੀ ਮੇਲਿਸਾ ਹਰਨੈਂਡੇਜ਼ ਦੀ ਜਿੱਤ ਯਕੀਨੀ : ਸ. ਬਲਕਾਰ ਸਿੰਘ (ਰਾਇਲ ਸਕੂਨ) ਬੈਂਸ ਗਾਰਡਨ

ਫਰੀਮਾਂਟ, ਕੈਲੀਫੋਰਨੀਆ: ਬੇਅ ਏਰੀਆ ਵਿੱਚ ਆਪਸੀ ਭਾਈਚਾਰਕ ਸਾਂਝ, ਏਕਤਾ ਅਤੇ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਸਕੂਨ ਰੈਸਟੋਰੈਂਟ (ਫਰੀਮਾਂਟ) ਵਿਖੇ ਇੱਕ ਵਿਸ਼ੇਸ਼ 'ਮੀਟ ਐਂਡ ਗ੍ਰੀਟ' ਪ੍ਰੋਗਰਾਮ ਕਰਵਾਇਆ ਗਿਆ। ਇਹ ਸਮਾਗਮ ਬਿਜਨਸ ਟਾਈਕੂਨ ਸ.ਬਲਕਾਰ ਸਿੰਘ ਤਾਂਬਰ ਬੈਂਸ ਗਾਰਡਨ, (ਰਾਇਲ ਸਕੂਨ), ਸਕੂਨ) ਚੇਨ ਦੇ ਮਾਲਕ, ਕਮਿਸ਼ਨਰ ਟੀਜੇ ਧਾਮੀ ਅਤੇ ਡਾਇਮੰਡ ਕਲੱਬ ਬੇਅ ਏਰੀਆ ਦੇ ਸਾਂਝੇ ਯਤਨਾਂ ਸਦਕਾ ਮੰਗਲਵਾਰ, 13 ਅਕਤੂਬਰ ਨੂੰ ਆਯੋਜਿਤ ਹੋਇਆ, ਜਿਸ ਵਿੱਚ ਭਾਈਚਾਰੇ ਦੇ ਆਗੂਆਂ, ਕਾਰੋਬਾਰੀਆਂ ਅਤੇ ਪਤਵੰਤੇ ਸੱਜਣਾਂ ਨੇ ਭਰਵੀਂ

(ਦੇਖੋ ਸਫ਼ਾ 24-25 'ਤੇ)

Bhatia & Co, Inc
Certified Public Accountants
Our Services : AICPA
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and; Other Categories of nonimmigrant visas
Other Immigrantion Services: Citizenship; e-Verify,1-9 and; Other Compliance Other service ·B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096220 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਪੋਲੀਟੀਕਲ ਅਸਾਈਲਮ • Political Asylum
Deportation of Defense • BIA Appeal
9 Circuit Court • Federal Court
ਗਰੀਨਕਾਰਡ • ਸਿਟੀਜਨਸ਼ਿਪ
Green Card • Citizenship
ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
Divorce • Civil and Criminal Cases
Family Petition Immigration
Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

Valley Real Estate Center

Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਅਮਰੀਕਾ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਬੇਹੱਦ ਨੇੜੇ : ਰੂਬੀਓ

ਵਾਸ਼ਿੰਗਟਨ : ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਅਮਰੀਕਾ ਭਾਰਤ ਨਾਲ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੇ ਬੇਹੱਦ ਨੇੜੇ ਹੈ। ਉਨ੍ਹਾਂ ਦੇ ਬਿਆਨ ਤੋਂ ਸੰਕੇਤ ਮਿਲਦਾ ਹੈ ਕਿ ਰੂਸੀ ਤੇਲ ਦੀ ਖ਼ਰੀਦ 'ਤੇ ਟੈਰਿਫ ਤੋਂ ਦਿੱਤੀ ਗਈ ਛੋਟ ਦਾ ਸਬੰਧ ਵੀ ਇਸ ਫ਼ੈਸਲੇ ਨਾਲ ਹੈ।

ਉਜ਼ਬੇਕਿਸਤਾਨ ਦੇ ਸਮਰਕੰਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੂਬੀਓ ਨੇ ਕਿਹਾ ਕਿ ਅਸੀਂ ਇਸ ਸਮੇਂ ਭਾਰਤ ਨਾਲ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਇਸ ਨੂੰ ਸਿਰੇ ਚਾੜ੍ਹਨ ਦੇ ਬੇਹੱਦ ਨੇੜੇ ਹਾਂ। ਇਸ ਲਈ ਇਹ ਉਨ੍ਹਾਂ ਗੱਲਾਂ 'ਚੋਂ ਇਕ ਹੈ, ਜਿਨ੍ਹਾਂ ਨੂੰ ਰਾਸ਼ਟਰਪਤੀ ਕੌਮੀ ਸੁਰੱਖਿਆ ਦੇ ਆਧਾਰ 'ਤੇ ਟੈਰਿਫ ਤੋਂ ਛੋਟ ਦੇਣ ਵਰਗੇ ਫ਼ੈਸਲੇ ਲੈਂਦੇ ਸਮੇਂ ਧਿਆਨ 'ਚ ਰੱਖਦੇ ਹਨ। ਰੂਬੀਓ ਭਾਰਤ ਦੇ ਦੌਰੇ 'ਤੇ ਆਉਣਗੇ ਤੇ ਮੁੰਬਈ 'ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਮੁਲਾਕਾਤ ਕਰਨਗੇ। ਇਸ ਦੌਰਾਨ ਊਰਜਾ, ਵਪਾਰ, ਰੱਖਿਆ, ਅਹਿਮ ਤੇ ਉੱਭਰ ਰਹੀਆਂ ਤਕਨਾਲੋਜੀਆਂ ਸਮੇਤ ਦੁਵੱਲੇ ਸਹਿਯੋਗ ਦੇ ਕਈ ਅਹਿਮ ਮੁੱਦਿਆਂ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ। ਰੂਬੀਓ ਨੇ ਰੂਸ ਤੋਂ ਤੇਲ ਖ਼ਰੀਦਣਾ ਜਾਰੀ ਰੱਖਣ ਸਬੰਧੀ ਭਾਰਤ ਦੀਆਂ ਮਜਬੂਰੀਆਂ ਨੂੰ ਵੀ ਸਵੀਕਾਰ ਕਰਦੇ ਹੋਏ ਕਿਹਾ ਕਿ ਕਿਸੇ ਇਕ ਮੁੱਦੇ ਕਾਰਨ ਦੂਜੇ ਦੇਸ਼ਾਂ ਦੀ ਅਰਥਵਿਵਸਥਾ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ। ਸਤੰਬਰ 'ਚ ਅਮਰੀਕਾ ਵਲੋਂ ਰੂਸ ਤੇ ਈਰਾਨ 'ਤੇ ਪਾਬੰਦੀਆਂ ਲਾਉਣ ਸਬੰਧੀ ਕਾਨੂੰਨ ਪਾਸ ਕੀਤੇ ਜਾਣ ਤੋਂ ਬਾਅਦ ਇਹ ਮੁੱਦਾ ਰੂਬੀਓ ਅਤੇ ਜੈਸ਼ੰਕਰ ਵਿਚਾਲੇ ਗੱਲਬਾਤ ਦਾ ਅਹਿਮ ਹਿੱਸਾ ਰਿਹਾ ਹੈ। ਰੂਬੀਓ ਨੇ ਕਿਹਾ ਕਿ ਹਰੇਕ ਦੇਸ਼ ਨੂੰ ਭੂਗੋਲਿਕ ਸਥਿਤੀ ਸਮੇਤ ਕਈ ਗੁੰਝਲਦਾਰ ਕਾਰਕਾਂ ਨੂੰ ਧਿਆਨ 'ਚ ਰੱਖਣਾ ਪੈਂਦਾ ਹੈ। ਕੁਝ ਦੇਸ਼ਾਂ ਲਈ ਊਰਜਾ ਦੇ ਬਦਲਵੇਂ ਸਰੋਤਾਂ ਤੱਕ ਪਹੁੰਚ ਬਣਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਕੋਈ ਬਹਾਨਾ ਨਹੀਂ ਹੈ, ਪਰ ਵਿਦੇਸ਼ ਨੀਤੀ ਬਣਾਉਂਦੇ ਸਮੇਂ ਇਨ੍ਹਾਂ ਸਾਰੇ ਕਾਰਕਾਂ ਵਿਚਾਲੇ ਸੰਤੁਲਨ ਬਣਾਉਣਾ ਜ਼ਰੂਰੀ ਹੈ। ਅਮਰੀਕਾ ਦੀ ਵਿਦੇਸ਼ ਨੀਤੀ 'ਚ ਰੂਸ-ਯੂਕਰੇਨ ਜੰਗ ਨੂੰ ਧਿਆਨ 'ਚ ਰੱਖਿਆ ਜਾਂਦਾ ਹੈ, ਪਰ ਨੀਤੀ ਸਿਰਫ਼ ਇਸੇ ਮੁੱਦੇ ਤੱਕ ਸੀਮਤ ਨਹੀਂ ਹੈ। ਹੋਰਨਾਂ ਦੇਸ਼ਾਂ ਨਾਲ ਦੁਵੱਲੇ ਸਬੰਧਾਂ ਤੇ ਉਨ੍ਹਾਂ ਦੀਆਂ ਊਰਜਾ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਨੂੰ ਵੀ ਧਿਆਨ 'ਚ ਰੱਖਣਾ ਪੈਂਦਾ ਹੈ। ਸਮਝਿਆ ਜਾਂਦਾ ਹੈ ਕਿ ਜੈਸ਼ੰਕਰ ਨੇ ਰੂਬੀਓ ਨੂੰ ਦੱਸਿਆ ਹੈ ਕਿ ਭਾਰਤ ਦੀਆਂ ਤੇਲ ਰਿਫਾਇਨਰੀਆਂ ਮੁੱਖ ਤੌਰ 'ਤੇ ਦਰਮਿਆਨੇ ਦਰਜੇ ਦੇ ਸਲਫਰ ਵਾਲੇ ਕੱਚੇ ਤੇਲ ਦੀ ਪ੍ਰੋਸੈਸਿੰਗ ਲਈ ਤਿਆਰ ਕੀਤੀਆਂ ਗਈਆਂ ਹਨ। ਇਸ ਕਿਸਮ ਦਾ ਤੇਲ ਮੱਧ ਪੂਰਬ ਦੇ ਦੇਸ਼ਾਂ ਤੇ ਰੂਸ ਤੋਂ ਮਿਲਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਵੈਨੇਜ਼ੁਏਲਾ ਤੋਂ ਭਾਰੀ ਦਰਜੇ ਦਾ ਕੱਚਾ ਤੇਲ ਮਿਲਦਾ ਹੈ ਜਦਕਿ ਅਮਰੀਕਾ ਤੋਂ ਹਲਕੇ ਦਰਜੇ ਦਾ ਤੇਲ ਸਪਲਾਈ ਹੁੰਦਾ ਹੈ। ਭਾਰਤੀ ਰਿਫਾਇਨਰੀਆਂ 'ਚ ਵਰਤੋਂ ਤੋਂ ਪਹਿਲਾਂ ਅਮਰੀਕੀ ਤੇਲ ਨੂੰ ਹੋਰ ਕਿਸਮ ਦੇ ਤੇਲ ਨਾਲ ਮਿਲਾਉਣ ਦੀ ਲੋੜ ਪੈ ਸਕਦੀ ਹੈ।

ਲਾਪਤਾ ਪਤਨੀ ਦੀ ਝੂਠੀ ਰਿਪੋਰਟ ਲਿਖਾ ਕੇ ਸੈਕਰਾਮੈਂਟੋ ਦੀ ਪੰਜਾਬੀ ਔਰਤ ਦੀ ਮਿਲੀ ਲਾਸ਼, ਪਤੀ ਗ੍ਰਿਫ਼ਤਾਰ ਤੇ ਲੱਗੇ ਮੌਤ ਦੇ ਦੋਸ਼

ਨਿਊਯਾਰਕ/ਸੈਕਰਾਮੈਂਟੋ, (ਰਾਜ ਗੋਗਨਾ) : ਕਾਊਂਟੀ ਸ਼ੈਰਿਫ਼ ਦੇ ਕਤਲ ਜਾਸੂਸਾਂ ਨੇ ਇੱਕ ਆਦਮੀ ਨੂੰ ਆਪਣੀ ਪਤਨੀ ਦੇ ਕਤਲ ਦੇ ਸ਼ੱਕ ਦੇ ਵਿੱਚ ਗ੍ਰਿਫ਼ਤਾਰ ਕੀਤਾ ਹੈ, ਜਿਸਦੀ ਐਲ ਡੋਰਾਡੋ ਕਾਊਂਟੀ ਵਿੱਚ ਉਸ ਦੀ ਸੜੀ ਹੋਈ ਲਾਸ਼ ਮਿਲਣ ਤੋਂ ਪਹਿਲਾਂ ਪੁਲਿਸ ਕੋਲ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਸੀ। 28 ਸਾਲਾ ਪੰਜਾਬੀ ਗੁਰਿੰਦਰ ਸਿੰਘ ਗਿੱਲ 'ਤੇ ਆਪਣੀ ਪਤਨੀ, 30 ਸਾਲਾ ਜੈਸਮੀਨ ਗਿੱਲ, ਨੂੰ ਮਾਰਨ ਦਾ ਦੋਸ਼ ਸੀ, ਜਿਸ ਨੂੰ ਆਖਰੀ ਵਾਰ 30 ਸਤੰਬਰ ਨੂੰ ਜ਼ਿੰਦਾ ਦੇਖਿਆ ਗਿਆ ਸੀ। ਕੈਲੀਫੋਰਨੀਆ ਰਾਜ ਦੀ ਸੈਕਰਾਮੈਂਟੋ ਸੁਪੀਰੀਅਰ ਕੋਰਟ ਦੇ ਰਿਕਾਰਡਾਂ ਤੋਂ ਪਤਾ ਚੱਲਿਆ ਹੈ ਕਿ ਉਸ ਦੇ ਪਤੀ ਨੂੰ ਸ਼ੁੱਕਰਵਾਰ ਦੁਪਹਿਰ ਨੂੰ ਕਤਲ ਦੇ ਦੋਸ਼ ਵਿੱਚ ਪੇਸ਼ ਕੀਤਾ ਗਿਆ ਸੀ। ਸੈਕਰਾਮੈਂਟੋ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਤੋਂ ਸ਼ੁੱਕਰਵਾਰ ਨੂੰ ਜਾਰੀ ਇੱਕ ਨਿਊਜ਼ ਰਿਲੀਜ਼ ਦੇ ਅਨੁਸਾਰ, ਜੈਸਮੀਨ ਗਿੱਲ ਨੂੰ ਆਖਰੀ ਵਾਰ ਉਸ ਦੇ ਸੈਕਰਾਮੈਂਟੋ ਘਰ ਵਿੱਚ ਦੇਖਿਆ ਗਿਆ ਸੀ, ਅਤੇ ਉਸਦੇ ਚਚੇਰੇ ਭਰਾ ਨੇ 4 ਅਕਤੂਬਰ ਨੂੰ ਉਸਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ। ਸ਼ੈਰਿਫ਼ ਦੇ ਅਧਿਕਾਰੀਆਂ ਨੇ 9 ਅਕਤੂਬਰ ਨੂੰ ਜਨਤਾ ਨੂੰ ਵੀ ਉਸਨੂੰ ਲੱਭਣ ਵਿੱਚ ਮਦਦ ਕਰਨ ਲਈ ਕਿਹਾ ਸੀ। ਸ਼ੈਰਿਫ਼ ਦਫ਼ਤਰ ਦੇ ਅਨੁਸਾਰ, ਸ਼ੁਰੂਆਤੀ ਜਾਂਚ ਦੌਰਾਨ, ਮਾਰੀ ਗਈ ਪਤਨੀ ਦੇ ਪਤੀ ਗੁਰਿੰਦਰ ਸਿੰਘ ਗਿੱਲ ਨੇ ਦਾਅਵਾ ਕੀਤਾ ਕਿ ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਏਜੰਟਾਂ ਨੇ ਉਸ ਦੀ ਪਤਨੀ ਨੂੰ ਉਸ ਸਮੇਂ ਹਿਰਾਸਤ ਵਿੱਚ ਲੈ ਲਿਆ ਸੀ ਜਦੋਂ ਉਹ ਉਨ੍ਹਾਂ ਦੇ ਘਰ ਡਾਕ ਦੀ ਉਹ ਜਾਂਚ ਕਰ ਰਹੀ ਸੀ। ਪੁਲਿਸ ਨੇ ਗੁਰਿੰਦਰ ਸਿੰਘ ਗਿੱਲ, ਨੂੰ ਬੁੱਧਵਾਰ ਨੂੰ ਆਪਣੀ ਪਤਨੀ, ਜੈਸਮੀਨ ਗਿੱਲ, 30, ਸਾਲ ਦੇ ਕਤਲ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਦੀ ਸੜੀ ਹੋਈ ਲਾਸ਼ ਐਲ ਡੋਰਾਡੋ ਕਾਉਂਟੀ ਵਿੱਚ ਮਿਲੀ, ਸੈਕਰਾਮੈਂਟੋ ਕਾਉਂਟੀ ਸ਼ੈਰਿਫ ਦੇ ਜਾਸੂਸਾਂ ਨੇ ਕਿਹਾ ਕਿ ਗੁਰਿੰਦਰ ਸਿੰਘ ਗਿੱਲ ਨੇ ਸ਼ੁਰੂ ਵਿੱਚ ਦਾਅਵਾ ਕੀਤਾ ਸੀ ਕਿ ਆਈਸੀਈ ਦੇ ਏਜੰਟਾਂ ਨੇ ਉਸਦੀ ਪਤਨੀ ਨੂੰ ਘਰ ਤੋਂ ਬਾਹਰ ਹਿਰਾਸਤ ਵਿੱਚ ਲੈ ਲਿਆ ਹੈ। ਸੈਕਰਾਮੈਂਟੋ ਕਾਉਂਟੀ ਸ਼ੈਰਿਫ਼ ਦੇ ਜਾਸੂਸਾਂ ਨੇ ਜਦੋਂ ਆਈ.ਸੀ.ਈ ਦੇ ਨਾਲ ਸੰਪਰਕ ਕੀਤਾ, ਜਿਸਨੇ ਪੁਸ਼ਟੀ ਕੀਤੀ ਕਿ ਉਹਨਾਂ ਵੱਲੋਂ ਉਸ ਘਰ ਵਿੱਚ ਕੋਈ ਵੀ ਲਾਗੂ ਕਰਨ ਵਾਲੀ ਗਤੀਵਿਧੀ ਨਹੀਂ ਕੀਤੀ ਸੀ। ਜਾਸੂਸਾਂ ਨੂੰ ਸ਼ੱਕ ਹੋਣ ਤੋਂ ਬਾਅਦ ਵਿੱਚ ਗੁਰਿੰਦਰ ਗਿੱਲ ਦੇ ਆਪਣੀ ਪਤਨੀ ਦੇ ਲਾਪਤਾ ਹੋਣ ਬਾਰੇ ਦਿੱਤੇ ਝੂਠੇ ਬਿਆਨਾਂ ਵਿੱਚ ਪੂਰੀ ਸ਼ੱਕ ਪੈਣ ਤੇ ਗ੍ਰਿਫਤਾਰ ਕਰਕੇ ਜੇਲ 'ਚ ਬੰਦ ਕਰ ਦਿੱਤਾ ਹੈ। ਸ਼ੈਰਿਫ਼ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਜੋੜਾ ਤਲਾਕ ਅਤੇ ਬੱਚਿਆਂ ਦੀ ਹਿਰਾਸਤ ਦੇ ਚੱਲ ਰਹੇ ਵਿਵਾਦ ਵਿੱਚ ਸ਼ਾਮਲ ਸੀ। ਅਤੇ 1 ਅਕਤੂਬਰ ਨੂੰ, ਜੈਸਮੀਨ ਗਿੱਲ ਦੇ ਲਾਪਤਾ ਹੋਣ ਦੀ ਰਿਪੋਰਟ ਤੋਂ ਤਿੰਨ ਦਿਨ ਪਹਿਲਾਂ, ਅਧਿਕਾਰੀਆਂ ਨੂੰ ਐਲ ਡੋਰਾਡੋ ਕਾਉਂਟੀ ਵਿੱਚ ਸੜੀ ਹੋਈ ਮਨੁੱਖੀ ਲਾਸ਼ ਮਿਲੀ। ਸ਼ੈਰਿਫ਼ ਦੇ ਅਧਿਕਾਰੀਆਂ ਨੇ ਕਿਹਾ ਕਿ ਜਿਸ ਦੀ ਪਛਾਣ ਬਾਅਦ 'ਚ ਉਸ ਦੀ ਪਤਨੀ ਜੈਸਮੀਨ ਗਿੱਲ ਦੇ ਵਜੋਂ ਕੀਤੀ ਗਈ। ਜਾਸੂਸਾਂ ਨੇ ਗੁਰਿੰਦਰ ਗਿੱਲ 'ਤੇ ਕਤਲ ਦਾ ਦੋਸ਼ ਲਗਾਉਂਦੇ ਹੋਏ ਗ੍ਰਿਫ਼ਤਾਰੀ ਵਾਰੰਟ ਪ੍ਰਾਪਤ ਕੀਤਾ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜੋ ਸੈਕਰਾਮੈਂਟੋ ਕਾਉਂਟੀ ਮੇਨ ਜੇਲ੍ਹ ਵਿੱਚ ਬੰਦ ਕਰ ਦਿੱਤਾ। ਅਤੇ ਉਸ ਜੋ ਬਿਨਾਂ ਜ਼ਮਾਨਤ ਦੇ ਜੇਲ੍ਹ ਵਿੱਚ ਨਜ਼ਰਬੰਦ ਹੈ। ਗੁਰਿੰਦਰ ਸਿੰਘ ਗਿੱਲ ਨਾਲ ਜੁੜੇ ਦੋ ਘਰਾਂ 'ਤੇ ਸਰਚ ਵਾਰੰਟ ਵੀ ਜਾਰੀ ਕੀਤੇ। ਸ਼ੈਰਿਫ਼ ਦਫ਼ਤਰ ਨੇ ਇਹ ਨਹੀਂ ਦੱਸਿਆ ਕਿ ਜਾਂਚਕਰਤਾਵਾਂ ਨੂੰ ਦੋਵਾਂ ਜਾਇਦਾਦਾਂ 'ਤੇ ਕੋਈ ਸਬੂਤ ਮਿਲਿਆ ਹੈ ਜਾਂ ਨਹੀਂ।



ਇਸ ਵਾਰ ਬਹੁਤ ਵੱਖਰਾ ਹੋਵੇਗਾ ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰ ਸਮਝੌਤਾ : ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਇੱਕ ਵਪਾਰ ਸਮਝੌਤਾ ਕਰਨ ਦੇ ਬਹੁਤ ਨੇੜੇ ਹਨ ਅਤੇ ਇਹ ਸਮਝੌਤਾ ਪਿਛਲੇ ਸਮਝੌਤਿਆਂ ਤੋਂ ਬਹੁਤ ਵੱਖਰਾ ਹੋਵੇਗਾ। ਟਰੰਪ ਨੇ ਮੰਗਲਵਾਰ ਨੂੰ ਓਵਲ ਆਫਿਸ (ਅਮਰੀਕੀ ਰਾਸ਼ਟਰਪਤੀ ਦਾ ਅਧਿਕਾਰਤ ਦਫਤਰ) ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਭਾਰਤ ਅਤੇ ਅਮਰੀਕਾ ਇੱਕ ਵਪਾਰ ਸਮਝੌਤਾ ਕਰਨ ਦੇ ਕਾਫੀ ਨੇੜੇ ਪਹੁੰਚ ਗਏ ਹਨ। ਇਸ ਸਬੰਧ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ, ਟਰੰਪ ਨੇ ਕਿਹਾ, 'ਉਹ (ਭਾਰਤ) ਇੱਕ ਸਮਝੌਤਾ ਕਰਨਾ ਚਾਹੁੰਦੇ ਹਨ। ਅਸੀਂ ਸਮਝੌਤਾ ਕਰਾਂਗੇ। ਹਾਂ, ਅਸੀਂ ਇਸਦੇ ਬਹੁਤ ਨੇੜੇ ਹਾਂ।' ਰਾਸ਼ਟਰਪਤੀ ਨੇ ਕਿਹਾ, 'ਇਹ ਸਮਝੌਤਾ ਸਾਡੇ ਹੁਣ ਤੱਕ ਹੋਏ ਕਿਸੇ ਵੀ ਸਮਝੌਤੇ ਤੋਂ ਬਹੁਤ ਵੱਖਰਾ ਹੋਵੇਗਾ।'



ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਆਪਣੀ ਭਾਰਤ ਫੇਰੀ ਦੌਰਾਨ ਵਪਾਰ, ਊਰਜਾ, ਤਕਨਾਲੋਜੀ, ਰੱਖਿਆ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧਾਂ ਵਰਗੇ ਖੇਤਰਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਵਣਜ ਮੰਤਰੀ ਪਿਊਸ਼ ਗੋਇਲ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਵਪਾਰ ਸਮਝੌਤੇ ਦੀਆਂ ਬਰੀਕਿਆਂ 'ਤੇ ਚਰਚਾ ਕਰਨ ਲਈ ਮਿਲਵਾਕੀ ਅਤੇ ਵਾਸ਼ਿੰਗਟਨ ਵਿੱਚ ਅਮਰੀਕੀ ਵਪਾਰ ਪ੍ਰਤੀਨਿਧੀ ਜੈਮੀਸਨ ਗ੍ਰੀਰ ਨਾਲ ਮੁਲਾਕਾਤ ਕੀਤੀ ਸੀ। ਭਾਰਤ ਅਤੇ ਅਮਰੀਕਾ ਨੇ ਫਰਵਰੀ ਵਿੱਚ ਐਲਾਨ ਕੀਤਾ ਸੀ ਕਿ ਉਨ੍ਹਾਂ ਨੇ ਦੁਵੱਲੇ ਵਪਾਰ ਸਮਝੌਤੇ (BTA) ਦੇ ਪਹਿਲੇ ਪੜਾਅ ਲਈ ਢਾਂਚਾ ਅੰਤਿਮ ਰੂਪ ਦੇ ਦਿੱਤਾ ਹੈ। ਹਾਲਾਂਕਿ, ਅਮਰੀਕਾ ਵਿੱਚ ਟੈਰਿਫ ਨੀਤੀਆਂ ਵਿੱਚ ਬਦਲਾਅ ਕਾਰਨ ਇਸ ਸਮਝੌਤੇ 'ਤੇ ਹੋਰ ਗੱਲਬਾਤ ਵੀ ਕਰਨ ਪਈ।

ਅਮਰੀਕਾ ਦੀ ਜੇਲ੍ਹ 'ਚ ਬੈਠ ਕੇ ਬਜ਼ੁਰਗਾਂ ਨਾਲ ਠੱਗੀ ਮਾਰਦਾ ਰਿਹਾ ਭਾਰਤੀ ਨਾਗਰਿਕ

ਨਿਊਯਾਰਕ : ਅਮਰੀਕਾ ਵਿਚ ਜੇਲ੍ਹ ਦੀ ਸਜ਼ਾ ਕੱਟ ਰਹੇ 32 ਸਾਲਾ ਭਾਰਤੀ ਨਾਗਰਿਕ ਸੁਮਿਤ ਕੁਮਾਰ ਸਿੰਘ ਨੇ ਬਜ਼ੁਰਗਾਂ ਨਾਲ ਧੋਖਾਧੜੀ ਕਰਨ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦਾ ਜੁਰਮ ਕਬੂਲ ਕਰ ਲਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਉਹ ਪਹਿਲਾਂ ਵੀ ਬਜ਼ੁਰਗਾਂ ਨਾਲ ਡਾਕ ਰਾਹੀਂ ਠੱਗੀ ਮਾਰਨ ਦੇ ਮਾਮਲੇ ਵਿਚ ਸਜ਼ਾ ਕੱਟ ਰਿਹਾ ਸੀ ਪਰ ਜੇਲ੍ਹ ਅੰਦਰੋਂ ਹੀ ਉਸ ਨੇ ਮੁੜ ਇਸੇ ਤਰ੍ਹਾਂ ਦੀ ਧੋਖਾਧੜੀ ਵਿਚ ਹਿੱਸਾ ਲਿਆ। ਅਮਰੀਕੀ ਨਿਆਂ ਵਿਭਾਗ ਮੁਤਾਬਕ ਸੁਮਿਤ ਨੇ ਸਾਲ 2025 ਵਿਚ ਜੇਲ੍ਹ ਅੰਦਰ ਗੈਰ-ਕਾਨੂੰਨੀ ਢੰਗ ਨਾਲ ਮੋਬਾਈਲ ਫ਼ੋਨ ਹਾਸਲ ਕੀਤਾ ਅਤੇ ਉਸ ਰਾਹੀਂ ਠੱਗੀ ਕਰਨ ਵਾਲੇ ਹੋਰ ਲੋਕਾਂ ਨਾਲ ਸੰਪਰਕ ਬਣਾਈ ਰੱਖਿਆ। ਇਹ ਲੋਕ ਆਪਣੇ ਆਪ ਨੂੰ 'ਪੋਪਾਲ' ਦੇ ਨੁਮਾਇੰਦੇ ਜਾਂ ਸੰਘੀ ਸਰਕਾਰੀ ਅਧਿਕਾਰੀ ਦੱਸ ਕੇ ਬਜ਼ੁਰਗਾਂ ਤੋਂ ਪੈਸੇ ਮੰਗਦੇ ਸਨ। ਪੀੜਤਾਂ ਨੂੰ ਭਰੋਸਾ ਦਿੱਤਾ ਜਾਂਦਾ ਸੀ ਕਿ ਉਨ੍ਹਾਂ ਦੀ ਰਕਮ ਬਾਅਦ ਵਿਚ ਵਾਪਸ ਕਰ ਦਿੱਤੀ ਜਾਵੇਗੀ। ਇਸੇ ਸਾਜ਼ਿਸ਼ ਦੌਰਾਨ ਨੌਰਥ ਡਕੋਟਾ ਦੀ 93 ਸਾਲਾ ਔਰਤ ਨੂੰ 45 ਹਜ਼ਾਰ ਡਾਲਰ ਦਾ ਚੈੱਕ ਡਾਕ ਰਾਹੀਂ ਭੇਜਣ ਲਈ ਕਿਹਾ ਗਿਆ। ਠੱਗਾਂ ਨੇ ਉਸ ਨੂੰ ਝੂਠਾ ਭਰੋਸਾ ਦਿੱਤਾ ਕਿ ਅਮਰੀਕੀ ਅਟਾਰਨੀ ਜਨਰਲ ਪੈਮ ਬੌਂਡੀ ਉਸ ਦਾ ਨਵਾਂ ਪਛਾਣ ਪੱਤਰ ਬਣਵਾਉਣ ਅਤੇ ਪੈਸੇ ਵਾਪਸ ਦਿਵਾਉਣ ਵਿਚ ਮਦਦ ਕਰਨਗੇ। ਜਾਂਚ ਵਿਚ ਸਾਹਮਣੇ ਆਇਆ ਕਿ ਸੁਮਿਤ ਨੇ ਜੇਲ੍ਹ ਵਿਚੋਂ ਹੀ ਭਾਰਤ ਦੇ ਇਕ ਫ਼ੋਨ ਨੰਬਰ 'ਤੇ ਸੁਨੇਹੇ ਭੇਜੇ ਸਨ। ਇਨ੍ਹਾਂ ਵਿਚ ਟੈਕਸਾਸ ਦੇ ਐਡਿਨਬਰਗ ਸ਼ਹਿਰ ਵਿਚ ਪੀੜਤ ਔਰਤ ਦਾ ਚੈੱਕ ਬੈਂਕ ਵਿਚ ਜਮ੍ਹਾਂ ਹੋਣ ਦੀ ਰਸੀਦ ਦੀ ਤਸਵੀਰ ਵੀ ਸ਼ਾਮਿਲ ਸੀ। ਹਿਊਸਟਨ ਦੀ ਸੰਘੀ ਅਦਾਲਤ ਦੇ ਜੱਜ ਜਾਰਜ ਸੀ. ਹੈਕਸ ਜੂਨੀਅਰ ਨੇ ਸੁਮਿਤ ਵਲੋਂ ਜੁਰਮ ਕਬੂਲ ਕਰਨ ਨੂੰ ਮਨਜ਼ੂਰ ਕਰਦਿਆਂ ਸਜ਼ਾ ਸੁਣਾਉਣ ਲਈ 21 ਦਸੰਬਰ ਦੀ ਤਰੀਕ ਤੈਅ ਕੀਤੀ ਹੈ। ਉਸ ਨੂੰ ਵੱਧ ਤੋਂ ਵੱਧ ਪੰਜ ਸਾਲ ਦੀ ਕੈਦ ਅਤੇ 2 ਲੱਖ 50 ਹਜ਼ਾਰ ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ। ਫਿਲਹਾਲ ਸੁਮਿਤ ਹਿਰਾਸਤ ਵਿਚ ਹੈ ਅਤੇ ਸਜ਼ਾ ਸੁਣਾਏ ਜਾਣ ਤੱਕ ਜੇਲ੍ਹ ਵਿਚ ਹੀ ਰਹੇਗਾ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

U-22 ਸਿੰਘਾਂ ਦੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲਿਆਂ ਵਿੱਚ ਮਨਦੀਪ ਸਿੰਘ ਬਣਿਆ ਚੈਂਪੀਅਨ ਤੇ ਬੀਬੀਆਂ ਵਿੱਚੋਂ ਜਸਜੋਤ ਕੌਰ ਨੇ ਜਿੱਤ ਆਪਣੇ ਨਾਂ ਦਰਜ ਕਰਾਈ

ਗੁਰੂ ਸਾਹਿਬਾਨਾਂ ਵਲੋਂ ਵਰੋਸਾਈ ਗੱਤਕਾ ਖੇਡ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਦੇ ਉਪਰਾਲਿਆ ਦੀ ਲੋੜ : ਕਲਵਿੰਦਰ ਸਿੰਘ ਫਰੀਜਨੋ, ਡਾ. ਦੀਪ ਸਿੰਘ

ਨਿਊਯਾਰਕ : ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਅਮਰੀਕਾ ਵਿੱਚ ਚੋਥੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖਾਲਸਾਈ ਜਾਹੋ-ਜਲਾਲ ਨਾਲ ''ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ'', 222-28-95 ਅਵੈਨਿਊ, ਕੁਇਨਜ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਗਈ। ਚੈਂਪੀਅਨਸ਼ਿਪ ਵਿੱਚ ਕੌਰ ਅਤੇ ਸਿੰਘਾਂ ਦੀ ਵੱਖ-ਵੱਖ ਉਮਰ ਵਰਗ ਵਿੱਚ ਸੈਂਕੜੇ ਖਿਡਾਰੀਆ ਨੇ ਭਾਰ ਲਿਆ।ਜਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਚੌਥੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਵਿੱਚ ਜੋਤੂ ਟੀਮਾਂ ਤੇ ਖਿਡਾਰੀਆਂ ਅਤੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪ੍ਰਬੰਧਕਾਂ ਵਲੋਂ ਉਚੇਚੀ ਵਧਾਈ ਦਿੱਤੀ ਗਈ। ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰਧਾਨ ਅਤੇ ਵਿਸ਼ਵ ਗੱਤਕਾ ਫੇਡਰੇਸ਼ਨ ਦੇ ਚੇਅਰਮੈਨ ਸ. ਕਲਵਿੰਦਰ ਸਿੰਘ ਫਰੀਜਨੋ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੇਡਰੇਸ਼ਨ ਵਲੋਂ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਇਸ ਸਾਲ ਦੇ ਨੈਸ਼ਨਲ ਗੱਤਕਾ ਮੁਕਾਬਲੇ ਇਸ ਕਰਕੇ ਵੀ ਖਾਸ ਨੇ ਕਿਉਂਕਿ ਇਸ ਸਾਲ ਬੀਬੀਆਂ ਦੀ ਸ਼ਮੂਲੀਅਤ ਪਿਛਲੇ ਸਾਲ ਨਾਲੋਂ ਕਿਤੇ ਜਿਆਦਾ ਸੀ।

ਸਿੰਗਲ ਸੋਟੀ ਸਿੰਘਾਂ ਦੇ 22 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਮਨਦੀਪ ਸਿੰਘ ਸਿੰਘ ਨਿਊਯਾਰਕ ਨੇ ਪਹਿਲੇ, ਦੂਜੇ ਗੁਰਪ੍ਰੀਤ ਸਿੰਘ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਤੇ ਸੁਪ੍ਰੀਤ ਸਿੰਘ-ਗੱਤਕਾ ਅਖਾੜਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਲੋਂ ਖੇਡਦਿਆਂ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ 22 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆ ਦੌਰਾਨ ਜਸਜੋਤ ਕੌਰ ਨਿਊਯਾਰਕ ਗੱਤਕਾ ਐਸੋਸੀਏਸ਼ਨ ਨੇ ਪਹਿਲੇ, ਅੰਸ਼ਜੋਤ ਕੌਰ ਨਿਊਯਾਰਕ ਗੱਤਕਾ ਐਸੋਸੀਏਸ਼ਨ ਨੇ ਦੂਜੇ ਤੇ ਸਿਮਰਨ ਕੌਰ ਨਿਊਯਾਰਕ ਨੇ ਤੀਜੇ ਸਥਾਨ ਲਈ ਆਪਣੀ ਜਗ੍ਹਾਂ ਬਣਾਈ।

ਉਮਰ ਵਰਗ 18 ਸਾਲ ਸਿੰਘਾਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਗੁਰਨਮਨ ਸਿੰਘ ਪੈਨਸਲਵੇਨੀਆ ਗੱਤਕਾ ਐਸੋਸੀਏਸ਼ਨ, ਦੂਜਾ ਸਥਾਨ ਮਨਪ੍ਰੀਤ ਸਿੰਘ ਅਕਾਲ ਗੱਤਕਾ ਗੁਰਮਤਿ ਗਰੁੱਪ, ਨਿਓਯਾਰਕ ਅਤੇ ਨਵਜੋਤ ਸਿੰਘ-ਨਿਊਯਾਰਕ ਨੇ ਤੀਜੇ ਸਥਾਨ ਲਈ ਆਪਣੀ ਜਿੱਤ ਦਰਜ ਕਰਵਾਈ। ਉਮਰ ਵਰਗ 18 ਸਾਲ ਬੀਬੀਆਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਬੀਬੀ ਸੋਨਮਪ੍ਰੀਤ ਕੌਰ -ਗੁਰੂ ਹਰਗੋਬਿੰਦ ਸਾਹਿਬ ਗੱਤਕਾ ਅਖਾੜਾ,ਦੂਜਾ ਸਥਾਨ ਬੀਬੀ ਸੀਰਤ ਕੌਰ- ਪੈਨਸਲਵੇਨੀਆ ਗੱਤਕਾ ਐਸੋਸੀਏਸ਼ਨ ਅਤੇ ਹਰਨਿੱਧ ਕੌਰ ਨਿਓਯਾਰਕ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਿਲ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਜਿੱਥੇ ਸੀਰਤ ਕੌਰ ਨਿਓਯਾਰਕ, ਤੀਜਾ ਸਥਾਨ ਹਾਸਿਲ ਕੀਤਾ ਉੱਥੇ ਹੀ ਸਿੰਘਾਂ ਦੇ ਮੁਕਾਬਲੇ ਵਿੱਚ, ਪੂਨੀਤ ਸਿੰਘ, ਹਰਜਸ ਸਿੰਘ ਬੋਸਟਨ ਦੋਵੇਂ ਗੱਤਕਾ ਅਖਾੜਾ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਤੀਜੇ ਸਥਾਨ ਲਈ ਹਰਜਸ ਸਿੰਘ ਬਨਵੈਤ ਬਾਸਟਨ ਨੇ ਆਪਣੀ ਜਗਾ ਬਣਾਈ।

ਜੱਜਮੈਂਟ ਅਤੇ ਰੈਫਰੀ ਕੌਸ਼ਲ ਦੀ ਅਗਵਾਈ ਸ ਲਵਪ੍ਰੀਤ ਸਿੰਘ ''ਅਮਨ'' ਸਾਸਕਾਟੂਨ, ਕਰਨਵੀਰ ਸਿੰਘ ਮਾਲਟਨ ਦੋਵੇਂ ਕਨੈਡਾ, ਬੀਬਾ ਜਸਪ੍ਰੀਤ ਕੌਰ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਕਰਨਸ਼ੇਰ ਸਿੰਘ ਪੈਨਸਲਵੇਨੀਆ, ਸੁਜਾਨ ਸਿੰਘ ਬੁੱਢਾ ਦਲ ਨਿਓਯਾਰਕ ਸੀਨੀਅਰ ਰੈਫਰੀ, ਜਸਕੀਰਤ ਸਿੰਘ ਕੋਚ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਅਤੇ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਓਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਕਬੀਰ ਸਿੰਘ ਅਤੇ ਮਨਦੀਪ ਸਿੰਘ ਨਿਊਜਰਸੀ, ਭਾਈ ਜੁਗਜੀਤ ਸਿੰਘ ਅਤੇ ਸਰਬਜੀਤ ਸਿੰਘ ਦਮਦਮੀ ਟਕਸਾਲ, ਜਸਵੇਦ ਸਿੰਘ ਕੋਚ ਨਿਊਯਾਰਕ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ ਸਤਿੰਦਰਪਾਲ ਸਿੰਘ ਅਤੇ ਨਿਹੰਗ ਹਰਿੰਦਰ ਸਿੰਘ ਤੇ ਪ੍ਰਭਦੀਪ ਸਿੰਘ ਆਦਿ ਵਲੋਂ ਕੀਤੀ ਗਈ।

ਸਿੰਘ ਕੈਟਾਗਰੀ ਵਿੱਚ ਅਨਾਹਦ ਸਿੰਘ ਕੈਨਸਸ ਨੂੰ ਅਤੇ ਕੌਰਜ ਕੈਟਾਗਰੀ ਵਿੱਚ ਗੁਰਨੂਰ ਕੌਰ ਨਾਰਥ ਕੈਰੋਲੀਨਾ ਨੂੰ ਫੇਅਰ ਪਲੇ ਐਵਾਰਡ ਅਤੇ ਨਾਰਥ ਕੈਰੋਲੀਨਾ ਦੀ ਸਮੁੱਚੀ ਟੀਮ ਨੂੰ ਫੇਅਰ ਪਲੇ ਟੀਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬੈਸਟ ਇਮਰਜਿੰਗ ਖਿਡਾਰੀ ਵਜੋਂ ਉਮਰ ਵਰਗ ਅਮਡਰ 22 ਵਿੱਚ ਮਨਜੋਤ ਸਿੰਘ ਅਤੇ ਅਚਰਜ ਕੌਰ ਨਾਰਥ ਕੈਰੋਲੀਨਾ ਨੇ ਐਵਾਰਡ ਪ੍ਰਾਪਤ ਕੀਤਾ। ਬੈਸਟ ਟੀਮ ਐਵਾਰਡ ਗੱਤਕਾ ਅਖਾੜਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਐਮਰਜਿੰਗ ਟੀਮ ਐਵਾਰਡ ਗੁਰੂ ਹਰਗੋਬਿੰਦ ਸਾਹਿਬ ਗੱਤਕਾ ਅਖਾੜਾ ਬਾਸਟਨ, ਐਮ.ਏ. ਅਤੇ ਐਮ.ਵੀ.ਪੀ. ਟੀਮ ਐਵਾਰਡ ਕਲਗੀਧਰ ਗੱਤਕਾ ਅਖਾੜਾ ਪਲੇਨਵਿਊ ਨੇ ਪ੍ਰਾਪਤ ਕੀਤਾ।

ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਦੇ ਇਨਾਮ ਵੰਡ ਪ੍ਰੋਗਰਾਮ ਦੌਰਾਨ ਕਲਵਿੰਦਰ ਸਿੰਘ ਕੈਲੀਫੋਰਨੀਆ, ਜਥੇਦਾਰ ਭਗਤ ਸਿੰਘ ਪੈਨਸਲਵੇਨੀਆ ਡੇਕਵਾਲਾ, ਭਾਈ ਹਿੰਮਤ ਸਿੰਘ ਕੁਆਰਡੀਨੇਟਰ-ਵਰਲਡ ਸਿੰਘ ਪਾਰਲੀਮੈਂਟ, ਡਾ. ਅਵਤਾਰ ਸਿੰਘ ਟੀਨਾ ਅਤੇ ਸਤਿਨਾਮ ਸਿੰਘ ਪਰਹਾਰ, ਡਾ. ਸੁਨੀਲ ਕਨਵਰ ਸਿੰਘ ਪੈਨਸਲਵੇਨੀਆ ਡਾ. ਹਰਪ੍ਰੀਤ ਕੌਰ ਕੁਮੈਂਟੇਟਰ, ਸ.ਮੋਨੀਦੰਰ ਸਿੰਘ ਡਾਇਰੈਕਟਰ ਯੂਨਾਈਟਿਡ ਸਿੱਖ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਭਾਈ ਰਜਿੰਦਰ ਸਿੰਘ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ, ਪ੍ਰਿਤਪਾਲ ਸਿੰਘ- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਭਾਈ ਦਲੇਰ ਸਿੰਘ ਗੁਰਦੁਆਰਾ ਬਾਬਾ ਮੱਖਣਸ਼ਾਹ ਲੁਬਾਣਾ ਸਿੰਘ ਸੈਂਟਰ, ਭਾਈ ਹਿਰਦੈਪਾਲ ਸਿੰਘ ਇਲੈਕਸ਼ਨ ਕਮੀਸ਼ਨਗਰ ਤੇ ਗੁਰਤੇਜ ਸਿੰਘ ਧੰਜੂ ਲੰਗਰ ਇੰਚਾਰਜ, ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਹਰਮਿੰਦਰ ਸਿੰਘ ਆਹਲੂਵਾਲੀਆ ਵਲੋਂ-ਵਰਲਡ ਸਿੱਖ ਪਾਰਲੀਮੈਂਟ, ਸ. ਬਲਵਿੰਦਰ ਸਿੰਘ ਸਾਬਕਾ ਪ੍ਰਧਾਨ ਤੇ ਜਿੰਦਰ ਸਿੰਘ ਮੁੱਖ ਸੇਵਾਦਾਰ ਤੇ ਸੈਕਟਰੀ ਸ. ਮੱਖਣ ਸਿੰਘ ਵਲੋਂ ਗੁਰਦੁਆਰਾ ਦਿ ਸਿੱਖ ਸੈਂਟਰ ਫਲਸਿੰਗ ਅਤੇ ਸਮੂਹ ਮੈਂਬਰਾਨ, ਭਾਈ (ਡਾ.) ਬਲਵਿੰਦਰ ਸਿੰਘ ਹੈਡ ਗ੍ਰੰਥੀ ਤੇ ਗੁਰਮੇਲ ਸਿੰਘ ਸੈਕਟਰੀ, ਚਰਨਜੀਤ ਸਿੰਘ ਸਮਰਾ ਅਤੇ ਸਮੂਹ ਪ੍ਰਬੰਧਕ ਕਮੇਟੀ ਦਿ ਸਿੱਖ ਸੈਂਟਰ ਆਫ ਨਿਊਯਾਰਕ, ਸ. ਸੁਰਜੀਤ ਸਿੰਘ ਕਲਹਾਰ-ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ), ਗੁਰਦੀਪ ਸਿੰਘ ਭੱਟੀ ਚੈਅਰਮੈਨ ਬਾਬਾ ਨਿਧਾਨ ਸਿੰਘ ਸੇਵਾ ਸੋਸਾਇਟੀ ਨਿਊਯਾਰਕ, ਸਮਰਾਟ ਸਿੰਘ ਗੁਲਾਟੀ ਵਲੋਂ ਗੁਰਦੁਆਰਾ ਗੁਰੂ ਨਾਨਕ ਗੁਰਦੁਆਰਾ ਲੌਂਗ ਆਇਰਲੈਂਡ ਹਿੱਕਸਵਿਲ, ਡਾ. ਮਰੀਅਮ ਬੇਗਮ ਤੇ ਅਮਨਦੀਪ ਸਿੰਘ ਦੋਵੇਂ ਦੇਸੀ ਸੋਸਾਇਟੀ ਐਨ.ਵਾਈ.ਪੀ.ਡੀ. ਤੇ ਸਮੂਹ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਵਧਾਈ ਵੀ ਦਿੱਤੀ ਗਈ।

ਭਾਰਤੀ ਮੂਲ ਦੇ ਦੋ ਅਮਰੀਕੀ ਸੰਸਦ ਮੈਂਬਰਾਂ ਸਮੇਤ ਕਈਆਂ ਨੂੰ ਮਿਲੀਆਂ ਸ਼ੱਕੀ ਚਿੱਠੀਆਂ ਤੇ ਪੈਕੇਟ

ਨਿਊਯਾਰਕ : ਅਮਰੀਕਾ ਦੇ ਇਲੀਨੋਇਸ ਸੂਬੇ ਦੇ ਸ਼ਿਕਾਗੋ ਇਲਾਕੇ ਵਿਚ ਭਾਰਤੀ ਮੂਲ ਦੇ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਸਮੇਤ ਪੰਜ ਸੰਸਦ ਮੈਂਬਰਾਂ ਦੇ ਦਫ਼ਤਰਾਂ ਵਿਚ ਸ਼ੱਕੀ ਚਿੱਠੀਆਂ ਅਤੇ ਪੈਕੇਟ ਪਹੁੰਚਣ ਨਾਲ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ। ਕੁਝ ਚਿੱਠੀਆਂ ਵਿਚ ਧਮਕੀਆਂ ਅਤੇ ਅਣਪਛਾਤੇ ਪਦਾਰਥ ਮਿਲਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਸੇ ਤਰ੍ਹਾਂ

ਦੀ ਸ਼ੱਕੀ ਡਾਕ ਦੇਸ਼ ਦੇ ਹੋਰ ਸੰਸਦ ਮੈਂਬਰਾਂ ਅਤੇ ਚੋਣ ਦਫ਼ਤਰਾਂ ਨੂੰ ਵੀ ਭੇਜੀ ਗਈ ਹੈ। ਸ਼ਿਕਾਗੋ ਇਲਾਕੇ ਵਿਚ ਸ਼ੱਕੀ ਡਾਕ ਪ੍ਰਾਪਤ ਕਰਨ ਵਾਲਿਆਂ ਵਿਚ ਰਾਜਾ ਕ੍ਰਿਸ਼ਨਾਮੂਰਤੀ, ਰੌਬਿਨ ਕੈਲੀ, ਮਾਈਕ ਕੁਇਗਲੀ, ਜੈਨ ਸ਼ਾਕੋਵਸਕੀ ਅਤੇ ਬ੍ਰੈਡ ਸ਼ਨਾਈਡਰ ਸ਼ਾਮਿਲ ਹਨ। ਇਸ ਤੋਂ ਇਲਾਵਾ ਵਾਸ਼ਿੰਗਟਨ ਸੂਬੇ ਤੋਂ ਭਾਰਤੀ ਮੂਲ ਦੀ ਸੰਸਦ ਮੈਂਬਰ ਪ੍ਰਮਿਲਾ ਜੈਪਾਲ ਦੇ ਦਫ਼ਤਰ ਵਿਚ ਵੀ ਅਜਿਹਾ ਪੈਕੇਟ ਪਹੁੰਚਿਆ। ਜੈਪਾਲ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦਾ ਸਟਾਫ਼ ਸੁਰੱਖਿਅਤ ਹਨ। ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੈਕੇਟ ਮਿਲਣ ਤੋਂ ਬਾਅਦ ਸਥਾਨਕ ਫਾਇਰ ਵਿਭਾਗ, ਡਾਕ ਜਾਂਚ ਅਧਿਕਾਰੀਆਂ ਅਤੇ ਕੈਪੀਟਲ ਪੁਲਿਸ ਨੇ ਤੁਰੰਤ ਕਾਰਵਾਈ ਕਰਕੇ ਇਸ ਨੂੰ ਸੁਰੱਖਿਅਤ ਢੰਗ ਨਾਲ ਹਟਾ ਦਿੱਤਾ। ਉਨ੍ਹਾਂ ਚੋਣਾਂ ਤੋਂ ਪਹਿਲਾਂ ਲੋਕਾਂ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਡਰਾਉਣ-ਧਮਕਾਉਣ ਦੀਆਂ ਕੋਸ਼ਿਸ਼ਾਂ ਦੀ ਨਿੰਦਾ ਕੀਤੀ।ਬ੍ਰੈਡ ਸ਼ਨਾਈਡਰ ਦੇ ਦਫ਼ਤਰ ਨੂੰ ਮਿਲੀ ਚਿੱਠੀ ਵਿਚ ਵੀ ਸ਼ੱਕੀ ਪਦਾਰਥ ਸੀ ਪਰ ਜਾਂਚ ਵਿਚ ਉਹ ਨੁਕਸਾਨਦੇਹ ਨਹੀਂ ਪਾਇਆ ਗਿਆ। ਹੁਣ ਤੱਕ ਇਨ੍ਹਾਂ ਘਟਨਾਵਾਂ ਵਿਚ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ। ਜਾਂਚ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਅਜਿਹੀਆਂ 100 ਤੋਂ ਵੱਧ ਚਿੱਠੀਆਂ ਅਮਰੀਕੀ ਡਾਕ ਪ੍ਰਣਾਲੀ ਵਿਚ ਹੋ ਸਕਦੀਆਂ ਹਨ। ਐੱਫ.ਬੀ.ਆਈ., ਅਮਰੀਕੀ ਡਾਕ ਜਾਂਚ ਸੇਵਾ ਅਤੇ ਕੈਪੀਟਲ ਪੁਲਿਸ ਮਿਲ ਕੇ ਇਨ੍ਹਾਂ ਨੂੰ ਭੇਜਣ ਵਾਲਿਆਂ ਦੀ ਪਛਾਣ ਕਰਨ ਵਿਚ ਜੁਟੀਆਂ ਹੋਈਆਂ ਹਨ। ਅਧਿਕਾਰੀ ਇਹ ਵੀ ਪਤਾ ਲਗਾ ਰਹੇ ਹਨ ਕਿ ਕੀ ਸਾਰੇ ਮਾਮਲੇ ਆਪਸ ਵਿਚ ਜੁੜੇ ਹੋਏ ਹਨ। ਅਮਰੀਕਾ ਵਿਚ ਮੱਧਕਾਲੀ ਚੋਣਾਂ ਨੇੜੇ ਹੋਣ ਕਾਰਨ ਇਨ੍ਹਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਸਰਕਾਰੀ ਤੇ ਚੋਣ ਦਫ਼ਤਰਾਂ ਦੀ ਸੁਰੱਖਿਆ ਉੱਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ।

ਭਾਰਤੀ ਸਮਾਜਿਕ ਕਾਰਕੁਨ ਰੀਮਾ ਨਾਨਾਵਤੀ 'ਹਿਲੇਰੀ ਰੋਧਮ ਕਲਿੰਟਨ ਪੁਰਸਕਾਰ' ਨਾਲ ਸਨਮਾਨਿਤ

ਵਾਸ਼ਿੰਗਟਨ : ਭਾਰਤੀ ਸਮਾਜਿਕ ਕਾਰਕੁਨ ਰੀਮਾ ਨਾਨਾਵਤੀ ਨੂੰ ਹਿਲੇਰੀ ਰੋਧਮ ਕਲਿੰਟਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜੋ ਸ਼ਾਂਤੀ ਅਤੇ ਸੁਰੱਖਿਆ ਲਈ ਕੰਮ ਕਰਨ ਵਾਲੇ ਨੇਤਾਵਾਂ ਦੇ ਸਨਮਾਨ ਵਿੱਚ ਦਿੱਤਾ ਜਾਂਦਾ ਹੈ। ਸਵੈ-ਰੁਜ਼ਗਾਰ ਮਹਿਲਾ ਐਸੋਸੀਏਸ਼ਨ ਆਫ ਇੰਡੀਆ (SEWA) ਦੀ ਡਾਇਰੈਕਟਰ, ਨਾਨਾਵਤੀ ਨੂੰ ਜਾਰਜਟਾਊਨ ਇੰਸਟੀਚਿਊਟ ਫਾਰ ਵੂਮੈਨ, ਪੀਸ ਐਂਡ ਸਿਕਿਓਰਿਟੀ ਵਿਖੇ ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਇਹ ਪੁਰਸਕਾਰ ਦਿੱਤਾ। ਨਾਨਾਵਤੀ ਦੀ ਅਗਵਾਈ ਹੇਠ, SEWA ਭਾਰਤ ਵਿੱਚ ਗੈਰ-ਰਸਮੀ ਕਾਮਿਆਂ ਦੀ ਸਭ ਤੋਂ ਵੱਡੀ ਯੂਨੀਅਨ ਬਣ ਗਈ ਹੈ। ਉਹ ਊਰਜਾ, ਖੇਤੀਬਾੜੀ ਕਾਰੋਬਾਰ, ਫੂਡ ਪ੍ਰੋਸੈਸਿੰਗ, ਰਹਿੰਦ-ਖੂੰਹਦ ਰੀਸਾਈਕਲਿੰਗ ਅਤੇ ਟੈਕਸਟਾਈਲ ਉਦਯੋਗ ਵਰਗੇ ਖੇਤਰਾਂ ਵਿੱਚ ਔਰਤਾਂ ਦੀ ਮਲਕੀਅਤ ਵਾਲੇ ਉੱਦਮਾਂ ਅਤੇ ਔਰਤਾਂ ਦੀ ਅਗਵਾਈ ਵਾਲੀ ਸਪਲਾਈ ਚੇਨਾਂ ਦੀ ਸਿਰਜਣਾ ਰਾਹੀਂ ਔਰਤਾਂ ਦੇ ਆਰਥਿਕ ਸਸ਼ਕਤੀਕਰਨ 'ਤੇ ਕੇਂਦ੍ਰਤ ਕਰਦੀ ਹੈ।

ਨਾਨਾਵਤੀ ਨੇ ਭੂਚਾਲ ਪ੍ਰਭਾਵਿਤ ਪੇਂਡੂ ਔਰਤਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਦੇ ਪੁਨਰ ਨਿਰਮਾਣ ਲਈ ਮਹੱਤਵਪੂਰਨ ਯਤਨਾਂ ਦੀ ਅਗਵਾਈ ਕੀਤੀ, ਨਾਲ ਹੀ ਸੰਕਟ ਪ੍ਰਭਾਵਿਤ ਅਫਗਾਨਿਸਤਾਨ ਅਤੇ ਸ਼੍ਰੀਲੰਕਾ ਵਿੱਚ ਪੁਨਰਵਾਸ ਪ੍ਰੋਗਰਾਮਾਂ ਦੀ ਅਗਵਾਈ ਕੀਤੀ।

ਉਸਨੇ SEWA ਖੁਰਾਕ ਸੁਰੱਖਿਆ ਯੋਜਨਾ ਵੀ ਸ਼ੁਰੂ ਕੀਤੀ, ਜੋ 10 ਲੱਖ ਪਰਿਵਾਰਾਂ ਨੂੰ ਲਾਭ ਪਹੁੰਚਾਉਂਦੀ ਹੈ। ਉਹ ਔਰਤਾਂ ਨੂੰ ਨਵਿਆਉਣਯੋਗ ਊਰਜਾ ਤੱਕ ਪਹੁੰਚ ਪ੍ਰਦਾਨ ਕਰਨ ਲਈ ਹਰਿਆਲੀ ਹਰੀ ਊਰਜਾ ਅਤੇ ਰੋਜ਼ੀ-ਰੋਟੀ ਪਹਿਲਕਦਮੀ ਦੀ ਵੀ ਅਗਵਾਈ ਕਰ ਰਹੀ ਹੈ।

2013 ਵਿੱਚ, ਭਾਰਤ ਸਰਕਾਰ ਨੇ ਨਾਨਾਵਤੀ ਨੂੰ ਦੇਸ਼ ਦੇ ਚੌਥੇ ਸਭ ਤੋਂ ਵੱਡੇ ਨਾਗਰਿਕ ਸਨਮਾਨ, ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ। 2026 ਦੇ ਹਿਲੇਰੀ ਰੋਡਮ ਕਲਿੰਟਨ ਪੁਰਸਕਾਰ ਦੇ ਹੋਰ ਜੇਤੂਆਂ ਵਿੱਚ ਫੈਸ਼ਨ ਡਿਜ਼ਾਈਨਰ ਅਤੇ ਟੌਰੀ ਬਰਚ ਫਾਊਂਡੇਸ਼ਨ ਦੇ ਸੰਸਥਾਪਕ, ਟੌਰੀ ਬਰਚ, ਅਤੇ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ, ਗ੍ਰਾਮੀਣ ਬੈਂਕ ਦੇ ਸੰਸਥਾਪਕ ਅਤੇ ਬੰਗਲਾਦੇਸ਼ ਸਰਕਾਰ ਦੇ ਸਾਬਕਾ ਮੁੱਖ ਸਲਾਹਕਾਰ ਸ਼ਾਮਲ ਹਨ। ਹਿਲੇਰੀ ਰੋਡਮ ਕਲਿੰਟਨ ਅਤੇ ਜਾਰਜਟਾਊਨ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਵੂਮੈਨ, ਪੀਸ ਐਂਡ ਸਿਕਿਓਰਿਟੀ (GIWPS) ਔਰਤਾਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਸਾਰਿਆਂ ਲਈ ਇੱਕ ਵਧੇਰੇ ਸ਼ਾਂਤੀਪੂ

ਓਹੀਓ ਗਵਰਨਰ ਦੀ ਚੋਣ 'ਚ ਵਿਵੇਕ ਰਾਮਾਸਵਾਮੀ ਅਤੇ ਡੈਮੋਕ੍ਰੇਟ ਐਮੀ ਐਕਟਨ ਵਿਚਕਾਰ ਨੇੜਲਾ ਮੁਕਾਬਲਾ

ਵਾਸ਼ਿੰਗਟਨ : ਓਹੀਓ ਗਵਰਨਰ ਦੀ ਚੋਣ ਵਿੱਚ ਰਿਪਬਲਿਕਨ ਉਮੀਦਵਾਰ ਵਿਵੇਕ ਰਾਮਾਸਵਾਮੀ ਅਤੇ ਡੈਮੋਕ੍ਰੇਟਿਕ ਉਮੀਦਵਾਰ ਐਮੀ ਐਕਟਨ ਵਿਚਕਾਰ ਨੇੜਲਾ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਇੱਕ ਤਾਜ਼ਾ ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ ਭਾਰਤੀ ਮੂਲ ਦੇ ਉੱਦਮੀ ਰਾਮਾਸਵਾਮੀ ਆਪਣੇ ਵਿਰੋਧੀ 'ਤੇ ਸਿਰਫ਼ ਤਿੰਨ ਪ੍ਰਤੀਸ਼ਤ ਅੰਕਾਂ ਦੀ ਬੜ੍ਹਤ ਰੱਖਦੇ ਹਨ। 41 ਸਾਲਾ ਰਾਮਾਸਵਾਮੀ, ਜਿਨ੍ਹਾਂ ਨੂੰ ਪਿਛਲੇ ਸਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਮਰਥਨ ਮਿਲਿਆ ਸੀ, ਨੇ ਓਹੀਓ ਗਵਰਨਰ ਦੀ ਦੌੜ ਇੱਕ ਮਜ਼ਬੂਤ ??ਅਤੇ ਪਸੰਦੀਦਾ ਦਾਅਵੇਦਾਰ ਵਜੋਂ ਸ਼ੁਰੂ ਕੀਤੀ ਸੀ, ਪਰ ਹੁਣ ਸਾਬਕਾ ਰਾਜ ਸਿਹਤ ਮੁਖੀ ਐਮੀ ਐਕਟਨ ਤੋਂ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਰਾਮਾਸਵਾਮੀ 3 ਨਵੰਬਰ ਦੀ ਚੋਣ ਜਿੱਤਦੇ ਹਨ, ਤਾਂ ਉਹ ਲੁਈਸਿਆਨਾ ਦੇ ਬੌਬੀ ਜਿੰਦਲ ਅਤੇ ਦੱਖਣੀ ਕੈਰੋਲੀਨਾ ਦੀ ਨਿੱਕੀ ਹੇਲੀ ਤੋਂ ਬਾਅਦ ਕਿਸੇ ਅਮਰੀਕੀ ਰਾਜ ਦੇ ਗਵਰਨਰ ਬਣਨ ਵਾਲੇ ਭਾਰਤੀ ਮੂਲ ਦੇ ਤੀਜੇ ਵਿਅਕਤੀ ਹੋਣਗੇ। ਹਾਲਾਂਕਿ, ਅਰਬਪਤੀ ਬਾਇਓਟੈਕ ਉੱਦਮੀ ਲਈ ਇਹ ਚੋਣ ਮੁਹਿੰਮ ਆਸਾਨ ਨਹੀਂ ਰਹੀ ਹੈ।

29 ਸਤੰਬਰ ਅਤੇ 5 ਅਕਤੂਬਰ ਦੇ ਵਿਚਕਾਰ ਕੀਤੇ ਗਏ ਇੱਕ CNN-SSRS ਪੋਲ ਵਿੱਚ ਐਕਟਨ ਰਾਮਾਸਵਾਮੀ ਤੋਂ ਅੱਠ ਅੰਕਾਂ ਨਾਲ ਅੱਗੇ ਦਿਖਾਈ ਦੇ ਰਿਹਾ ਹੈ। ਗੌਰਤਲਬ ਹੈ ਕਿ ਡੈਮੋਕ੍ਰੇਟਿਕ ਉਮੀਦਵਾਰ ਟੇਡ ਸਟ੍ਰਿਕਲੈਂਡ ਨੇ ਆਖਰੀ ਵਾਰ 2006 ਵਿੱਚ ਓਹੀਓ ਜਿੱਤਿਆ ਸੀ। ਇਸ ਦੇ ਉਲਟ, 27 ਸਤੰਬਰ ਅਤੇ 19 ਅਕਤੂਬਰ ਦੇ ਵਿਚਕਾਰ ਕੀਤੇ ਗਏ ਇੱਕ

ਐਕਟੀਵੋਟ ਪੋਲ ਵਿੱਚ ਰਾਮਾਸਵਾਮੀ ਨੂੰ ਐਕਟਨ 'ਤੇ ਤਿੰਨ ਅੰਕਾਂ ਦੀ ਬੜ੍ਹਤ ਦਿਖਾਈ ਗਈ ਸੀ। ਹਾਲਾਂਕਿ ਸੋਮਵਾਰ ਨੂੰ ਭਵਿੱਖਬਾਣੀ ਬਾਜ਼ਾਰਾਂ ਕਲਸ਼ੀ ਅਤੇ ਪੋਲੀਮਾਰਕੇਟ ਦੇ ਅੰਕੜਿਆਂ ਦੇ ਅਨੁਸਾਰ ਐਕਟਨ ਦੇ ਜਿੱਤਣ ਦੀ ਸੰਭਾਵਨਾ 70 ਪ੍ਰਤੀਸ਼ਤ ਹੈ, ਜਦੋਂ ਕਿ ਰਾਮਾਸਵਾਮੀ ਦੀ ਸਿਰਫ 31 ਪ੍ਰਤੀਸ਼ਤ।

9 ਅਗਸਤ, 1985 ਨੂੰ ਸਿਨਸਿਨਾਟੀ ਵਿੱਚ ਜਨਮੇ, ਰਾਮਾਸਵਾਮੀ ਦੇ ਪਰਿਵਾਰ ਦਾ ਮੂਲ ਕੇਰਲਾ ਦੇ ਪਲੱਕੜ ਤੋਂ ਹੈ, ਜਿੱਥੇ ਉਸਦੇ ਮਾਪੇ ਸੰਯੁਕਤ ਰਾਜ ਅਮਰੀਕਾ ਆ ਗਏ ਸਨ। ਓਹੀਓ ਵਿੱਚ ਵੱਡਾ ਹੋਇਆ, ਰਾਮਾਸਵਾਮੀ ਇੱਕ ਨਿਪੁੰਨ ਪਿਆਨੋਵਾਦਕ ਅਤੇ ਇੱਕ ਰਾਸ਼ਟਰੀ ਪੱਧਰ ਦਾ ਟੈਨਿਸ ਖਿਡਾਰੀ ਸੀ। 2013 ਵਿੱਚ ਯੇਲ ਲਾਅ ਸਕੂਲ ਤੋਂ ਗ੍ਰੈਜੂਏਟ ਹੋਣ ਤੱਕ ਉਹ ਕਰੋੜਪਤੀ ਬਣ ਗਿਆ ਸੀ। ਰਾਮਾਸਵਾਮੀ ਨੇ 2023 ਵਿੱਚ ਰਾਸ਼ਟਰਪਤੀ ਅਹੁਦੇ ਲਈ ਚੋਣ ਲੜਨ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ, ਪਰ ਆਇਓਵਾ ਪ੍ਰਾਇਮਰੀ ਵਿੱਚ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ, ਉਸਨੇ ਆਪਣੀ ਉਮੀਦਵਾਰੀ ਵਾਪਸ ਲੈ ਲਈ ਅਤੇ ਡੋਨਾਲਡ ਟਰੰਪ ਨੂੰ ਆਪਣਾ ਸਮਰਥਨ ਦੇ ਦਿੱਤਾ।

ਧੋਖਾਧੜੀ ਦੀ ਜਾਣਕਾਰੀ ਦੇਣ ਵਾਲੇ ਨੂੰ ਮਿਲਣਗੇ 30,000 ਡਾਲਰ! ਟਰੰਪ ਪ੍ਰਸ਼ਾਸਨ ਨੇ ਕੀਤਾ ਐਲਾਨ

ਵਾਸ਼ਿੰਗਟਨ : ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਮਤਲਬ ਇਨਸਾਫ਼ ਵਿਭਾਗ ਨੇ ਸਰਕਾਰੀ ਫੰਡਾਂ ਅਤੇ ਟੈਕਸਦਾਤਾਵਾਂ ਦੇ ਪੈਸੇ ਵਿੱਚ ਹੁੰਦੀ ਧੋਖਾਧੜੀ ਨੂੰ ਰੋਕਣ ਲਈ 2.5 ਕਰੋੜ ਡਾਲਰ (25 ਮਿਲੀਅਨ ਡਾਲਰ) ਦੇ ਵਿੱਤੀ ਫੰਡ ਨਾਲ ਇੱਕ ਨਵਾਂ 'ਵਿਸਲਬਲੋਅਰ' ਇਨਾਮੀ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਫਰੌਡ ਵਿਸਲਬਲੋਅਰ ਇਨਸੈਂਟਿਵ ਪ੍ਰੋਗਰਾਮ' (WHIP) ਨਾਂ ਦੇ ਇਸ ਪ੍ਰੋਗਰਾਮ ਤਹਿਤ ਸਰਕਾਰੀ ਪੈਸੇ ਦੀ ਹੇਰਾਫੇਰੀ ਜਾਂ ਧੋਖਾਧੜੀ ਦੀ ਭਰੋਸੇਯੋਗ ਜਾਣਕਾਰੀ ਦੇਣ ਵਾਲੇ ਵਿਅਕਤੀਆਂ ਨੂੰ 10,000 ਡਾਲਰ ਤੋਂ 30,000 ਡਾਲਰ ਤੱਕ ਦਾ ਨਕਦ ਇਨਾਮ ਦਿੱਤਾ ਜਾਵੇਗਾ।

ਇਸ ਪ੍ਰੋਗਰਾਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸੂਚਨਾ ਦੇਣ ਵਾਲੇ ਵਿਅਕਤੀ ਨੂੰ ਇਨਾਮ ਦੀ ਰਕਮ ਲਈ ਲੰਬੀ ਅਦਾਲਤੀ ਕਾਰਵਾਈ ਜਾਂ ਦੋਸ਼ੀ ਠਹਿਰਾਏ ਜਾਣ ਦਾ ਇੰਤਜ਼ਾਰ ਨਹੀਂ ਕਰਨਾ ਪਵੇਗਾ। ਸਰਕਾਰੀ ਵਕੀਲਾਂ ਵੱਲੋਂ ਅਦਾਲਤ ਵਿੱਚ ਅਪਰਾਧਿਕ ਦੋਸ਼ ਦਾਇਰ ਅਤੇ ਜਨਤਕ ਹੁੰਦਿਆਂ ਹੀ ਯੋਗ ਵਿਅਕਤੀ ਨੂੰ ਇਨਾਮ ਦਿੱਤਾ ਜਾ ਸਕੇਗਾ। ਅਮਰੀਕਾ ਦੇ ਅਟਾਰਨੀ ਜਨਰਲ ਟੈਂਡ ਬਲਾਂਚੇ ਅਨੁਸਾਰ ਇਸ ਦਾ ਮੁੱਖ ਮਕਸਦ ਲੋਕਾਂ ਨੂੰ ਗੜਬੜੀਆਂ ਖਿਲਾਫ਼ ਤੁਰੰਤ ਜਾਣਕਾਰੀ ਦੇਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਹੋਣ ਵਾਲੇ ਵਿੱਤੀ ਨੁਕਸਾਨ ਨੂੰ ਸਮੇਂ ਸਿਰ ਰੋਕਿਆ ਜਾ ਸਕੇ।

ਇਹ ਪ੍ਰੋਗਰਾਮ ਆਰੰਭਿਕ ਤੌਰ 'ਤੇ 3 ਸਾਲਾਂ ਦੇ ਪਾਇਲਟ ਪ੍ਰੋਗਰਾਮ ਵਜੋਂ ਚਲਾਇਆ ਜਾਵੇਗਾ, ਜਿਸ ਲਈ ਅਮਰੀਕੀ ਟਰੇਜ਼ਰੀ ਵਿਭਾਗ ਨੇ 2.5 ਕਰੋੜ ਡਾਲਰ ਦਾ ਬਜਟ ਦਿੱਤਾ ਹੈ। ਇਸ ਦਾ ਸੰਚਾਲਨ ਇਨਸਾਫ਼ ਵਿਭਾਗ ਦੀ 'ਨੈਸ਼ਨਲ ਫਰੌਡ ਇਨਫੋਰਸਮੈਂਟ ਡਿਵੀਜ਼ਨ' ਦੁਆਰਾ ਕੀਤਾ

ਜਾਵੇਗਾ। ਡਿਵੀਜ਼ਨ ਦੇ ਮੁਖੀ ਅਤੇ ਅਸਿਸਟੈਂਟ ਅਟਾਰਨੀ ਜਨਰਲ ਕੋਲਿਨ ਮੈਕਡੋਨਲਡ ਦੇ 1 ਅਕਤੂਬਰ ਦੇ ਨਿਰਦੇਸ਼ਾਂ ਤੋਂ ਬਾਅਦ ਇਸ ਯੋਜਨਾ ਨੂੰ ਮਾਤਰ 19 ਦਿਨਾਂ ਵਿੱਚ ਤਿਆਰ ਕੀਤਾ ਗਿਆ ਹੈ। ਇਹ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਵੱਲੋਂ ਸੰਘੀ ਪ੍ਰੋਗਰਾਮਾਂ ਵਿੱਚ ਧੋਖਾਧੜੀ ਰੋਕਣ ਦੀਆਂ ਦਿੱਤੀਆਂ ਹਦਾਇਤਾਂ ਤਹਿਤ ਚੁੱਕਿਆ ਗਿਆ ਹੈ।

ਇਨਾਮ ਹਾਸਲ ਕਰਨ ਲਈ ਮੁੱਖ ਸ਼ਰਤਾਂ ਵੀ ਰੱਖੀਆਂ ਗਈਆਂ ਹਨ। ਜਿਸ ਮੁਤਾਬਕ ਸੂਚਨਾ ਦੇਣ ਵਾਲੇ ਵਿਅਕਤੀ ਕੋਲ ਅਸਲ , ਸੱਚੇ ਅਤੇ ਪੁਖ਼ਤਾ ਸਬੂਤ ਹੋਣੇ ਚਾਹੀਦੇ ਹਨ, ਜਿਨ੍ਹਾਂ ਦੇ ਆਧਾਰ 'ਤੇ ਸਰਕਾਰੀ ਵਕੀਲ ਅਪਰਾਧਿਕ ਸ਼ਿਕਾਇਤ ਜਾਂ ਦੋਸ਼ ਪੱਤਰ ਦਾਇਰ ਕਰ ਸਕਣ। ਇਹ ਜਾਣਕਾਰੀ ਨਿੱਜੀ ਇੱਛਾ ਨਾਲ ਦਿੱਤੀ ਗਈ ਹੋਣੀ ਚਾਹੀਦੀ ਹੈ। ਧੋਖਾਧੜੀ ਦੀ ਗਤੀਵਿਧੀ ਵਿੱਚ ਆਪ ਸ਼ਾਮਲ ਰਹਿਣ ਵਾਲੇ ਵਿਅਕਤੀ ਇਸ ਇਨਾਮ ਦੇ ਹੱਕਦਾਰ ਨਹੀਂ ਹੋਣਗੇ। ਆਮ ਨਾਗਰਿਕ ਸੰਘੀ ਫਰੌਡ-ਰਿਪੋਰਟਿੰਗ ਪੋਰਟਲ ਜ਼ਰੀਏ ਆਪਣੀ ਜਾਣਕਾਰੀ ਦਰਜ ਕਰਵਾ ਸਕਦੇ ਹਨ।

ਗ੍ਰੀਨ ਕਾਰਡ ਅਰਜ਼ੀਆਂ ਦਾ ਤੁਰੰਤ ਹੋਵੇ ਨਿਪਟਾਰਾ ! 63 ਅਮਰੀਕੀ ਸੰਸਦ ਮੈਂਬਰਾਂ ਨੇ ਕੀਤੀ ਅਪੀਲ

ਵਾਸ਼ਿੰਗਟਨ : ਅਮਰੀਕਾ ਦੇ 63 ਸੰਸਦ ਮੈਂਬਰਾਂ ਨੇ ਟਰੰਪ ਪ੍ਰਸ਼ਾਸਨ ਨੂੰ ਪੱਤਰ ਲਿਖ ਕੇ ਸਰਕਾਰੀ ਵਿੱਤੀ ਸਹਾਇਤਾ ਪ੍ਰਾਪਤ ਸਿਹਤ ਸੰਭਾਲ ਸਹੂਲਤਾਂ ਗੁਆ ਰਹੇ ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰੀਨ ਕਾਰਡ ਅਰਜ਼ੀਆਂ (Form I-485) ਨੂੰ ਤੁਰੰਤ ਨਿਪਟਾਉਣ ਦੀ ਮੰਗ ਕੀਤੀ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (USCIS) ਦੇ ਡਾਇਰੈਕਟਰ ਜੋਸਫ ਬੀ. ਐਡਲੋ ਨੂੰ ਭੇਜੇ ਗਏ ਇਸ ਪੱਤਰ 'ਤੇ 14 ਅਕਤੂਬਰ ਦੀ ਮਿਤੀ ਦਰਜ ਹੈ, ਜੋ 19 ਅਕਤੂਬਰ ਨੂੰ ਜਨਤਕ ਕੀਤਾ ਗਿਆ ਹੈ।

ਇਸ ਅਪੀਲ ਦੀ ਅਗਵਾਈ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨਿਊਯਾਰਕ ਦੀ ਯਵੇਟ ਡੀ. ਕਲਾਰਕ ਅਤੇ ਅਰੀਜ਼ੋਨਾ ਦੀ ਅਡੇਲਿਤਾ ਐਸ. ਗ੍ਰੀਜਾਲਵਾ ਨੇ ਕੀਤੀ, ਜਿਨ੍ਹਾਂ ਨਾਲ ਭਾਰਤੀ-ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ, ਪ੍ਰਮਿਲਾ ਜੈਪਾਲ ਅਤੇ ਸ਼੍ਰੀ ਥਾਨੇਦਾਰ ਸਮੇਤ 61 ਹੋਰ ਸੰਸਦ ਮੈਂਬਰ ਸ਼ਾਮਲ ਹਨ।

ਸੰਸਦ ਮੈਂਬਰਾਂ ਅਨੁਸਾਰ 'ਵਨ ਬਿਗ ਬਿਊਟੀਫੁੱਲ ਬਿਲ ਐਕਟ' ਅਧੀਨ 1 ਅਕਤੂਬਰ ਤੋਂ ਲਾਗੂ ਹੋਈਆਂ ਨਵੀਆਂ ਯੋਗਤਾ ਪਾਬੰਦੀਆਂ ਕਾਰਨ ਸ਼ਰਨਾਰਥੀਆਂ, ਐਸਾਇਲਮ ਪ੍ਰਾਪਤਕਰਤਾਵਾਂ, ਘਰੇਲੂ ਹਿੰਸਾ ਅਤੇ ਮਨੁੱਖੀ ਤਸਕਰੀ ਦੇ ਪੀੜਤਾਂ ਦੀਆਂ ਸਿਹਤ ਸਹੂਲਤਾਂ ਖਤਰੇ ਵਿੱਚ ਪੈ ਗਈਆਂ ਹਨ। ਇਹ ਨਿਯਮ ਮੈਡੀਕੇਡ, ਚਿਲਡਰਨਜ਼ ਹੈਲਥ ਇੰਸ਼ੋਰੈਂਸ ਪ੍ਰੋਗਰਾਮ (CHIP), ਮੈਡੀਕੇਅਰ ਅਤੇ ਅਫੋਰਡੇਬਲ ਕੇਅਰ ਐਕਟ ਪ੍ਰੀਮੀਅਮ ਟੈਕਸ ਕ੍ਰੈਡਿਟ ਨੂੰ ਪ੍ਰਭਾਵਿਤ ਕਰ ਰਹੇ ਹਨ। ਕਾਨੂੰਨੀ ਤੌਰ 'ਤੇ ਮੌਜੂਦ ਕਈ ਪ੍ਰਵਾਸੀ ਪੱਕਾ ਨਿਵਾਸ ਅਹੁਦਾ ਮਿਲਣ ਤੋਂ ਬਾਅਦ ਸਿਹਤ ਲਾਭਾਂ ਦੇ ਹੱਕਦਾਰ ਹੋ ਜਾਣਗੇ, ਪਰ ਸਰਕਾਰੀ ਦਫ਼ਤਰਾਂ ਦੀ ਪ੍ਰਸ਼ਾਸਕੀ ਦੇਰੀ ਕਾਰਨ ਉਹ ਗ੍ਰੀਨ ਕਾਰਡ ਦੀ

ਉਡੀਕ ਵਿੱਚ ਫਸੇ ਹੋਏ ਹਨ ਅਤੇ ਆਪਣਾ ਸਿਹਤ ਬੀਮਾ ਗੁਆ ਰਹੇ ਹਨ।

2.81 ਲੱਖ ਪ੍ਰਵਾਸੀ ਪ੍ਰਭਾਵਿਤ;

ਅੰਕੜਿਆਂ ਅਨੁਸਾਰ ਅਮਰੀਕਾ ਦੇ 9 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਵਿੱਚ 2,81,000 ਤੋਂ ਵੱਧ ਕਾਨੂੰਨੀ ਪ੍ਰਵਾਸੀ 1 ਅਕਤੂਬਰ ਤੋਂ ਮੈਡੀਕੇਡ ਕਵਰੇਜ ਖਤਮ ਹੋਣ ਦੇ ਖਤਰੇ ਦਾ ਸਾਹਮਣਾ ਕਰ ਰਹੇ ਹਨ। ਕਾਂਗਰੈਸ਼ਨਲ ਬਜਟ ਦਫ਼ਤਰ ਦੇ ਅਨੁਮਾਨ ਮੁਤਾਬਕ 2034 ਤੱਕ ਸਿਹਤ ਪਾਬੰਦੀਆਂ ਕਾਰਨ ਦੇਸ਼ ਭਰ ਵਿੱਚ 14 ਲੱਖ ਕਾਨੂੰਨੀ ਪ੍ਰਵਾਸੀ ਬਿਨਾਂ ਸਿਹਤ ਬੀਮੇ ਦੇ ਹੋ ਸਕਦੇ ਹਨ। ਪੱਤਰ ਵਿੱਚ ਅਰੀਜ਼ੋਨਾ ਦੀ ਇੱਕ ਔਰਤ ਦੀ ਉਦਾਹਰਨ ਦਿੱਤੀ ਗਈ ਹੈ, ਜੋ ਸਟੇਜ-4 ਦੇ ਮੈਟਾਸਟੈਟਿਕ ਬ੍ਰੈਸਟ ਕੈਂਸਰ ਤੋਂ ਪੀੜਤ ਹੈ ਅਤੇ ਉਸ ਦੀ ਇਲਾਜ ਲਈ ਕੀਮੋਥੈਰੇਪੀ ਚੱਲ ਰਹੀ ਹੈ। ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਮੌਜੂਦ ਹੋਣ ਦੇ ਬਾਵਜੂਦ ਗ੍ਰੀਨ ਕਾਰਡ ਅਰਜ਼ੀ ਲੰਬਿਤ ਹੋਣ ਕਾਰਨ ਉਸ ਦੀ ਮੈਡੀਕੇਡ ਕਵਰੇਜ 1 ਅਕਤੂਬਰ ਨੂੰ ਰੱਦ ਹੋ ਗਈ। ਇਸ ਤੋਂ ਇਲਾਵਾ ਮਿਰਗੀ ਤੋਂ ਪੀੜਤ 9 ਸਾਲਾ ਬੱਚੇ ਸਮੇਤ ਅਰੀਜ਼ੋਨਾ ਦੇ 20,000 ਤੋਂ ਵੱਧ ਪ੍ਰਵਾਸੀ ਅਤੇ ਸ਼ਰਨਾਰਥੀ ਇਸ ਸੰਕਟ ਦੀ ਹਜ਼ਦ ਵਿੱਚ ਹਨ।

ਸੰਸਦ ਮੈਂਬਰਾਂ ਨੇ USCIS ਤੋਂ ਹੇਠ ਲਿਖੇ ਤਿੰਨ ਕਦਮ ਚੁੱਕਣ ਦੀ ਮੰਗ ਕੀਤੀ :

-ਸਿਹਤ ਕਵਰੇਜ ਖਤਮ ਹੋਣ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਦੁਆਰਾ ਦਾਇਰ ਕੀਤੀਆਂ Form I-485 ਅਰਜ਼ੀਆਂ ਲਈ ਐਮਰਜੈਂਸੀ ਤੇਜ਼ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ।

-ਮੌਜੂਦਾ ਤੇਜ਼ ਪ੍ਰਕਿਰਿਆ ਦੇ ਮਾਪਦੰਡਾਂ ਨੂੰ ਸਪੱਸ਼ਟ ਕੀਤਾ ਜਾਵੇ।

-ਸੈਂਟਰਜ਼ ਫਾਰ ਮੈਡੀਕੇਅਰ ਐਂਡ ਮੈਡੀਕੇਡ ਸਰਵਿਸਿਜ਼ (CMS) ਅਤੇ ਰਾਜ ਏਜੰਸੀਆਂ ਨਾਲ ਤਾਲਮੇਲ ਕਰਕੇ ਸਿਹਤ ਕਵਰੇਜ ਰੱਦ ਕਰਨ ਦੀ ਪ੍ਰਕਿਰਿਆ ਨੂੰ ਮੁਲਤਵੀ ਕਰਨ ਦੀਆਂ ਹਦਾਇਤਾਂ ਦਿੱਤੀਆਂ ਜਾਣ। ਪੱਤਰ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਅਫ਼ਸਰਸ਼ਾਹੀ ਦੀ ਦੇਰੀ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਰੁਕਾਵਟ ਨਹੀਂ ਬਣਨੀ ਚਾਹੀਦੀ। ਫਿਲਹਾਲ ਪੱਤਰ ਤੋਂ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ USCIS ਨੇ ਇਨ੍ਹਾਂ ਅਰਜ਼ੀਆਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਕੋਈ ਸਹਿਮਤੀ ਦਿੱਤੀ ਹੈ ਜਾਂ ਨਹੀਂ।

ਰੂਬੀਓ ਤੇ ਜੈਸ਼ੰਕਰ ਵਲੋਂ ਊਰਜਾ ਸੁਰੱਖਿਆ ਅਤੇ ਰੱਖਿਆ ਸੰਬੰਧਾਂ 'ਤੇ ਚਰਚਾ ਤਿੰਨ ਦਿਨਾ ਭਾਰਤ ਦੌਰੇ ਲਈ ਮੁੰਬਈ ਪਹੁੰਚੇ ਅਮਰੀਕੀ ਵਿਦੇਸ਼ ਮੰਤਰੀ

ਮੁੰਬਈ/ਨਵੀਂ ਦਿੱਲੀ : ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਤੇ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਮੰਗਲਵਾਰ ਨੂੰ ਕਈ ਅਹਿਮ ਮੁੱਦਿਆਂ 'ਤੇ ਗੱਲਬਾਤ ਕੀਤੀ। ਇਸ ਗੱਲਬਾਤ ਦਾ ਮੁੱਖ ਧਿਆਨ ਊਰਜਾ ਤੇ ਰੱਖਿਆ ਦੇ ਖੇਤਰਾਂ 'ਚ ਸਹਿਯੋਗ ਵਧਾਉਣ 'ਤੇ ਰਿਹਾ। ਇਹ ਮੀਟਿੰਗ ਅਜਿਹੇ ਸਮੇਂ ਹੋਈ ਹੈ, ਜਦੋਂ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਤਣਾਅ ਜਾਰੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਤਿੰਨ ਦਿਨਾਂ ਦੇ ਭਾਰਤ ਦੌਰੇ ਲਈ ਮੁੰਬਈ ਪਹੁੰਚੇ ਸਨ। ਵਿਦੇਸ਼ ਮੰਤਰੀ ਬਣਨ ਤੋਂ ਬਾਅਦ ਇਹ ਉਨ੍ਹਾਂ ਦਾ ਭਾਰਤ ਦਾ ਦੂਜਾ ਦੌਰਾ ਹੈ। ਇਸ ਤੋਂ ਪਹਿਲਾਂ ਉਹ ਲਗਭਗ ਪੰਜ ਮਹੀਨੇ ਪਹਿਲਾਂ ਭਾਰਤ ਆਏ ਸਨ। ਜੈਸ਼ੰਕਰ ਨਾਲ ਮੀਟਿੰਗ ਤੋਂ ਪਹਿਲਾਂ ਰੂਬੀਓ ਨੇ ਮੁੰਬਈ ਦੇ ਤਾਜ ਯਾਦਗਾਰੀ ਸਥਾਨ ਦਾ ਦੌਰਾ ਕੀਤਾ। ਉਨ੍ਹਾਂ ਨੇ 26/11 ਦੇ ਭਿਆਨਕ ਮੁੰਬਈ ਅੱਤਵਾਦੀ ਹਮਲਿਆਂ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਫੁੱਲਾਂ ਦੀ ਮਾਲਾ ਭੇਟ ਕੀਤੀ। ਇਨ੍ਹਾਂ ਹਮਲਿਆਂ ਵਿਚ 6 ਅਮਰੀਕੀ ਨਾਗਰਿਕ ਵੀ ਮਾਰੇ ਗਏ ਸਨ। ਮੀਡੀਆ ਨਾਲ ਗੱਲਬਾਤ ਦੌਰਾਨ ਰੂਬੀਓ ਨੇ ਭਾਰਤ ਤੇ ਅਮਰੀਕਾ ਵਿਚਾਲੇ ਊਰਜਾ ਸਬੰਧਾਂ ਬਾਰੇ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਹ ਬੁੱਧਵਾਰ ਨੂੰ ਗੁਜਰਾਤ ਦੇ ਜਾਮਨਗਰ 'ਚ ਰਿਲਾਇੰਸ ਇੰਡਸਟਰੀਜ਼ ਲਿਮਟਿਡ ਦੀ ਤੇਲ ਰਿਫਾਇਨਰੀ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਊਰਜਾ ਨੂੰ ਵਰਤੋਂ ਦੇ ਯੋਗ ਬਣਾਉਣ ਲਈ ਤੇਲ ਨੂੰ ਸੋਧਣਾ ਪੈਂਦਾ ਹੈ। ਰਿਲਾਇੰਸ ਕੋਲ ਤੇਲ ਸੋਧਣ ਦੀ

ਬਹੁਤ ਵੱਡੀ ਸਮਰੱਥਾ ਹੈ। ਇਸ ਲਈ ਉਹ ਕੰਪਨੀ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨਾ ਚਾਹੁੰਦੇ ਹਨ, ਖ਼ਾਸ ਕਰਕੇ ਜਦੋਂ ਮਾਮਲਾ ਵੱਖ-ਵੱਖ ਦੇਸ਼ਾਂ ਨਾਲ ਜੁੜਿਆ ਹੋਵੇ। ਰੂਬੀਓ ਨੇ ਕਿਹਾ ਕਿ ਅਜਿਹੀ ਕੰਪਨੀ ਨਾਲ ਗੱਲ ਕਰਨੀ ਜ਼ਰੂਰੀ ਹੈ, ਜਿਸ ਕੋਲ ਤੇਲ ਸੋਧਣ ਦੀ ਵੱਡੀ ਸਮਰੱਥਾ ਹੈ। ਉਨ੍ਹਾਂ ਮੁਤਾਬਕ, ਜਦੋਂ ਤੱਕ ਸਬੰਧਿਤ ਲੋਕਾਂ ਨਾਲ ਗੱਲ ਨਹੀਂ ਕੀਤੀ ਜਾਂਦੀ, ਉਦੋਂ ਤੱਕ ਇਸ ਖੇਤਰ ਦੀਆਂ ਸੰਭਾਵਨਾਵਾਂ ਨੂੰ ਸਮਝਣਾ ਮੁਸ਼ਕਲ ਹੁੰਦਾ ਹੈ। ਭਾਰਤ ਵੱਲੋਂ ਰੂਸ ਤੋਂ ਕੱਚਾ ਤੇਲ ਖਰੀਦਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਰੂਬੀਓ ਨੇ ਕਿਹਾ ਕਿ ਭਾਰਤ ਲਗਾਤਾਰ ਇਹ ਗੱਲ ਕਹਿੰਦਾ ਆਇਆ ਹੈ ਕਿ ਉਹ ਊਰਜਾ ਦੇ ਵੱਖ-ਵੱਖ ਸਰੋਤਾ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

LAW OFFICES OF EMMANUEL ENYINWA

ESQ, Abogado

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



105 ਅਮਰੀਕੀ ਸੰਸਦ ਮੈਂਬਰਾਂ ਨੇ ਐੱਫਬੀਆਈ ਜਾਂਚ ਦੀ ਕੀਤੀ ਮੰਗ

ਨਫ਼ਰਤੀ ਅਪਰਾਧ ਤਹਿਤ ਕਾਰਵਾਈ ਕਰਨ ਦੀ ਅਪੀਲ; ਭਾਰਤੀਆਂ ਅਤੇ ਦੱਖਣੀ ਏਸ਼ਿਆਈ ਲੋਕਾਂ ਖ਼ਿਲਾਫ਼ ਵਧ ਰਹੀ ਨਫ਼ਰਤ 'ਤੇ ਪ੍ਰਗਟਾਈ ਚਿੰਤਾ

ਨਵੀਂ ਦਿੱਲੀ : ਅਮਰੀਕਾ ਦੇ 105 ਸੰਸਦ ਮੈਂਬਰਾਂ ਨੇ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫਬੀਆਈ) ਨੂੰ ਅਪੀਲ ਕੀਤੀ ਹੈ ਕਿ ਇਲੀਨੋਇਸ ਦੇ ਇੱਕ ਹਿੰਦੂ ਮੰਦਰ ਵਿੱਚ ਹੋਈ ਗੋਲੀਬਾਰੀ ਦੀ ਕੋਸ਼ਿਸ਼ ਦੀ ਜਾਂਚ 'ਨਫ਼ਰਤੀ ਅਪਰਾਧ' (ਹੇਟ ਕਰਾਈਮ) ਵਜੋਂ ਕੀਤੀ ਜਾਵੇ। ਇਹ ਕਦਮ ਅਮਰੀਕਾ ਵਿੱਚ ਭਾਰਤੀਆਂ ਅਤੇ ਦੱਖਣੀ ਏਸ਼ਿਆਈ ਭਾਈਚਾਰੇ ਖ਼ਿਲਾਫ਼ ਇੰਟਰਨੈੱਟ

'ਤੇ ਲਗਾਤਾਰ ਵਧ ਰਹੀ ਨਫ਼ਰਤ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ।

ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਦੀ ਅਗਵਾਈ ਹੇਠ ਸੰਸਦ ਮੈਂਬਰਾਂ ਨੇ ਐੱਫਬੀਆਈ ਡਾਇਰੈਕਟਰ ਕਸ਼ ਪਟੇਲ ਨੂੰ ਚਿੱਠੀ ਲਿਖ ਕੇ 11 ਅਕਤੂਬਰ ਦੀ ਘਟਨਾ ਦੀ ਪੜਤਾਲ ਬਾਰੇ ਜਾਣਕਾਰੀ ਮੰਗੀ ਹੈ। ਇਹ ਘਟਨਾ ਔਰੋਰਾ ਸ਼ਹਿਰ ਦੇ ਸ਼੍ਰੀ ਵੈਂਕਟੇਸ਼ਵਰ ਸਵਾਮੀ (ਬਾਲਾਜੀ) ਹਿੰਦੂ ਮੰਦਰ ਵਿੱਚ ਵਾਪਰੀ ਸੀ, ਜਿੱਥੇ ਹਮਲੇ ਸਮੇਂ ਖ਼ੁਦ ਕ੍ਰਿਸ਼ਨਾਮੂਰਤੀ ਆਪਣੇ ਪਰਿਵਾਰ ਸਮੇਤ ਪੂਜਾ ਕਰ ਰਹੇ ਸਨ।

ਸਰਕਾਰੀ ਵਕੀਲਾਂ ਮੁਤਾਬਕ, 19 ਸਾਲਾ ਨਵ-ਨਾਜ਼ੀ ਅਲੈਗਜ਼ੈਂਡਰੋਸ ਪਾਪੋਰਾਕਿਸ ਨੇ ਮੰਦਰ ਦੇ ਬਾਹਰ ਇੱਕ ਵਿਅਕਤੀ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਦੀ ਰਾਈਫ਼ਲ ਅੜ ਗਈ। ਉਹ ਮੌਕੇ ਤੋਂ ਫ਼ਰਾਰ ਹੋ ਗਿਆ ਅਤੇ ਉਸ ਨੇ ਦੁਬਾਰਾ ਵਾਪਸ ਆਉਣ ਦੀ ਯੋਜਨਾ ਬਾਰੇ ਕਿਸੇ ਨਾਲ ਗੱਲ ਕੀਤੀ, ਜਿਸ ਮਗਰੋਂ ਉਸ ਦੇ ਨਾਲ ਕੰਮ ਕਰਨ ਵਾਲੇ ਇੱਕ ਵਿਅਕਤੀ ਨੇ ਪੁਲੀਸ ਨੂੰ ਸੂਚਿਤ ਕਰ ਦਿੱਤਾ। ਉਸ ਨੂੰ ਉਸੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ।

ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਪਾਪੋਰਾਕਿਸ ਨੇ ਅੱਠ ਪੰਨਿਆਂ ਦਾ ਇੱਕ ਨਸਲੀ ਦਸਤਾਵੇਜ਼ (ਮੈਨੀਫੈਸਟੋ) ਲਿਖਿਆ ਸੀ, ਜਿਸ ਵਿੱਚ ਧਾਰਮਿਕ ਅਸਥਾਨ 'ਤੇ ਭਾਰਤੀ ਮੂਲ ਦੇ ਲੋਕਾਂ ਖ਼ ?ਲਾਫ਼ ਹਿੰਸਾ ਕਰਨ ਦੀ ਗੱਲ ਕਹੀ ਗਈ ਸੀ। ਪੁਲੀਸ ਨੇ ਉਸ ਕੋਲੋਂ ਇੱਕ ਰਾਈਫ਼ਲ, ਸੈਂਕੜੇ ਕਾਰਤੂਸ, ਬੁਲੇਟਪਰੂਫ਼ ਜੈਕੇਟ ਅਤੇ ਨਸਲੀ ਨਫ਼ਰਤ ਨਾਲ ਜੁੜਿਆ ਸਾਮਾਨ ਬਰਾਮਦ ਕੀਤਾ ਹੈ।

ਇਸ ਚਿੱਠੀ 'ਤੇ ਸਾਰੇ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰਾਂ ਤੋਂ ਇਲਾਵਾ ਸੀਨੀਅਰ ਸੈਨੇਟਰਾਂ ਨੇ ਵੀ ਦਸਤਖ਼ਤ ਕੀਤੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਨਸਲੀ ਨਫ਼ਰਤ ਅਤੇ ਵੱਡੇ ਪੱਧਰ 'ਤੇ ਕਤਲੇਆਮ ਦੀ ਇਸ ਸਾਜ਼ਿਸ਼ ਖ਼ ?ਲਾਫ਼ ਸਖ਼ਤ ਕੇਂਦਰੀ ਕਾਰਵਾਈ ਹੋਣੀ ਚਾਹੀਦੀ ਹੈ। ਸੰਸਦ ਮੈਂਬਰਾਂ ਨੇ ਪੁੱਛਿਆ ਕਿ ਕੀ ਇਸ ਸਾਜ਼ਿਸ਼ ਵਿੱਚ ਕੋਈ ਹੋਰ ਲੋਕ ਜਾਂ ਔਨਲਾਈਨ ਪਲੇਟਫਾਰਮ ਵੀ ਸ਼ਾਮਲ ਸਨ, ਅਤੇ 29 ਅਕਤੂਬਰ ਤੱਕ ਇਸ ਦਾ ਲਿਖਤੀ ਜਵਾਬ ਮੰਗਿਆ ਹੈ।

ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਦੱਖਣੀ ਏਸ਼ਿਆਈ ਭਾਈਚਾਰੇ ਖ਼ਿਲਾਫ਼ ਔਨਲਾਈਨ ਨਫ਼ਰਤ ਤੇਜ਼ੀ ਨਾਲ ਵਧੀ ਹੈ। ਚਿੱਠੀ ਵਿੱਚ ਇੱਕ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਅਨੁਸਾਰ ਜਨਵਰੀ 2025 ਤੋਂ ਜੂਨ 2026 ਦਰਮਿਆਨ 'ਐਕਸ' 'ਤੇ 5 ਲੱਖ 42 ਹਜ਼ਾਰ ਤੋਂ ਵੱਧ ਨਫ਼ਰਤੀ ਪੋਸਟਾਂ ਪਾਈਆਂ ਗਈਆਂ। ਇੱਕ ਸਰਵੇਖਣ ਅਨੁਸਾਰ 48 ਫ਼ੀਸਦੀ ਭਾਰਤੀ ਅਮਰੀਕੀਆਂ ਨੇ ਮੰਨਿਆ ਕਿ ਉਨ੍ਹਾਂ ਨੂੰ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਸੰਸਦ ਮੈਂਬਰਾਂ ਨੇ ਟਰੰਪ ਪ੍ਰਸ਼ਾਸਨ ਦੀਆਂ ਕੁਝ ਏਜੰਸੀਆਂ ਦੀਆਂ ਸੋਸ਼ਲ ਮੀਡੀਆ ਪੋਸਟਾਂ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਇੱਕ ਪੋਸਟ ਦਾ ਹਵਾਲਾ ਦਿੱਤਾ ਜਿਸ ਵਿੱਚ ਇੱਕ ਸਿੱਖ ਵਿਅਕਤੀ ਦੀ ਤਸਵੀਰ ਨਾਲ ਇਤਰਾਜ਼ਯੋਗ ਸ਼ਬਦ ਲਿਖੇ ਗਏ ਸਨ। ਸੰਸਦ ਮੈਂਬਰਾਂ ਨੇ ਸਾਫ਼ ਕਿਹਾ ਕਿ ਧਰਮ, ਨਸਲ ਜਾਂ ਪਛਾਣ ਦੇ ਆਧਾਰ 'ਤੇ ਕਿਸੇ ਨੂੰ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ ਅਤੇ ਹਿੰਦੂਆਂ, ਸਿੱਖਾਂ ਤੇ ਹੋਰ ਸਾਰੇ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਨਿੱਕੇ 'ਸਿੱਧੂ' ਵੱਲੋਂ ਟੋਰਾਂਟੋ ਕੰਸਰਟ 'ਚ ਬੰਦੂਕ ਵਰਗੇ ਇਸ਼ਾਰੇ ਕਰਨ 'ਤੇ ਵਿਵਾਦ; ਮੂਸੇਵਾਲਾ ਦੇ ਮਾਪਿਆਂ ਖ਼ਿਲਾਫ਼ ਸ਼ਿਕਾਇਤ

ਵਕੀਲ ਨੇ ਕਿਹਾ ਪਰਿਵਾਰ ਨੂੰ ਕੋਈ ਸ਼ਿਕਾਇਤ ਨਹੀਂ ਮਿਲੀ; ਬੱਚੇ ਦੀ ਪਰਵਰਿਸ਼ ਦਾ ਫੈਸਲਾ ਕਰਨਾ ਮਾਪਿਆਂ ਦਾ ਅਧਿਕਾਰ ਦੱਸਿਆ

ਮਾਨਸਾ : ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਮਾਪਿਆਂ ਖ਼ਿਲਾਫ਼ ਮਾਨਸਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਕੋਲ ਇੱਕ ਮਨੁੱਖੀ ਅਧਿਕਾਰ ਸੰਗਠਨ ਨੇ ਇੱਕ ਕਥਿਤ ਵੀਡੀਓ ਨੂੰ ਲੈ ਕੇ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਵਿੱਚ ਉਨ੍ਹਾਂ ਦੇ ਦੋ ਸਾਲ ਦੇ ਛੋਟੇ ਬੱਚੇ ਨੂੰ 9 ਅਕਤੂਬਰ ਨੂੰ ਟੋਰਾਂਟੋ ਵਿੱਚ ਇੱਕ ਹੋਲੋਗ੍ਰਾਮ ਕੰਸਰਟ ਦੌਰਾਨ ਸਟੇਜ 'ਤੇ ਬੰਦੂਕ ਵਰਗੇ ਇਸ਼ਾਰੇ ਕਰਦੇ ਹੋਏ ਦਿਖਾਇਆ ਗਿਆ ਹੈ।

'ਲਾਇਰਜ਼ ਫ਼ਾਰ ਹਿਊਮਨ ਰਾਈਟਸ ਇੰਟਰਨੈਸ਼ਨਲ' (LFHRI) ਨੇ ਸ਼ਨਿਚਰਵਾਰ ਨੂੰ ਸਪੀਡ ਪੋਸਟ ਰਾਹੀਂ ਸ਼ਿਕਾਇਤ ਭੇਜ ਕੇ ਘਟਨਾ ਦੀ ਜਾਂਚ ਅਤੇ ਬੱਚੇ ਦੇ ਮਾਪਿਆਂ ਬਲਕੌਰ ਸਿੰਘ ਅਤੇ ਚਰਨ ਕੌਰ ਦੀ ਕਾਉਂਸਲਿੰਗ (ਸਲਾਹ-ਮਸ਼ਵਰੇ) ਦੀ ਮੰਗ ਕੀਤੀ ਹੈ।

ਸੰਗਠਨ ਨੇ ਬੱਚੇ ਨੂੰ ਜਨਤਕ ਜਾਂ ਨਿੱਜੀ ਸਮਾਗਮਾਂ ਵਿੱਚ ਬੰਦੂਕ ਵਰਗੇ ਇਸ਼ਾਰੇ ਕਰਨ ਲਈ ਉਤਸ਼ਾਹਿਤ ਕਰਨ ਤੋਂ ਰੋਕਣ ਲਈ ਅੰਤਰਿਮ ਨਿਰਦੇਸ਼ਾਂ ਦੀ ਵੀ ਮੰਗ ਕੀਤੀ ਹੈ।

ਇਹ ਵਿਵਾਦ ਟੋਰਾਂਟੋ ਦੇ ਸਕੋਸ਼ੀਆਬੈਂਕ ਏਰੀਨਾ ਵਿੱਚ 'ਸਾਈਨ ਟੂ ਗੌਡ ਵਰਲਡ ਟੂਰ' ਹੋਲੋਗ੍ਰਾਮ ਕੰਸਰਟ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਖੜ੍ਹਾ ਹੋਇਆ। ਬੱਚਾ, ਜਿਸ ਦਾ ਨਾਂ ਵੀ ਸ਼ੁਭਦੀਪ ਸਿੰਘ ਸਿੱਧੂ ਹੈ ਅਤੇ ਜਿਸ ਨੂੰ ਲੋਕਪ੍ਰਿਯ ਤੌਰ 'ਤੇ 'ਨਿੱਕਾ ਸਿੱਧੂ' ਵਜੋਂ ਜਾਣਿਆ ਜਾਂਦਾ ਹੈ, ਆਪਣੇ ਸਵਰਗੀ ਵੱਡੇ ਭਰਾ ਦੀ ਪਛਾਣ ਵਾਲੀ 'ਥਾਪੀ' (ਪੱਟ 'ਤੇ ਹੱਥ ਮਾਰਨ ਦਾ ਇਸ਼ਾਰਾ) ਦੀ ਨਕਲ ਕਰਦੇ ਹੋਏ, ਹੱਥ ਨਾਲ ਪਿਸਤੌਲ ਵਰਗਾ ਨਿਸ਼ਾਨ ਬਣਾਉਂਦੇ ਹੋਏ ਅਤੇ ਕਥਿਤ ਤੌਰ 'ਤੇ 'ਠਾ ਠਾ ਠਾ' ਕਹਿੰਦੇ ਹੋਏ ਦੇਖਿਆ ਗਿਆ ਸੀ। LFHRI ਦੇ ਜਨਰਲ ਸਕੱਤਰ ਐਡਵੋਕੇਟ ਨਵਕਿਰਨ ਸਿੰਘ ਨੇ ਦਾਅਵਾ ਕੀਤਾ, 'ਸਾਡੀ ਸੰਸਥਾ ਮਹਿਸੂਸ ਕਰਦੀ ਹੈ ਕਿ ਬੱਚੇ ਨੂੰ ਹਿੰਸਾ ਤੋਂ ਦੂਰ ਰੱਖਣ ਦੀ ਲੋੜ ਹੈ ਅਤੇ ਉਸ ਦੇ ਮਾਪਿਆਂ ਨੂੰ ਕਾਉਂਸਲਿੰਗ ਦੀ ਲੋੜ ਹੈ ਅਤੇ ਜੇ ਉਹ ਆਪਣਾ ਤਰੀਕਾ ਨਹੀਂ ਬਦਲਦੇ ਹਨ, ਤਾਂ

ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਦੇ ਤਹਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਕੈਨੇਡਾ ਦੇ ਟੋਰਾਂਟੋ ਵਿੱਚ ਹਾਲ ਹੀ ਵਿੱਚ ਸਟੇਜ 'ਤੇ 2.5 ਸਾਲ ਦੇ ਬੱਚੇ 'ਛੋਟੇ ਸਿੱਧੂ' ਦੀ ਵਰਤੋਂ, ਜਿੱਥੇ ਉਸ ਨੂੰ ਅਸਲੇ ਨਾਲ ਫਾਇਰਿੰਗ ਦੇ ਇਸ਼ਾਰੇ ਕਰਕੇ ਆਪਣੇ ਮਾਰੇ ਗਏ ਭਰਾ ਦੀ ਨਕਲ ਕਰਦੇ ਹੋਏ ਦਿਖਾਇਆ ਗਿਆ ਹੈ, ਸਾਡੇ ਅਨੁਸਾਰ ਬੱਚੇ ਦੇ ਹਿੱਤ ਵਿੱਚ ਨਹੀਂ ਹੈ ਅਤੇ ਉਸ ਦੇ ਮਾਪਿਆਂ ਨੂੰ ਉਸ ਦੀ ਉਮਰ ਅਤੇ ਮਾਨਸਿਕ ਸਥਿਤੀ ਦਾ ਸ਼ੋਸ਼ਣ ਕਰਨ ਤੋਂ ਰੋਕਣ ਦੀ ਲੋੜ ਹੈ।'

ਉਨ੍ਹਾਂ ਅੱਗੇ ਕਿਹਾ, 'ਬੱਚੇ ਦੀ ਇੱਕ ਹੋਰ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ ਜਿਸ ਵਿੱਚ ਬੱਚੇ ਦੇ ਆਸ-ਪਾਸ ਕੁਝ ਲੋਕ ਉਸ ਨੂੰ ਆਪਣੇ ਹੱਥਾਂ ਨਾਲ ਪਿਸਤੌਲ ਦੇ ਇਸ਼ਾਰੇ ਕਰਨ ਦੀ ਸਿੱਖਿਆ ਅਤੇ ਉਤਸ਼ਾਹ ਦਿੰਦੇ ਦਿਖਾਈ ਦੇ ਰਹੇ ਹਨ।'

ਇਸ ਦੌਰਾਨ ਮੂਸੇਵਾਲਾ ਕਤਲ ਕੇਸ ਵਿੱਚ ਬਲਕੌਰ ਸਿੰਘ ਦੇ ਵਕੀਲ ਐਡਵੋਕੇਟ ਗੁਰਵਿੰਦਰ ਸਿੰਘ ਸੰਧੂ ਨੇ ਫ਼ੋਨ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਪਰਿਵਾਰ ਨੂੰ ਅਜੇ ਤੱਕ ਯੋਗ ਅਧਿਕਾਰੀਆਂ ਵੱਲੋਂ ਕੋਈ ਰਿਪੋਰਟ ਜਾਂ ਸ਼ਿਕਾਇਤ ਨਹੀਂ ਮਿਲੀ ਹੈ। "ਬੱਚੇ ਦੀ ਪਰਵਰਿਸ਼ ਕਿਵੇਂ ਕਰਨੀ ਹੈ, ਇਹ ਤੈਅ ਕਰਨਾ ਪਰਿਵਾਰ ਦਾ ਅਧਿਕਾਰ ਹੈ। ਜੇ ਇਹ ਕਿਸੇ ਗੀਤ ਜਾਂ ਕਿਸੇ ਹੋਰ ਚੀਜ਼ ਨਾਲ ਸਬੰਧਤ ਹੈ, ਤਾਂ ਉਸ ਨੂੰ ਵੀ ਦੇਖਿਆ ਜਾਣਾ ਚਾਹੀਦਾ ਹੈ। ਕੁਝ ਲੋਕ ਮੂਸੇਵਾਲਾ ਪਰਿਵਾਰ ਨੂੰ ਕਿਸੇ ਨਾ ਕਿਸੇ ਵਿਵਾਦ ਵਿੱਚ ਉਲਝਾ ਕੇ ਰੱਖਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਜਦੋਂ ਬੱਚੇ ਦਾ ਜਨਮ ਹੋਇਆ ਸੀ ਤਾਂ ਵਿਵਾਦ ਖੜ੍ਹਾ ਕੀਤਾ ਗਿਆ ਸੀ।"

ਮਾਨਸਾ ਦੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ (DCPO) ਜਗਤਾਰ ਸਿੰਘ ਨੇ ਕਿਹਾ ਕਿ ਉਹ ਸੋਮਵਾਰ ਨੂੰ ਚੈੱਕ ਕਰਨਗੇ ਕਿ ਕੀ ਉਨ੍ਹਾਂ ਦੇ ਦਫ਼ਤਰ ਨੂੰ ਅਜਿਹੀ ਕੋਈ ਸ਼ਿਕਾਇਤ ਮਿਲੀ ਹੈ ਜਾਂ ਨਹੀਂ।

ਮੂਸੇਵਾਲਾ ਦੇ ਮਾਪੇ ਅਤੇ ਉਨ੍ਹਾਂ ਦਾ ਛੋਟਾ ਭਰਾ ਫਿਲਹਾਲ ਹੋਲੋਗ੍ਰਾਮ ਟੂਰ ਲਈ ਵਿਦੇਸ਼ 'ਚ ਹਨ। ਤਾਜ਼ਾ ਵਿਵਾਦ ਮਾਰਚ 2024 ਵਿੱਚ ਬੱਚੇ ਦੇ ਜਨਮ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਸਾਹਮਣੇ ਆਇਆ ਹੈ। ਚਰਨ ਕੌਰ, ਜਿਨ੍ਹਾਂ ਦੀ ਉਮਰ ਉਸ ਸਮੇਂ ਲਗਪਗ 58 ਸਾਲ ਸੀ, ਨੇ ਇਨ-ਵੀਟ੍ਰੋ ਫਰਟੀਲਾਈਜ਼ੇਸ਼ਨ (IVF) ਰਾਹੀਂ ਸ਼ੁਭਦੀਪ ਨੂੰ ਜਨਮ ਦਿੱਤਾ, ਜਿਸ ਨਾਲ ਕੇਂਦਰੀ ਸਿਹਤ ਮੰਤਰਾਲੇ ਨੇ ਅਸਿਸਟਿਡ ਰੀਪ੍ਰੋਡਕਟਿਵ ਟੈਕਨਾਲੋਜੀ ਕਾਨੂੰਨ ਤਹਿਤ ਨਿਰਧਾਰਤ ਉਮਰ ਸੀਮਾ 'ਤੇ ਰਾਜ ਸਰਕਾਰ ਤੋਂ ਰਿਪੋਰਟ ਮੰਗੀ ਸੀ। ਬਲਕੌਰ ਸਿੰਘ ਨੇ ਤਦ ਰਾਜ ਸਰਕਾਰ 'ਤੇ ਪਰਿਵਾਰ ਨੂੰ ਤੰਗ-ਪਰੇਸ਼ਾਨ ਕਰਨ ਦੇ ਦੋਸ਼ ਲਾਏ ਸਨ।

ਜ਼ਿਕਰਯੋਗ ਹੈ ਕਿ ਮੂਸੇਵਾਲਾ ਦਾ 29 ਮਈ 2022 ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਮਾਣਹਾਨੀ ਮਾਮਲੇ 'ਚ ਸਾਬਕਾ ਵਿਧਾਇਕ ਬੈਂਸ ਨੂੰ ਇਕ ਸਾਲ ਦੀ ਸਜ਼ਾ

ਪਟਿਆਲਾ : ਕਾਂਗਰਸ ਪਾਰਟੀ ਸਾਬਕਾ ਸਿਹਤ ਮੰਤਰੀ ਬ੍ਰਹਮ ਮਹਿੰਦਰਾ 'ਤੇ ਦਵਾਈਆਂ ਦੀਆਂ ਕੰਪਨੀਆਂ ਨਾਲ ਮਿਲੀਭੁਗਤ ਦੇ ਦੋਸ਼ ਲਗਾਉਣ ਦੇ ਮਾਮਲੇ 'ਚ ਅੱਜ ਸਥਾਨਕ ਅਦਾਲਤ ਨੇ ਲੁਧਿਆਣਾ ਤੋਂ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ 1 ਸਾਲ ਦੀ ਸਜ਼ਾ ਸੁਣਾ ਦਿੱਤੀ ਹੈ। ਭਾਵੇਂ ਕਿ ਜ਼ਮਾਨਤ ਦੇ ਭਰੇ ਪੁਰਾਣੇ ਮੁਚੱਲਕੇ (ਜ਼ਮਾਨਤੀ ਬੌਂਡ) ਨੂੰ ਅਦਾਲਤ ਨੇ ਬਰਕਰਾਰ ਰੱਖਦਿਆਂ ਉਨ੍ਹਾਂ ਨੂੰ ਜ਼ਮਾਨਤ ਵੀ ਮਿਲ ਗਈ ਹੈ। ਇਸ ਦੀ

ਪੁਸ਼ਟੀ ਕਰਦਿਆਂ ਸਾਬਕਾ ਵਿਧਾਇਕ ਬ੍ਰਹਮ ਮਹਿੰਦਰਾ ਦੇ ਵਕੀਲ ਗੁਰਪ੍ਰੀਤ ਸਿੰਘ ਭਸੀਨ ਨੇ ਦੱਸਿਆ ਕਿ ਕਾਂਗਰਸ ਸਰਕਾਰ ਵੇਲੇ ਜਦੋਂ ਬ੍ਰਹਮ ਮਹਿੰਦਰਾ ਸਿਹਤ ਮੰਤਰੀ ਹੁੰਦੇ ਸੀ ਉਸ ਵੇਲੇ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸ੍ਰੀ ਮਹਿੰਦਰਾ 'ਤੇ ਦੋਸ਼ ਲਗਾਏ ਸਨ ਕਿ ਉਨ੍ਹਾਂ ਦੀ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨਾਲ ਸਾਂਝ ਹੈ। ਬਾਅਦ 'ਚ 2018 'ਚ ਬ੍ਰਹਮ ਮਹਿੰਦਰਾ ਵਲੋਂ ਵਿਧਾਇਕ ਬੈਂਸ ਖ਼ਿਲਾਫ਼ ਪਟਿਆਲਾ 'ਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਗਿਆ ਸੀ ਜੋ ਪਿਛਲੇ 8 ਸਾਲਾ ਤੋਂ ਚੱਲਿਆ ਆ ਰਿਹਾ ਸੀ। ਇਸ ਕੇਸ ਦੀ ਸੁਣਵਾਈ ਦੌਰਾਨ ਅੱਜ ਮਾਨਯੋਗ ਅਦਾਲਤ ਨੇ ਵਿਧਾਇਕ ਬੈਂਸ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਹੈ। ਐਡ. ਭਸੀਨ ਨੇ ਦੱਸਿਆ ਕਿ ਅੱਜ ਦੀ ਸੁਣਵਾਈ ਦੌਰਾਨ ਸਿਮਰਜੀਤ ਸਿੰਘ ਬੈਂਸ ਅਦਾਲਤ 'ਚ ਹਾਜ਼ਰ ਸਨ।

ਦਿੱਲੀ ਦੇ ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਉਪ-ਰਾਜਪਾਲ ਤਰਨਜੀਤ ਸਿੰਘ ਸੰਧੂ ਨਾਲ ਕੀਤੀ ਮੁਲਾਕਾਤ; ਲੋਕ ਨਿਵਾਸ ਵਿਖੇ ਅਹਿਮ ਪ੍ਰਸ਼ਾਸਕੀ ਮੁੱਦਿਆਂ 'ਤੇ ਹੋਈ ਚਰਚਾ

ਕੌਮੀ ਰਾਜਧਾਨੀ 'ਚ ਹਵਾ ਪ੍ਰਦੂਸ਼ਣ ਦੀ ਰੋਕਥਾਮ, ਸਰਦੀਆਂ ਦੀ ਵਿਸ਼ੇਸ਼ ਕਾਰਜ-ਯੋਜਨਾ ਅਤੇ ਵਾਤਾਵਰਨ ਪ੍ਰਬੰਧਾਂ 'ਤੇ ਕੇਂਦਰਿਤ ਰਹੀ ਬੈਠਕ

ਨਵੀਂ ਦਿੱਲੀ : ਦਿੱਲੀ ਦੇ ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਮੰਗਲਵਾਰ ਨੂੰ ਕੌਮੀ ਰਾਜਧਾਨੀ ਦੇ ਲੈਫ਼ਟੀਨੈਂਟ ਗਵਰਨਰ (ਉਪ-ਰਾਜਪਾਲ) ਤਰਨਜੀਤ ਸਿੰਘ ਸੰਧੂ ਨਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਲੋਕ ਨਿਵਾਸ' (ਰਾਜ ਨਿਵਾਸ) ਵਿਖੇ ਇੱਕ ਉੱਚ-ਪੱਧਰੀ ਮੁਲਾਕਾਤ ਕੀਤੀ।

ਸਰਦੀਆਂ ਦੀ ਸ਼ੁਰੂਆਤ ਦੇ ਮੱਦੇਨਜ਼ਰ ਦਿੱਲੀ-ਐੱਨ.ਸੀ.ਆਰ. ਵਿੱਚ ਹਵਾ ਦੇ ਮਿਆਰ (Air Quality) ਵਿੱਚ ਸੰਭਾਵੀ ਗਿਰਾਵਟ ਅਤੇ ਵਾਤਾਵਰਨ ਚੁਣੌਤੀਆਂ ਦੇ ਦਰਮਿਆਨ ਇਹ ਮੁਲਾਕਾਤ ਕਾਫ਼ੀ ਅਹਿਮ ਮੰਨੀ ਜਾ ਰਹੀ ਹੈ। ਬੈਠਕ ਦੌਰਾਨ ਦਿੱਲੀ ਵਿੱਚ ਪ੍ਰਦੂਸ਼ਣ ਰੋਕਥਾਮ ਯੋਜਨਾਵਾਂ, ਧੂੜ ਨਿਯੰਤਰਣ ਉਪਾਵਾਂ, ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (GRAP) ਦੀ ਸਖ਼ਤ ਪਾਲਣਾ ਅਤੇ ਦਿੱਲੀ ਸਰਕਾਰ ਤੇ ਰਾਜ ਨਿਵਾਸ ਦਰਮਿਆਨ ਪ੍ਰਸ਼ਾਸਕੀ ਤਾਲਮੇਲ ਸਮੇਤ ਕਈ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਮੁੱਖ ਵੇਰਵੇ: ਉੱਚ-ਪੱਧਰੀ ਮੁਲਾਕਾਤ

ਸਥਾਨ : ਲੋਕ ਨਿਵਾਸ (ਰਾਜ ਨਿਵਾਸ), ਨਵੀਂ ਦਿੱਲੀ

ਮਿਤੀ : ਮੰਗਲਵਾਰ, 20 ਅਕਤੂਬਰ 2026

ਸ਼ਾਮਲ ਸ਼ਖ਼ਸੀਅਤਾਂ : ਤਰਨਜੀਤ ਸਿੰਘ ਸੰਧੂ (ਲੈਫ਼ਟੀਨੈਂਟ ਗਵਰਨਰ, ਦਿੱਲੀ)

ਮ

ਝੋਟਾ ਹੱਤਿਆ ਕਾਂਡ ਦੀ ਜਾਂਚ ਸੀ.ਬੀ.ਆਈ. ਦੇ ਹਵਾਲੇ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਤੇ ਐਕਸ਼ਨ ਕਮੇਟੀ ਮਾਨਸਾ ਦੀ ਮੰਗ ਨੂੰ ਮੁੱਖ ਰੱਖਦਿਆਂ ਪਰਵਿੰਦਰ ਸਿੰਘ ਝੋਟਾ ਹੱਤਿਆ ਕਾਂਡ ਦੀ ਜਾਂਚ ਸੀ.ਬੀ.ਆਈ. ਨੂੰ ਦੇਣ ਦਾ ਐਲਾਨ ਕੀਤਾ ਹੈ। ਇਸ ਨਾਲ ਸੰਭਵ ਹੈ ਕਿ ਹੁਣ ਪਰਵਿੰਦਰ ਸਿੰਘ ਝੋਟਾ ਦੇ ਸਸਕਾਰ ਲਈ ਅੜਿੱਕਾ ਦੂਰ ਹੋ ਸਕੇਗਾ ਅਤੇ ਪਰਿਵਾਰ ਵਿਚ ਇਨਸਾਫ਼ ਮਿਲਣ ਸੰਬੰਧੀ ਵੀ ਉਮੀਦ ਵਧ ਸਕੇਗੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਪਰਿਵਾਰ ਨੂੰ ਮਿਲ ਕੇ ਇਸ ਕੇਸ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀ ਨੂੰ ਸਖ਼ਤ ਸਜ਼ਾ ਦੁਆਉਣ ਦਾ ਭਰੋਸਾ ਦਿੱਤਾ ਹੈ।

ਬਿਨਾਂ ਸ਼ੱਕ ਪੰਜਾਬ ਇਸ ਸਮੇਂ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਵਿਚੋਂ ਜੋ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਬਣ ਕੇ ਸਾਡੇ ਸਾਹਮਣੇ ਆ ਰਹੀ ਹੈ, ਉਹ ਹੈ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦਾ ਰਾਜ ਵਿਚ ਪ੍ਰਚਲਣ। ਕਦੇ ਪੰਜਾਬ ਦੇ ਉੱਘੇ ਕਵੀ ਪ੍ਰੋ. ਪੂਰਨ ਸਿੰਘ ਨੇ ਲਿਖਿਆ ਸੀ, 'ਪੰਜਾਬ ਜਿਊਂਦਾ ਗੁਰਾਂ ਦੇ ਨਾਂ ਉੱਤੇ'। ਆਪਣੀ ਕਵਿਤਾ ਦੀਆਂ ਇਨ੍ਹਾਂ ਸਤਰਾਂ ਵਿਚ ਉਨ੍ਹਾਂ ਦਾ ਇਸ਼ਾਰਾ ਪੰਜਾਬ ਦੇ ਅਮੀਰ ਵਿਰਸੇ ਅਤੇ ਸਿਹਤਮੰਦ ਕਦਰਾਂ ਕੀਮਤਾਂ ਵੱਲ ਸੀ। ਅਜਿਹੀਆਂ ਕਦਰਾਂ ਕੀਮਤਾਂ, ਜਿਨ੍ਹਾਂ ਦੇ ਧਾਰਨੀ ਬਣ ਕੇ ਪੰਜਾਬੀਆਂ ਨੇ ਵੱਡੀਆਂ-ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ ਅਤੇ ਇਤਿਹਾਸ ਵਿਚ ਆਪਣੀ ਸ਼ਾਨ ਅਤੇ ਰੁਤਬੇ ਨੂੰ ਬੁਲੰਦ ਰੱਖਿਆ ਸੀ। ਗੁਰੂ ਸਾਹਿਬਾਨ ਅਤੇ ਸਾਡੇ ਹੋਰ ਧਾਰਮਿਕ ਰਹਿਬਰਾਂ ਨੇ ਪੰਜਾਬੀਆਂ ਨੂੰ ਸਾਦੀ-ਪੱਧਰੀ ਜ਼ਿੰਦਗੀ ਜਿਊਣ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਸੀ। ਕੁਝ ਦਹਾਕੇ ਪਹਿਲਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਪੰਜਾਬ ਦੇ ਲੋਕਾਂ ਦਾ ਇਕ ਵੱਡਾ ਹਿੱਸਾ ਇਸ ਤਰ੍ਹਾਂ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਮੜ੍ਹੀਆਂ ਦੇ ਰਾਹ ਪੈ ਜਾਵੇਗਾ। ਪਰ ਅੱਜ ਇਹ ਸਭ ਕੁਝ ਵਾਪਰਦਾ ਅਸੀਂ ਅੱਖੀਂ ਵੇਖ ਰਹੇ ਹਾਂ।

ਪਿਛਲੇ ਸਮਿਆਂ ਵਿਚ ਰਾਜ ਵਿਚ ਬਣੀਆਂ ਵੱਖ-ਵੱਖ ਸਰਕਾਰਾਂ ਨੇ ਆਪੋ-ਆਪਣੀਆਂ ਨੀਤੀਆਂ ਨਾਲ ਨਸ਼ਿਆਂ ਦੇ ਪ੍ਰਚਲਣ ਅਤੇ ਰਾਜ ਨੂੰ ਹੋ ਰਹੀ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਲਈ ਅਨੇਕਾਂ ਯਤਨ ਕੀਤੇ ਸਨ, ਪਰ ਇਸ ਵਬਾ ਤੋਂ ਰਾਜ ਦਾ ਛੁਟਕਾਰਾ ਨਹੀਂ ਹੋ ਸਕਿਆ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਵੀ 'ਯੁੱਧ ਨਸ਼ਿਆਂ ਵਿਰੁੱਧ' ਦੇ ਨਾਅ 'ਤੇ ਪਿਛਲੇ ਕੁਝ ਸਾਲਾਂ ਤੋਂ ਇਕ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ। ਵੱਡੀ ਪੱਧਰ 'ਤੇ ਨਸ਼ੀਲੇ ਪਦਾਰਥ ਅਤੇ ਤਸਕਰ ਫੜੇ ਗਏ ਹਨ, ਉਨ੍ਹਾਂ 'ਤੇ ਵੱਖ-ਵੱਖ ਧਾਰਾਵਾਂ ਅਧੀਨ ਕੇਸ ਵੀ ਦਰਜ ਕੀਤੇ ਗਏ ਹਨ। ਪਰ ਇਸ ਦੇ ਬਾਵਜੂਦ ਰਾਜ ਨੂੰ ਹੋ ਰਹੀ ਨਸ਼ਿਆਂ ਦੀ ਸਪਲਾਈ ਨਹੀਂ ਰੁਕੀ ਅਤੇ ਨਾ ਹੀ ਇਨ੍ਹਾਂ ਦੀ ਖਪਤ ਵਿਚ ਕੋਈ ਵੱਡੀ ਕਮੀ ਹੋਈ ਹੈ। ਲਗਭਗ ਹਰ ਰੋਜ਼ ਨੌਜਵਾਨਾਂ ਦੇ ਵਧੇਰੇ ਨਸ਼ਾ ਲੈ ਕੇ ਮਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ, ਜੋ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਪ੍ਰੇਸ਼ਾਨ ਕਰਦੀਆਂ ਹਨ। ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਜਿਹੜੇ ਲੋਕ ਨਸ਼ਾ ਤਸਕਰਾਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਵੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿਛਲੇ ਦਿਨਾਂ ਵਿਚ ਅਨੇਕਾਂ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ ਹਨ। ਅਜਿਹਾ ਹੀ ਇਕ ਘਟਨਾਕ੍ਰਮ ਮਾਨਸੇ ਵਿਚ 13 ਅਕਤੂਬਰ ਨੂੰ ਵਾਪਰਿਆ ਸੀ, ਜਦੋਂ ਨਸ਼ਿਆਂ ਵਿਰੁੱਧ ਜੱਦੋ-ਜਹਿਦ ਕਰ ਰਹੇ ਪਰਵਿੰਦਰ ਸਿੰਘ ਝੋਟਾ ਦੀ ਇਕ ਮੈਡੀਕਲ ਸਟੋਰ ਦੇ ਮਾਲਿਕ ਅਸ਼ਵਨੀ ਕੁਮਾਰ, ਜੋ ਨਸ਼ੀਲੀਆਂ ਗੋਲੀਆਂ ਵੇਚਣ ਲਈ ਬਦਨਾਮ ਹੈ, ਨਾਲ ਉਸ ਦੀ ਦੁਕਾਨ ਵਿਚ ਇਸ ਮੁੱਦੇ ਨੂੰ ਲੈ ਕੇ ਬਹਿਸ ਹੋ ਗਈ ਸੀ। ਅਸ਼ਵਨੀ ਕੁਮਾਰ ਨੇ ਗੋਲੀਆਂ ਚਲਾ ਕੇ ਪਰਵਿੰਦਰ ਸਿੰਘ ਝੋਟਾ ਨੂੰ ਮਾਰ ਦਿੱਤਾ ਸੀ ਅਤੇ ਉਸ ਦੇ ਕੁਝ ਸਾਥੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ।

ਇਸ ਘਟਨਾਕ੍ਰਮ ਨੇ ਪੰਜਾਬ ਵਿਚ ਵੱਡੀ ਪੱਧਰ 'ਤੇ ਰੋਹ ਤੇ ਰੋਸ ਪੈਦਾ ਕਰ ਦਿੱਤਾ ਸੀ। 15 ਅਕਤੂਬਰ ਨੂੰ ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੂੰ ਇਨਸਾਫ਼ ਦੁਆਉਣ ਲਈ ਬਣੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਰਾਜ ਵਿਚ ਚੋਖਾ ਹੁੰਗਾਰਾ ਮਿਲਿਆ ਸੀ। ਐਕਸ਼ਨ ਕਮੇਟੀ ਨੇ ਅਤੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ, ਜੋ ਕਿ ਇਕ ਸਾਬਕ ਫ਼ੌਜੀ ਹਨ, ਨੇ ਪਰਵਿੰਦਰ ਸਿੰਘ ਝੋਟਾ ਦਾ ਸਸਕਾਰ ਕਰਨ ਤੋਂ ਪਹਿਲਾਂ ਰਾਜ ਸਰਕਾਰ ਸਾਹਮਣੇ ਕੁਝ ਮੰਗਾਂ ਰੱਖੀਆਂ ਸਨ ਅਤੇ ਉਨ੍ਹਾਂ ਦੀ ਪੂਰਤੀ ਤੋਂ ਬਾਅਦ ਹੀ ਸਸਕਾਰ ਕਰਨ ਦੀ ਗੱਲ ਆਖੀ ਸੀ। ਐਕਸ਼ਨ ਕਮੇਟੀ ਵਲੋਂ ਰੱਖੀਆਂ ਗਈਆਂ ਮੰਗਾਂ ਵਿਚ ਮੁੱਖ ਮੰਤਰੀ ਅਤੇ ਡੀ.ਜੀ.ਪੀ. ਦਾ ਅਸਤੀਫ਼ਾ, ਪਰਵਿੰਦਰ ਸਿੰਘ ਝੋਟਾ ਦੇ ਕਤਲਕਾਂਡ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਸਮੇਤ ਕੁੱਝ ਹੋਰ ਮੰਗਾਂ ਸ਼ਾਮਿਲ ਸਨ। ਪੰਜਾਬ ਸਰਕਾਰ ਨੇ ਤਿੰਨ ਅੰਰਤ ਆਈ.ਏ.ਐਸ. ਅਧਿਕਾਰੀਆਂ ਦੀ ਇਕ ਕਮੇਟੀ ਬਣਾ ਕੇ ਪਰਿਵਾਰ ਅਤੇ ਐਕਸ਼ਨ ਕਮੇਟੀ ਨਾਲ ਇਸ ਮਸਲੇ 'ਤੇ ਗੱਲਬਾਤ ਵੀ ਕੀਤੀ ਸੀ, ਪਰ ਫਿਰ ਵੀ ਗਤੀਰੋਧ ਖ਼ਤਮ ਨਹੀਂ ਸੀ ਹੋਇਆ। ਇਸ ਤੋਂ ਬਾਅਦ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਆਪਣਾ ਰੁਖ ਕੁਝ ਨਰਮ ਕਰਦਿਆਂ ਇਹ ਵੀ ਕਿਹਾ ਸੀ ਕਿ ਉਹ ਮੁੱਖ ਮੰਤਰੀ ਅਤੇ ਡੀ.ਜੀ.ਪੀ. ਦੇ ਅਸਤੀਫ਼ੇ ਦੀ ਮੰਗ ਨਹੀਂ ਕਰ ਰਹੇ, ਸਗੋਂ ਇਹ ਚਾਹੁੰਦੇ ਹਨ ਕਿ ਇਸ ਕਤਲਕਾਂਡ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ। ਸ਼ਾਇਦ ਪਰਿਵਾਰ ਦੀ ਇਸ ਮੰਗ ਨੂੰ ਮੁੱਖ ਰੱਖਦਿਆਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਕਤਲ ਕਾਂਡ ਦੀ ਜਾਂਚ ਸੀ.ਬੀ.ਆਈ. ਨੂੰ ਦੇਣ ਦਾ ਐਲਾਨ ਕੀਤਾ ਹੈ। ਜੇਕਰ ਪੰਜਾਬ ਸਰਕਾਰ ਵਲੋਂ ਕੁਝ ਦਿਨ ਪਹਿਲਾਂ ਹੀ ਅਜਿਹੀ ਪਹਿਲਕਦਮੀ ਕੀਤੀ ਹੁੰਦੀ ਤਾਂ ਹੋ ਸਕਦਾ ਸੀ ਕਿ ਹੁਣ ਤੱਕ ਪਰਵਿੰਦਰ ਸਿੰਘ ਝੋਟਾ ਦਾ ਸਸਕਾਰ ਹੋ ਚੁੱਕਾ ਹੁੰਦਾ। ਫਿਰ ਵੀ ਮੁੱਖ ਮੰਤਰੀ ਵਲੋਂ ਕੀਤੀ ਗਈ ਇਸ ਪਹਿਲਕਦਮੀ ਨੂੰ ਸਹੀ ਦਿਸ਼ਾ ਵਿਚ ਇਕ ਕਦਮ ਕਿਹਾ ਜਾ ਸਕਦਾ ਹੈ। ਸੰਭਵ ਹੈ ਕਿ ਸਰਕਾਰ ਦੇ ਇਸ ਫ਼ੈਸਲੇ ਦੇ ਪਿੱਛੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੰਜਾਬ ਦੌਰੇ ਦਾ ਵੀ ਪ੍ਰਭਾਵ ਹੋਵੇ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਾਨਸੇ ਵਿਚ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਤੋਂ ਇਲਾਵਾ ਗੁਰਦਾਸਪੁਰ ਤੇ ਸੰਗਰੂਰ ਵਿਚ ਵੀ ਕੁੱਝ ਉਨ੍ਹਾਂ ਪਰਿਵਾਰਾਂ ਦੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ ਹਨ, ਜਿਨ੍ਹਾਂ ਦੇ ਜੀਆਂ ਨੂੰ ਨਸ਼ਿਆਂ ਦੀ ਵਿੱਕਰੀ ਦਾ ਵਿਰੋਧ ਕਰਨ ਕਾਰਨ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ ਹਨ।

ਬਿਨਾਂ ਸ਼ੱਕ ਪੰਜਾਬ ਵਿਚ ਨਸ਼ਿਆਂ ਦਾ ਵਰਤਾਰਾ ਇਕ ਅਸਾਧ ਰੋਗ ਬਣ ਚੁੱਕਾ ਹੈ, ਜੋ ਪੰਜਾਬ ਦੀ ਹੋਂਦ, ਹਸਤੀ ਨੂੰ ਵੱਡੀ ਚੁਣੌਤੀ ਦੇ ਰਿਹਾ ਹੈ। ਭਾਵੇਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹੋਣ ਕਰਕੇ ਰਾਜਨੀਤਕ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਇਕ ਦੂਜੇ ਵਿਰੁੱਧ ਦੂਸ਼ਣਬਾਜ਼ੀ ਕਰ ਕੇ ਸਿਆਸਤ ਕਰਦੀਆਂ ਵੀ ਨਜ਼ਰ ਆ ਰਹੀਆਂ ਹਨ, ਪਰ ਰਾਜ ਦੇ ਹਾਲਾਤ ਇਹ ਮੰਗ ਕਰਦੇ ਹਨ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਧਾਰਮਿਕ ਤੇ ਸਮਾਜਿਕ ਸੰਗਠਨ ਇਸ ਸੰਬੰਧੀ ਇਕ ਵੱਡੀ ਜਨਤਕ ਮੁਹਿੰਮ ਚਲਾਉਣ ਲਈ ਇਕ ਮੰਚ 'ਤੇ ਇਕੱਠੇ ਹੋਣ ਅਤੇ ਕੇਂਦਰ ਤੇ ਰਾਜ ਸਰਕਾਰ ਵੀ ਇਸ ਮਹਾਂਮਾਰੀ ਨੂੰ ਖ਼ਤਮ ਕਰਨ ਲਈ ਆਪਸ ਵਿਚ ਸਹਿਯੋਗ ਕਰਨ। ਸਰਕਾਰਾਂ ਵਲੋਂ ਆਪਣੇ ਫ਼ਰਜ਼ ਅਦਾ ਕੀਤੇ ਜਾਣ, ਰਾਜਨੀਤਕ, ਧਾਰਮਿਕ ਤੇ ਸਮਾਜਿਕ ਸੰਗਠਨਾਂ ਵਲੋਂ ਲੋਕਾਂ ਨੂੰ ਨਸ਼ਿਆਂ ਦੇ ਵਰਤਾਰੇ ਵਿਰੁੱਧ ਸੁਚੇਤ ਤੇ ਲਾਮਬੰਦ ਕਰਨ ਲਈ ਆਪਣਾ ਫ਼ਰਜ਼ ਨਿਭਾਇਆ ਜਾਵੇ। ਇਹੋ ਜਿਹੇ ਸਮੂਹਿਕ ਯਤਨਾਂ ਨਾਲ ਹੀ ਇਸ ਘਾਤਕ ਵਰਤਾਰੇ ਨੂੰ ਰੋਕਣ ਵਿਚ ਸਫ਼ਲਤਾ ਮਿਲ ਸਕਦੀ ਹੈ।

ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਆਪਣੇ ਸਮੂਹਿਕ ਯਤਨਾਂ ਦੇ ਨਾਲ ਇਸ ਵੱਡੇ ਸੰਕਟ ਤੋਂ ਜ਼ਰੂਰ ਉੱਭਰ ਕੇ ਸਾਹਮਣੇ ਆਏਗਾ ਅਤੇ ਪੰਜਾਬੀ ਫਿਰ ਤੋਂ ਪਹਿਲਾਂ ਵਾਂਗ ਆਪਣੀ ਵਿਕਾਸ ਯਾਤਰਾ ਨੂੰ ਜਾਰੀ ਰੱਖਣ ਦੇ ਸਮਰੱਥ ਹੋ ਸਕਣਗੇ।

ਕੌਣ ਸੁਲਝਾਏਗਾ, ਉਲਝੇ ਹੋਏ ਪੰਜਾਬ ਨੂੰ

ਦਰਬਾਰਾ ਸਿੰਘ ਕਾਹਲੋਂ

ਅੱਜ ਜਿੱਧਰ ਵੀ ਝਾਤ ਮਾਰੀਏ ਕਦੇ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਫੁੱਲਾਂ 'ਚੋਂ ਫੁੱਲ ਗੁਲਾਬ ਨੀ ਸਈਓ' ਵਜੋਂ ਜਾਣਿਆ ਜਾਂਦਾ ਇਹ ਪੰਜਾਬ ਹਰ ਪਾਸਿਓਂ ਬੁਰੀ ਤਰ੍ਹਾਂ ਵਲ੍ਹੂੰਧਰਿਆ ਨਜ਼ਰ ਆ ਰਿਹਾ ਹੈ। ਦੂਸਰੇ ਪਾਸੇ ਜਦੋਂ ਅਮਰੀਕਾ ਅਤੇ ਕੈਨੇਡਾ 'ਚ ਸ਼ਹਿਰਾਂ ਅਤੇ ਕਸਬਿਆਂ ਦੀ ਤਾਂ ਗੱਲ ਹੀ ਛੱਡੋ, ਦੂਰ ਦਰਾਜ ਪਿੰਡਾਂ 'ਚ ਸਨਅਤਾਂ, ਵਪਾਰਕ ਅਦਾਰਿਆਂ, ਕਾਰੋਬਾਰਾਂ, ਆਵਾਜਾਈ ਅਤੇ ਸੰਚਾਰ ਸਾਧਨਾਂ ਦਾ ਜਾਲ ਵਿਛਿਆ ਵੇਖਦੇ ਹਾਂ, ਖੇਤਾਂ 'ਚ ਲਹਾਉਂਦੀਆਂ ਫ਼ਸਲਾਂ, ਉਹਨਾਂ ਦੀ ਉੱਤਮ ਮਾਰਕੀਟਿੰਗ ਅਤੇ ਸਾਂਭ ਸੰਭਾਲ ਦਾ ਆਧੁਨਿਕ ਪ੍ਰਬੰਧ ਦੇਖਦੇ ਹਾਂ ਤਾਂ ਅੱਖਾਂ ਨੀਰ ਨਾਲ ਭਰ ਆਉਂਦੀਆਂ ਹਨ ਕਿ ਜੇ ਪੰਜਾਬ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੀ ਬਸਤੀ ਨਾ ਬਣਿਆ ਹੁੰਦਾ ਤਾਂ ਅੱਜ ਵਿਸ਼ਵ ਦੇ ਵਿਕਸਿਤ ਦੇਸ਼ਾਂ ਦੀ ਮੋਹਰਲੀ ਕਤਾਰ 'ਚ ਖੜ੍ਹਾ ਵਿਖਾਈ ਦੇ ਸਕਦਾ ਸੀ। ਇਹ ਉਹ ਬਹਾਦਰੀ ਦਾ ਮੁਜਸਮਾ ਪੰਜਾਬ ਹੈ, ਜਿਸ ਨੇ ਵਿਸ਼ਵ ਜੇਤੂ ਸਿਕੰਦਰ ਮਹਾਨ ਨੂੰ ਇੱਥੋਂ ਵਾਪਸ ਪਰਤਣ ਲਈ ਮਜਬੂਰ ਕੀਤਾ ਸੀ। ਇਹ ਉਹ ਮਹਾਨ ਆਰਥਿਕ ਸ਼ਕਤੀ ਵਾਲਾ ਪੰਜਾਬ ਹੈ, ਜਿਸਦਾ ਰੁਪੱਈਆ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇੰਗਲੈਂਡ ਦੇ 13 ਪੌਂਡਾਂ ਬਰਾਬਰ ਸੀ ਪਰ ਸ਼ੇਰੇ ਪੰਜਾਬ ਦੀ ਮੌਤ ਤੋਂ ਬਾਅਦ ਉਸ ਦੇ ਨਲਾਇਕ ਉੱਤਰਾਧਿਕਾਰੀਆ ਅਤੇ ਦੇਸ਼ ਧਰੋਹੀ ਸਿੱਖ ਲੀਡਰਸ਼ਿਪ ਨੇ ਪਹਿਲਾਂ ਸਨ 1849 'ਚ ਅੰਗਰੇਜ਼ ਦੇ ਅਧੀਨ, ਫਿਰ ਦੂਰਅੰਦੇਸ਼ੀ ਰਹਿਤ ਲੀਡਰਸ਼ਿਪ ਨੇ 1947 'ਚ ਹਿੰਦੁਸਤਾਨ ਦੀ ਵੰਡ ਵੇਲੇ ਕਾਲੇ ਅੰਗਰੇਜ਼ਾਂ ਅਧੀਨ ਪਰੋਸ ਕੇ ਰੱਖ ਦਿੱਤਾ।

ਸਾਡਾ 100 ਫੀਸਦੀ ਪਰਪੱਕ ਦਾਅਵਾ ਹੈ ਕਿ ਜੇਕਰ ਅੱਜ ਪੰਜਾਬ ਦੇ ਹਵਾਲੇ ਇਸ ਦੀ ਰਾਜਧਾਨੀ ਚੰਡੀਗੜ੍ਹ ਕਰ ਦਿੱਤੀ ਜਾਵੇ ਤਾਂ ਇਸ ਰਾਜ ਦੀ ਸਲਾਨਾ ਆਮਦਨ 'ਚ 20 ਤੋਂ 25 ਪ੍ਰਤੀਸ਼ਤ ਵਾਧਾ ਹੋ ਜਾਵੇਗਾ ਕਿਉਂਕਿ ਹਰ ਰਾਜਧਾਨੀ ਕਿਸੇ ਵੀ ਦੇਸ਼ ਜਾਂ ਰਾਜ ਦੇ ਵਿਕਾਸ ਦੀ ਮੂਲ ਹਬ ਹੁੰਦੀ ਹੈ। ਜੇਕਰ ਅੱਜ ਪੰਜਾਬ ਦੇ ਪਾਕਿਸਤਾਨ ਦੀ 553 ਕਿਲੋਮੀਟਰ ਸਰਹੱਦ 'ਚ ਪੈਂਦੇ ਤਿੰਨੇ ਲਾਂਘੇ ਵਾਹਗਾ (ਅਟਾਰੀ), ਹੁਸੈਨੀਵਾਲਾ ਤੇ ਸ੍ਰੀ ਕਰਤਾਰਪੁਰ ਸਾਹਿਬ ਖੋਲ੍ਹ ਦਿੱਤੇ ਜਾਣ ਤਾਂ ਇਸ ਦੀ ਸਲਾਨਾ ਆਮਦਨ 'ਚ 35 ਪ੍ਰਤੀਸ਼ਤ ਵਾਧਾ ਹੋ ਸਕਦਾ ਹੈ। ਜੋ ਮੁਕੇਸ਼ ਅੰਬਾਨੀ ਅਮਰੀਕਾ 'ਚ ਵਿਸ਼ਵ 'ਚ ਸਭ ਤੋਂ ਵੱਡੀ ਰਿਫਾਇਨਰੀ ਅਤੇ ਇਸਾਰ ਗਰੁੱਪ ਸਭ ਤੋਂ ਵੱਡਾ ਸਟੀਲ ਪਲਾਂਟ ਲਗਾ ਰਿਹਾ ਹੈ ਜੇਕਰ ਉਹ ਅਜਿਹੀਆਂ ਵੱਡੀਆਂ ਸਨਅਤਾਂ ਪੰਜਾਬ 'ਚ ਲਗਾਉਣ ਲਈ ਰਾਜ਼ੀ ਹੋ ਜਾਣ ਤਾਂ ਪੰਜਾਬ ਮੁੜ ਹਿੰਦੁਸਤਾਨ ਦਾ ਨੰਬਰ ਪ੍ਰਤੀ ਜੀਅ ਆਮਦਨ ਪੱਖੋਂ ਨੰਬਰ ਇੱਕ ਸੂਬਾ ਬਣ ਸਕਦਾ ਹੈ।

ਦਰਅਸਲ, ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਨੇ ਜਦੋਂ ਜਨਵਰੀ 2003 'ਚ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਸਮੇਤ ਪਹਾੜੀ ਰਾਜਾਂ ਨੂੰ ਵਿਸ਼ੇਸ਼ ਸਨਅਤੀ ਪੈਕੇਜ ਦਾ ਐਲਾਨ ਕੀਤਾ ਤਾਂ ਪੰਜਾਬ ਅੰਦਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਰਹੱਦੀ ਅਤੇ ਅਤੀ ਸੰਵੇਦਨਸ਼ੀਲ ਪੰਜਾਬ ਰਾਜ ਲਈ ਆਪਣੇ ਹੱਕ ਵਜੋਂ ਵਿਸ਼ੇਸ਼ ਸਨਅਤੀ ਪੈਕਜ ਲੈਣ ਲਈ ਦਬਾਅ ਬਣਾਉਣੋਂ ਬੁਰੀ ਤਰ੍ਹਾਂ ਨਾਕਾਮ ਰਹੀ। ਇਸ ਸਬੰਧੀ ਮੁਜੱਫਰ ਰਜਮੀ ਦੀਆਂ ਇਹ ਲਾਈਨਾਂ ਖੂਬ ਢੁਕਦੀਆਂ ਹਨ: 'ਯੇ ਜਬਰ ਵੀ ਦੇਖਾ ਹੈ ਤਾਰੀਖ ਕੀ ਨਜ਼ਰੋਂ ਨੇ, ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ।

ਕੇਂਦਰ ਸਰਕਾਰ ਦੀ ਅਣਦੇਖੀ ਤੇ ਕੈਪਟਨ ਅਮਰਿੰਦਰ ਸਰਕਾਰ ਦੀ ਨਾਕਾਮੀ ਕਰ ਕੇ ਅੱਜ ਪੰਜਾਬ ਲਗਾਤਾਰ ਪਿਛਲੇ 23 ਸਾਲਾਂ ਤੋਂ ਸਨਅਤੀ ਪੈਕਜ ਦੀ ਅਣਹੋਂਦ ਕਰ ਕੇ ਨਾ ਸਿਰਫ ਬਹੁਤ ਵੱਡਾ ਨੁਕਸਾਨ ਉਠਾ ਰਿਹਾ ਹੈ ਬਲਕਿ ਪੰਜਾਬੀ ਨੌਜਵਾਨ ਬੇਰੁਜ਼ਗਾਰੀ ਦੀ ਚੱਕੀ 'ਚ ਬੁਰੀ ਤਰ੍ਹਾਂ ਪਿਸ ਰਿਹਾ ਹੈ। ਦੂਸਰੇ ਪਾਸੇ ਹਰਿਆਣਾ ਪ੍ਰਦੇਸ਼ ਦੀ ਅਣਐਲਾਨੀ ਰਾਜਧਾਨੀ ਵਜੋਂ ਗੁਰੂਗ੍ਰਾਮ ਨੂੰ ਵਿਕਸਿਤ ਕਰਨ 'ਚ ਕੇਂਦਰ ਸਰਕਾਰਾਂ ਨੇ ਖੁੱਲ੍ਹੇ ਦਿਲ ਨਾਲ ਮਦਦ ਕਰ ਕੇ ਉਸ ਨੂੰ ਦੇਸ਼ ਦੀਆਂ ਮੋਹਰਲੀਆਂ ਸੂਬਾ ਸਰਕਾਰਾਂ ਦੀ ਕਤਾਰ 'ਚ ਖੜਾ ਕਰ ਦਿੱਤਾ ਹੈ।

ਕਰੀਬ 12 ਸਾਲਾ ਸਰਕਾਰੀ ਤੇ ਗੈਰ ਸਰਕਾਰੀ ਅੱਤਵਾਦ ਦੀ ਮਾਰ ਨਾਲ ਬੁਰੀ ਤਰ੍ਹਾਂ ਆਰਥਿਕ ਤੌਰ 'ਤੇ ਤੁੰਬੇ ਪੰਜਾਬ ਨੂੰ ਕਿਸੇ ਵੀ ਰਾਜਨੀਤਿਕ

ਗੁਰੂ ਨਾਨਕ ਜਹਾਜ਼ ਐਲਾਨ ਨਾਮਾ' 'ਬੀ.ਸੀ. ਸਰਕਾਰ ਵੱਲੋਂ ਚੁੱਪ-ਚੁਪੀਤੇ ਰੱਦ ਕਰਨ ਦੀ ਸਖਤ ਸ਼ਬਦਾਂ 'ਚ ਨਿਖੇਧੀ

ਕੰਜ਼ਰਵਟਿਵ ਬੀਸੀ ਉਮੀਦਵਾਰਾਂ ਨੇ ਸਰਕਾਰ ਬਣਦੇ ਸਾਰ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਲਾਗੂ ਕਰਨ ਦੀ ਚੁੱਕੀ ਜ਼ਿੰਮੇਵਾਰੀ

ਸਰੀ, (ਡਾ. ਗੁਰਵਿੰਦਰ ਸਿੰਘ) : ਗੁਰੂ ਨਾਨਕ ਜਹਾਜ਼ ਐਲਾਨਨਾਮੇ ਦਾ ਵਿਸ਼ਾ 1914 ਦੀ ਇਤਿਹਾਸਕ ਚੜ੍ਹਦੀ ਕਲਾ ਦੀ ਯਾਤਰਾ ਨਾਲ ਜੁੜਿਆ ਹੋਇਆ ਹੈ, ਗੁਰੂ ਨਾਨਕ ਜਹਾਜ਼ (ਜਿਸ ਦਾ ਅਸਲ ਨਾਂ ਯਾਤਰੀਆਂ ਵੱਲੋਂ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ ਸੀ, ਜੋ ਕਿ ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ ਤੋਂ ਛੇ ਮਹੀਨੇ ਲਈ ਕਿਰਾਏ ਤੇ ਲਿਆ ਗਿਆ ਸੀ) ਨੂੰ ਵੈਨਕੂਵਰ ਬੰਦਰਗਾਹ 'ਤੇ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਬੀ.ਸੀ. ਸਰਕਾਰ ਵੱਲੋਂ ਇਸ ਬਾਰੇ ਜਾਰੀ ਕੀਤੇ ਗਏ ਐਲਾਨਨਾਮੇ ਵਿੱਚੋਂ 'ਗੁਰੂ ਨਾਨਕ ਜਹਾਜ਼' ਨਾਂ ਨੂੰ ਬਿਨਾਂ ਕਿਸੇ ਜਨਤਕ ਨੋਟਿਸ ਜਾਂ ਸਪੱਸ਼ਟੀਕਰਨ ਦੇ ਚੁੱਪ-ਚੁਪੀਤੇ ਹਟਾਉਣ ਦੇ ਮੁੱਦੇ 'ਤੇ ਗਦਰ ਮੈਮੋਰੀਅਲ ਸੁਸਾਇਟੀ, ਕੈਨੇਡਾ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਬੀਸੀ ਕੈਨੇਡਾ, ਵਣਜਾਰਾ ਨੋਮੈਡ ਕੁਲੈਕਸਨਜ, ਸਥਾਨਕ ਸਭਿਆਚਾਰਕ, ਸਾਹਿਤਕ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਡੂੰਘੀਆਂ ਵਿਚਾਰਾਂ ਹੋਈਆਂ। ਇਸ ਮੌਕੇ ਤੇ ਬੀਸੀ ਸਰਕਾਰ ਦੇ ਇਸ ਫੈਸਲੇ ਦੀ ਸਖਤ ਨਿਖੇਧੀ ਕੀਤੀ ਗਈ, ਜਿਸ ਵਿੱਚ ਉਹਨਾਂ ਗੁਰੂ ਨਾਨਕ ਜਹਾਜ਼ ਸ਼ਬਦ ਹਟਾ ਕੇ ਐਲਾਨਨਾਮਾ ਵਾਪਸ ਕੀਤਾ।

ਇਸ ਮੌਕੇ 'ਤੇ ਬੋਲਦਿਆਂ ਮੌਜੂਦਾ ਸੂਬਾਈ ਚੋਣ ਵਿੱਚ ਸਰੀ ਨੌਰਥ ਤੋਂ ਕੰਜ਼ਰਵਟਿਵ ਪਾਰਟੀ ਆਫ ਬੀਸੀ ਦੇ ਉਮੀਦਵਾਰ ਤੇ ਸਾਬਕਾ ਐਮਐਲਏ ਮਨਦੀਪ ਸਿੰਘ ਧਾਲੀਵਾਲ ਨੇ ਜ਼ਿੰਮੇਵਾਰੀ ਚੁੱਕਦਿਆਂ ਕਿਹਾ ਕੰਜ਼ਰਵਟਿਵ ਬੀਸੀ ਦੀ ਸਰਕਾਰ ਬਣਦੇ ਸਾਰ ਹੀ ਉਹ ਨਾ ਸਿਰਫ ਇਹ ਐਲਾਨਨਾਮਾ ਹੀ ਜਾਰੀ ਕਰਨਗੇ, ਬਲਕਿ ਵਿਦਿਆ ਖੇਤਰ ਵਿੱਚ ਵੀ ਗੁਰੂ ਨਾਨਕ ਜਹਾਜ਼ ਦੇ ਸਹੀ ਇਤਿਹਾਸ ਨੂੰ ਲਾਗੂ ਕਰਵਾਉਣ ਲਈ ਦ੍ਰਿੜ ਹੋਣਗੇ।



ਬੀਸੀ ਚੋਣਾਂ 'ਚ ਸਰੀ ਨਿਊਟਨ ਤੋਂ ਕੰਜ਼ਰਵਟਿਵ ਪਾਰਟੀ ਦੇ ਉਮੀਦਵਾਰ ਡਾ ਹਰਜ ਧਾਲੀਵਾਲ ਨੇ ਕਿਹਾ ਕਿ ਉਹਨਾਂ ਦੀ ਸਰਕਾਰ ਬਣਦਿਆਂ ਹੀ ਜਿੱਥੇ ਗੁਰੂ ਨਾਨਕ ਜਹਾਜ਼ ਦਾ ਸਹੀ ਇਤਿਹਾਸ ਲਾਗੂ ਕੀਤਾ ਜਾਵੇਗਾ, ਉਥੇ ਸਾਡੇ ਇਤਿਹਾਸ ਨਾਲ ਸਬੰਧਤ ਸਾਰੇ ਪਹਿਲੂਆਂ ਨੂੰ ਸੱਚ ਦੀ ਕਸੌਟੀ ਅਨੁਸਾਰ ਮਾਨਤਾ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਉਹ ਇਹ ਗੱਲ ਵਿਧਾਨ ਸਭਾ ਚ ਲੈ ਕੇ ਜਾਣਗੇ ਤੇ ਜੇਕਰ ਉਹਨਾਂ ਨੂੰ ਵਿਧਾਇਕ ਚੁਣਿਆ ਗਿਆ, ਤਾਂ ਉਹ ਹਰ ਹਾਲ ਵਿੱਚ ਗੁਰੂ ਨਾਨਕ ਜਾ ਐਲਾਨਨਾਮਾ ਜਾਰੀ ਕਰਵਾਉਣਗੇ

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਵੱਲੋਂ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ ਇਤਿਹਾਸ ਬਾਰੇ ਪ੍ਰਮਾਣਾਂ ਸਹਿਤ ਗੱਲਬਾਤ ਕਰਦਿਆਂ ਭੁਲੇਖੇ ਦੂਰ ਕੀਤੇ ਅਤੇ ਗੁਰੂ ਨਾਨਕ ਜਹਾਜ਼ ਦੇ ਸਹੀ ਬਿਰਤਾਂਤ ਨੂੰ ਬਹਾਲ ਕਰਨ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ। ਨਾ ਪੰਜਾਬ ਵਿੱਚ ਇਸ ਮੁੱਦੇ ਤੇ ਵਿਸੇਸ਼ ਕਰਕੇ ਅਕਾਲ ਤਖਤ ਸਾਹਿਬ ਦਾ ਧੰਨਵਾਦ ਕੀਤਾ, ਜਿੱਥੋਂ ਗੁਰੂ ਨਾਨਕ ਜਹਾਜ ਦੀ ਨਾਂ ਅਤੇ ਇਤਿਹਾਸ ਦੀ ਬਹਾਲੀ ਲਈ ਸੰਦੇਸ਼ ਦਿੱਤਾ ਗਿਆ ਅਤੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਿਖੇ ਗੁਰੂ ਨਾਨਕ ਜਹਾਜ਼ ਦੇ ਸ਼ਹੀਦੀ ਸਾਕੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਅਰਦਾਸ ਕੀਤੀ ਗਈ। ਗ਼ਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਵੱਲੋਂ ਡਾ ਸੁਰਿੰਦਰਜੀਤ ਸਿੰਘ ਭੋਲਾ ? ਨੇ ਕਿਹਾ ਕਿ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਨੂੰ ਕਾਮਾਗਾਟਾਮਾਰੂ ਦਾ ਇਤਿਹਾਸ ਦੱਸਦਿਆਂ ਕਈ ਇਤਿਹਾਸਕਾਰਾਂ ਅਤੇ ਸੰਸਥਾਵਾਂ ਨੇ ਧਰੋਹ ਕਮਾਇਆ ਗਿਆ ਹੈ ਅਤੇ ਇਸ ਦੀ ਸੋਧ ਹਰ ਹਾਲ ਵਿੱਚ ਹੋਣੀ ਚਾਹੀਦੀ ਹੈ, ਜਦਕਿ ਬੀਸੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਐਲਾਨਨਾਮਾ ਰੱਦ ਕਰਕੇ ਵੱਡੀ ਗਲਤੀ ਕੀਤੀ ਹੈ। ਵਣਜਾਰਾ ਨੋਮੈਡ ਕੁਲੈਕਸ਼ਨਜ਼ ਤੋਂ ਰਾਜ ਸਿੰਘ ਭੰਡਾਲ ਨੇ ਬੀਸੀ ਸਰਕਾਰ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਉੱਪਰ ਐਲਾਨਨਾਮਾ ਪਹਿਲਾਂ ਜਾਰੀ ਕਰਨ ਅਤੇ ਫਿਰ ਆਪੇ ਹੀ ਇਸ ਨੂੰ ਰੱਦ ਕਰਨ ਦੀ ਸਾਰੀ ਪ੍ਰਕਿਰਿਆ ਤੇ ਗੰਭੀਰ ਸਵਾਲ ਉਠਾਏ ਅਤੇ ਗਲਤੀ ਇਸ ਖ਼ ?ਲਾਫ਼ ਮੁਹਿੰਮ ਜਾਰੀ ਰੱਖਣ ਅਤੇ ਚੋਣਾਂ ਵਿੱਚ ਇਸ ਮੁੱਦੇ ਨੂੰ ਹਰ ਪੱਧਰ ਤੇ ਉਠਾ ਕੇ, ਸਰਕਾਰ ਨੂੰ ਜਵਾਬ ਦੇਹ ਬਣਾਉਣ ਦਾ ਪ੍ਰਣ ਦੁਹਰਾਇਆ। ਕੈਨੇਡਾ ਦੀ ਫੈਡਰਲ ਮਾਫ਼ੀ ਵਿੱਚ ਸੋਧ ਕਰਨ ਦੀ ਮੰਗ ਨੂੰ ਲੈ ਕੇ ਮੁੱਖ ਤੌਰ 'ਤੇ ਨਾਂ ਗੁਰੂ ਨਾਨਕ ਜਹਾਜ਼ ਕਰਨ ਲਈ ਆਵਾਜ਼ ਉਠਾਉਂਦੇ ਹੋਏ ਉਹਨਾ ਸਮੂਹ ਹਾਜ਼ਰੀਨ ਤੋਂ ਪ੍ਰਵਾਨਗੀ ਲਈ। ਇੰਜੀਨੀਅਰ ਸ ਜਗਰੂਪ ਸਿੰਘ ਖੇੜਾ ਨੇ ਇਸ ਵਿਸ਼ੇਸ਼ ਇਕੱਤਰਤਾ ਸ਼ਾਮਿਲ ਸ਼ਖਸੀਅਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਜਿਸ ਤਰ੍ਹਾਂ ਕਿਸੇ ਬੋਇੰਗ ਕੰਪਨੀ ਦਾ ਜਹਾਜ਼ ਲੀਜ਼ ਜਾਂ ਕਰਾਏ ਤੇ ਲੈਣ ਮਗਰੋਂ, ਪਛਾਣ ਬੋਇੰਗ ਕੰਪਨੀ ਦੀ ਨਹੀਂ, ਲੈਣ ਵਾਲੇ ਦੀ ਹੁੰਦੀ ਹੈ, ਇਸੇ ਤਰ੍ਹਾਂ ਗੁਰੂ ਨਾਨਕ ਜਹਾਜ਼ ਬਾਬਾ ਗੁਰਦਿੱਤ ਸਿੰਘ ਅਤੇ ਸਾਥੀਆਂ ਵੱਲੋਂ ਕਿਰਾਏ ਤੇ ਲੈ ਕੇ, ਇਸ ਦਾ ਗੁਰੂ ਨਾਨਕ ਜਹਾਜ਼ ਨਾਂ ਰੱਖਣ ਦੇ ਵਿਸ਼ੇ 'ਤੇ ਕੋਈ ਦੁਬਿਧਾ ਜਾਂ ਭੁਲੇਖਾ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇੱਥੇ ਜ਼ਿਕਰ ਯੋਗ ਹੈ ਕਿ 25 ਤੋਂ ਵੱਧ ਧਾਰਮਿਕ, ਸਮਾਜਿਕ, ਸਭਿਆਚਾਰ, ਸਾਹਿਤਕ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਲਈ ਬਚਨਵੱਧਤਾ ਪ੍ਰਗਟਾਉਂਦਿਆਂ, ਇਸ ਇਤਿਹਾਸ ਨੂੰ ਸੋਧਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਵਕਾਲਤ ਕੀਤੀ ਹੈ। ਹੋਰਨਾਂ ਬੁਲਾਰਿਆਂ ਵਿੱਚ ਗੁਰਮੁਖ ਸਿੰਘ ਦਿਓਲ, ਕੁਲਦੀਪ ਸਿੰਘ ਚਾਹਲ, ਬਲਬੀਰ ਸਿੰਘ ਸੰਘਾ, ਸੁਰਿੰਦਰ ਸਿੰਘ ਬੜਿੰਗ, ਬੀਬੀ ਸੁਖਵਿੰਦਰ ਕੌਰ, ਸ ਬਲਕਾਰ ਸਿੰਘ ਦੁਸਾਂਝ, ਕੇਸਰ ਸਿੰਘ ਕੂਨਰ, ਗਗਨ ਸਿੰਘ ਅਤੇ ਗੁਰਪ੍ਰੀਤ ਸਿੰਘ ਤਲਵੰਡੀ ਵਲੋਂ ਵਿਚਾਰ ਸਾਂਝੇ ਕੀਤੇ ਗਏ। ਹਾਜ਼ਰ ਸ਼ਖਸੀਅਤਾਂ ਵਿੱਚ ਸਰੀ ਦੇ ਡਿਪਟੀ ਮੇਅਰ ਮਨਦੀਪ ਸਿੰਘ ਨਾਗਰਾ ਦੇ ਪਿਤਾ ਸ ਜਗੀਰ ਸਿੰਘ ਨਾਗਰਾ, ਸੋਨੀ ਝਵਰ, ਭੁਪਿੰਦਰ ਸਿੰਘ ਘੱਗ, ਸਤਨਾਮ ਸਿੰਘ, ਹਰਪ੍ਰੀਤ ਸਿੰਘ, ਪੱਤਰਕਾਰ ਗੁਰਪ੍ਰੀਤ ਸਿੰਘ ਲੱਕੀ ਸਹੋਤਾ, ਅਮਰਪਾਲ ਸਿੰਘ, ਸੰਤੋਖ ਸਿੰਘ ਮੰਡੇਰ, ਨਿਰੰਜਨ ਸਿੰਘ ਲੇਹਲ, ਗੁਰਪ੍ਰੀਤ ਸਿੰਘ ਸੰਘੇੜਾ ਤਲਵੰਡੀ, ਮਨਪ੍ਰੀਤ ਸਿੰਘ, ਮਲਕੀਅਤ ਸਿੰਘ, ਰਵੀ ਕਾਂਤ, ਸਰਬਰਾਜ ਸਿੰਘ ਕਾਹਲੋਂ, ਪਰਮਿੰਦਰ ਸਿੰਘ ਥਿੰਦ, ਤੀਰਥ ਸਿੰਘ ਖਾਬੜਾ ਤੇ ਮਹਿੰਦਰਪਾਲ ਸਿੰਘ ਸੇਠੀ ਸਮੇਤ ਉੱਘੀਆਂ ਹਸਤੀਆਂ ਸ਼ਾਮਿਲ ਹੋਈਆਂ।

ਸਮਾਗਮ ਦਾ ਸੰਚਾਲਨ ਡਾਕਟਰ ਜਸਜੋਤ ਸਿੰਘ ਮਾਨ ਨੇ ਬਾਖੂਬੀ ਨਿਭਾਇਆ ਅਤੇ ਸਿਆਸਤਦਾਨਾਂ ਨੂੰ ਗੰਭੀਰ ਸਵਾਲ ਕੀਤੇ। ਸਮੁੱਚੇ ਰੂਪ 'ਚ ਇਹ ਸਮਾਗਮ ਬੀਸੀ ਸਰਕਾਰ ਵੱਲੋਂ ਗੁਰੂ ਨਾਨਕ ਜਹਾਜ਼ ਐਲਾਨਨਾਮਾ ਵਾਪਸ ਕੀਤੇ ਜਾਣ ਦੇ ਗਲਤ ਫੈਸਲੇ ਨੂੰ ਰੱਦ ਕਰਨ ਅਤੇ ਲੋਕਾਂ ਨੂੰ ਸੁਚੇਤ ਕਰਨ ਵਿੱਚ ਸਫਲ ਰਿਹਾ।

ਘਰ ਵਰਗੇ ਸਵਾਦਿਸ਼ਟ ਖਾਣੇ ਦਾ ਆਨੰਦ ਮਾਣੋ !
ਕੀ ਤੁਹਾਨੂੰ ਘਰ ਵਰਗੇ ਸ਼ੁੱਧ ਅਤੇ
ਸਵਾਦਿਸ਼ਟ ਦੇਸੀ ਖਾਣੇ ਦੀ ਭਾਲ ਹੈ ?

ਫਰੈਂਡਜ਼ ਇੰਡੀਅਨ ਰੈਸਟੋਰੈਂਟ
(Friend's Indian Restaurant)
ਤੁਹਾਡੀ ਸੇਵਾ ਵਿੱਚ ਹਾਜ਼ਰ ਹੈ !

ਘਰ ਵਰਗਾ ਖਾਣਾ (Home Style Food):
ਤਾਜ਼ਾ ਅਤੇ ਸਵਾਦਿਸ਼ਟ ਭੋਜਨ
ਹੋਮ ਸਰਵਿਸ ਉਪਲਬਧ (Home Service / Delivery):
ਗਰਮਾ-ਗਰਮ ਖਾਣਾ ਤੁਹਾਡੇ ਦਰਵਾਜ਼ੇ 'ਤੇ
ਕੈਟਰਿੰਗ ਦੀ ਸੁਵਿਧਾ (Catering Available):
ਛੋਟੇ-ਵੱਡੇ ਪ੍ਰੋਗਰਾਮਾਂ ਅਤੇ ਪਾਰਟੀਆਂ ਲਈ ਸੰਪਰਕ ਕਰੋ
ਸਮਾਂ: ਸਵੇਰੇ 11:00 ਵਜੇ ਤੋਂ
ਰਾਤ 9:00 ਵਜੇ ਤੱਕ (ਹਫ਼ਤੇ ਦੇ 7 ਦਿਨ)

ਪਤਾ: 1040 W. Kettleman Lane, Lodi, CA 95240
ਵੈੱਬਸਾਈਟ: www.friendsindianrestaurant.com
ਆਰਡਰ ਜਾਂ ਜਾਣਕਾਰੀ ਲਈ ਸੰਪਰਕ ਕਰੋ:
ਰਜਿੰਦਰ ਸਿੰਘ ਗਰੇਵਾਲ: 408-768-5303
ਰੈਸਟੋਰੈਂਟ ਫੋਨ: 209-334-2751

Welcome Friends
FRIEND'S INDIAN RESTAURANT
Home-Style Food
Now offering Local Home Service!
Rajinder Singh Grewal
Tel: 209-334-2751
Cell: 408-768-5303
11:00 AM to 9:00 PM (7 Days a week)
1040 W. Kettleman Lane, Lodi, CA 95240
www.friendsindianrestaurant.com
yelp

ਸਾਡੇ ਫੂਡ ਤੇ ਸਰਵਿਸ ਦੀ 100% ਗਰੰਟੀ ਹੈ

ਸ੍. ਗੁਰਚਰਨਜੀਤ ਸਿੰਘ ਲਾਂਬਾ

ਸ੍. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ



ਗੁਰਚਰਨਜੀਤ ਸਿੰਘ ਲਾਂਬਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਣੀ ਦੀ ਗਿਣਤੀ ਮੁਕਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤੀ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ਏ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੱਲ ਕੁੰਡ, ਜੋਤ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ, ਮਨਮਤ ਹੈ।

ਪਾਠ ਦਾ ਆਰੰਭ

ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸੇ ਮਗਰੋਂ 'ਹੁਕਮ' ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸਾਦ ਹੋਵੇ, ਵੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁਦਾਵਣੀ ਉਤੇ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣਾ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੌੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੇ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤ 'ਅਰਦਾਸ' ਕਰਾਈ ਜਾਵੇ।

ਕੜਾਹ ਪ੍ਰਸ਼ਾਦ

(ੳ) ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸਾਦਿ ਤਿਆਰ ਕਰਨ ਦੀ ਵਿਧੀ ਇਹ ਹੈ :

ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉਤਮ ਮਿਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤ੍ਰ ਨਾਲ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰੱਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾ ਕੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਏ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫ਼ਾ ਕੱਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁੱਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ ਕਿਹੜਾ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘੱਟ ਤਿਆਰ ਬਰ ਤਿਆਰ ਸਿੰਘ ਮਿਲਣ ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਦਾ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ। ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿੱਖ ਅਣਸਿੱਖ, ਨੀਚ ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ ਪਾਤ ਜਾਂ ਛੂਤ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘੱਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

(ਚਲਦਾ)

ਡੈਮੋਕ੍ਰੇਟਿਕ ਪਾਰਟੀ ਦੇ ਹੇਵੀਅਰ ਬਾਸੇਰਾ ਦੀ ਚੋਣਾਂ 'ਚ ਜਿੱਤ ਯਕੀਨੀ : ਅਟਾਰਨੀ ਜਸਪ੍ਰੀਤ ਸਿੰਘ

ਸਾਨ ਫਰਾਂਸਿਸਕੋ : ਪ੍ਰਾਇਮਰੀ ਚੋਣਾਂ ਵਿਚ ਕੈਲੀਫੋਰਨੀਆ ਦੇ ਗਵਰਨਰ ਵਜੋਂ ਉਮੀਦਵਾਰ ਹੇਵੀਅਰ ਬਾਸੇਰਾ ਨੇ ਬਹੁਤ ਵੱਡੀ ਜਿੱਤ ਪ੍ਰਾਪਤ

ਕੀਤੀ ਸੀ, ਹੁਣ ਜਦੋਂ ਆਖਰੀ ਚੋਣ ਪ੍ਰਕਿਰਿਆ 4 ਨਵੰਬਰ ਨੂੰ ਹੋ ਰਹੀ ਹੈ, ਉਸ ਵੇਲੇ ਡੈਮੋਕਰੇਟਿਕ ਪਾਰਟੀ ਦੇ ਬਸੇਰਾ ਦੇ ਜਿੱਤਣ ਦੀਆਂ ਪੂਰੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।ਹਾਲ ਹੀ ਵਿਚ ਬਾਸੇਰਾ ਨਾਲ ਇਕ ਮੁਲਾਕਾਤ ਅਮੀਕਾ ਦੇ ਨਾਮੀ ਇਮੀਗ੍ਰੇਸ਼ਨ ਸਿੱਖ ਵਕੀਲ ਜਸਪ੍ਰੀਤ ਸਿੰਘ ਨੇ ਕੀਤੀ। ਲਾਸ ਏਂਜਲਸ ਵਿਚ ਹੋਈ ਇਸ ਮੁਲਾਕਾਤ ਨੂੰ ਇਸ ਕਰਕੇ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਵੇਲੇ ਇਮੀਗਰੇਸ਼ਨ ਦੇ ਮਾਮਲਿਆਂ 'ਚ ਪੰਜਾਬੀਆਂ ਦੀਆਂ ਖਾਸ ਕਰ ਟਰੱਕਿੰਗ ਦੇ ਖੇਤਰ 'ਚ ਵੱਡੀਆਂ ਸਮੱਸਿਆਵਾਂ ਆ ਰਹੀਆਂ ਹਨ। ਵਰਕ ਪਰਮਿਟ ਧਾਰਕ ਹਜ਼ਾਰਾਂ ਪੰਜਾਬੀਆਂ ਦੇ ਡਰਾਈਵਿੰਗ ਲਾਇਸੈਂਸ ਰੱਦ ਕੀਤੇ ਜਾ ਚੁੱਕੇ ਹਨ। ਅਟਾਰਨੀ ਨੇ ਦੱਸਿਆ ਕਿ ਬਾਸੇਰਾ ਉਨ੍ਹਾਂ ਦੇ ਨਜ਼ਦੀਕੀ ਮਿੱਤਰਾਂ 'ਚੋਂ ਇਕ ਹਨ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਇਮੀਗ੍ਰੇਸ਼ਨ, ਸਿੱਖ ਭਾਈਚਾਰੇ ਅਤੇ ਪੰਜਾਬੀਆਂ ਦੀਆਂ ਟਰਕਿੰਗ ਖੇਤਰ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਨੂੰ ਵਿਸਥਾਰ 'ਚ ਦੱਸਿਆ ਅਤੇ ਸੰਭਾਵੀ ਗਵਰਨਰ ਨੇ ਭਰੋਸਾ ਦਿੱਤਾ ਕਿ ਜੇ ਉਨ੍ਹਾਂ ਨੂੰ ਕੈਲੀਫੋਰਨੀਆ ਦੇ ਗਵਰਨਰ ਵਜੋਂ ਸੇਵਾ ਮਿਲਦੀ ਹੈ ਤਾਂ ਉਹ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਗੇ।

ਅਮਰੀਕਾ 'ਚ ਪੰਜਾਬਣ ਸਣੇ 28 ਲੋਕਾਂ 'ਤੇ ਵੋਟਿੰਗ ਧੋਖਾਧੜੀ ਦਾ ਦੋਸ਼

ਅਮਰੀਕਾ ਵਿਚ ਕਥਿਤ ਚੋਣ ਧੋਖਾਧੜੀ ਦੇ ਮਾਮਲੇ ਵਿਚ 2 ਭਾਰਤੀ ਨਾਗਰਿਕਾਂ ਸਮੇਤ 28 ਗ੍ਰੀਨ ਕਾਰਡ ਧਾਰਕਾਂ 'ਤੇ ਦੋਸ਼ ਲਗਾਏ ਗਏ ਹਨ। ਇਨ੍ਹਾਂ ਸਾਰਿਆਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਅਮਰੀਕੀ ਨਾਗਰਿਕ ਨਾ ਹੋਣ ਦੇ ਬਾਵਜੂਦ ਵੋਟਰ ਦੇ ਤੌਰ 'ਤੇ ਰਜਿਸਟ ?ਰੇਸ਼ਨ ਕਰਵਾਈ ਅਤੇ ਨਵੰਬਰ 2024 ਦੀਆਂ ਅਮਰੀਕੀ ਚੋਣਾਂ ਵਿਚ ਵੋਟ ਪਾਈ। ਅਮਰੀਕੀ ਨਿਆਂ ਵਿਭਾਗ ਮੁਤਾਬਕ ਸੈਕਰਾਮੈਂਟੋ ਵਿਚ ਰਹਿਣ ਵਾਲੇ ਕਮਲੇਸ਼ ਸ਼ਾਹ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਨਵੰਬਰ 2024 ਦੀਆਂ ਆਮ ਚੋਣਾਂ ਦੇ ਦਿਨ ਹੀ ਵੋਟਰ ਦੇ ਤੌਰ 'ਤੇ ਰਜਿਸਟ ?ਰੇਸ਼ਨ ਕਰਵਾਈ ਅਤੇ ਵੋਟ ਵੀ ਪਾਈ।

ਉੱਥੇ ਰੈਂਚੋ ਪਾਲੋਸ ਵਰਡੇਸ ਵਿਚ ਰਹਿਣ ਵਾਲੀ ਅਮਨਦੀਪ ਕੌਰ 'ਤੇ ਦਸੰਬਰ 2022 ਵਿਚ ਵੋਟਰ ਰਜਿਸਟ੍ਰੇਸ਼ਨ ਕਰਾਉਣ ਅਤੇ 2024 ਦੀਆਂ ਚੋਣਾਂ ਵਿਚ ਵੋਟ ਪਾਉਣ ਦਾ ਦੋਸ਼ ਹੈ। ਫਿਲਹਾਲ ਉਹ ਅਮਰੀਕਾ ਨਾਗਰਿਕਤਾ ਹਾਸਲ ਕਰਨ ਦੀ ਪ੍ਰਕਿਰਿਆ ਵਿਚ ਹੈ। ਹਾਲਾਂਕਿ ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਦੋਵਾਂ ਵਿਚੋਂ ਕੋਈ ਉਨ੍ਹਾਂ 11 ਲੋਕਾਂ ਵਿਚ ਸ਼ਾਮਲ ਹੈ ਜਾਂ ਨਹੀਂ, ਜਿਨ੍ਹਾਂ ਨੂੰ ਕੈਲੀਫੋਰਨੀਆ ਵਿਚ ਤੜਕਸਾਰ ਕੀਤੀ ਗਈ ਛਾਪੇਮੀਰ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਹੈ।

ਅਮਰੀਕੀ ਨਿਆਂ ਵਿਭਾਗ ਦਾ ਕਹਿਣਾ ਹੈ ਕਿ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਰੇ 28 ਵਿਦੇਸ਼ੀ ਨਾਗਰਿਕ ਵੈਧ ਸਥਾਈ ਵਸਨੀਕ ਮਤਲਬ ਗ੍ਰੀਨ ਕਾਰਡ ਧਾਰਕ ਹਨ। ਗ੍ਰੀਨ ਕਾਰਡ ਜ਼ਰੀਏ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਰਹਿਣ ਦੀ ਇਜਾਜ਼ਤ ਮਿਲਦੀ ਹੈ ਪਰ ਇਸ ਨਾਲ ਅਮਰੀਕਾ ਨਾਗਰਿਕਤਾ ਨਹੀਂ ਮਿਲਦੀ। ਵਿਭਾਗ ਮੁਤਾਬਕ ਗ੍ਰੀਨ ਕਾਰਡ ਧਾਰਕ ਅਮਰੀਕਾ ਨਾਗਰਿਕਾ ਨਾ ਹੋਣ ਕਾਰਨ ਅਮਰੀਕੀ ਚੋਣਾਂ ਵਿਚ ਵੋਟ ਨਹੀਂ ਪਾ ਸਕਦੇ। ਇਸ ਮਾਮਲੇ ਵਿਚ ਨਾਗਰਿਕਤਾ ਹਾਸਲ ਕਰਨ ਦੀ ਅਰਜ਼ੀ ਵਿਚ ਕਥਿਤ ਤੌਰ 'ਤੇ ਗਲਤ ਜਾਣਕਾਰੀ ਦੇਣ ਅਤੇ ਕੁਝ ਮਾਮਲਿਆਂ ਵਿਚ ਫਰਜ਼ੀ ਵੋਟਰ ਰਜਿਸਟ੍ਰੇਸ਼ਨ ਕਰਾਉਣ ਦੇ ਦੋਸ਼ ਵੀ ਸ਼ਾਮਲ ਹਨ। ਇਹ ਗੰਭੀਰ ਸੰਘੀ ਅਪਰਾਧ ਹੈ ਜਿਸ ਵਿਚ ਵੱਧ ਤੋਂ ਵੱਧ 5 ਸਾਲ ਤੱਕ ਜੇਲ੍ਹ ਦੀ ਸਜ਼ਾ ਹੋ ਸਕਦੀ ਹੈ।

ਅਮਰੀਕਾ ਨਿਆਂ ਵਿਭਾਗ ਦੇ ਕਾਰਜਕਾਰੀ ਡਿਪਟੀ ਅਟਾਰਨੀ ਜਨਰਲ ਟਰੇਂਟ ਮੈਕਾਟੱਰ ਨੇ ਕਿਹਾ ਕਿ ਇਨ੍ਹਾਂ 28 ਦੋਸ਼ੀਆਂ ਦੇ ਨਾਮ ਉਨ੍ਹਾਂ 20 ਹਜ਼ਾਰ ਤੋਂ ਜ਼ਿਆਦਾ ਲੋਕਾਂ ਦੀ ਸੂਚੀ ਵਿਚ ਸ਼ਾਮਲ ਹੈ

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੂਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਜੀਵਨ ਇੰਝ ਵੀ ਬਦਲਦਾ ਹੈ/ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇੱਧਰ ਜਦੋਂ ਸਿਆਣੇ ਬੰਦਿਆਂ ਨੇ ਸ. ਦਇਆ ਸਿੰਘ ਨੂੰ ਪੁੱਛਿਆ ਕਿ ਥਾਣੇਦਾਰ ਇਸ ਤਰ੍ਹਾਂ ਕਹਿੰਦਾ ਹੈ। ਅੱਗੋਂ ਦਇਆ ਸਿੰਘ ਨੇ ਉੱਤਰ ਦਿੱਤਾ ਕਿ ਜਿਸ ਭੈਡ਼ੀ ਨੇ ਮੇਰੀ ਏਨੀ ਬੇ-ਇਜ਼ਤੀ ਕਰਾਈ ਹੈ, ਸਿਰ ਤੇ ਪੱਗ ਵੀ ਨਹੀਂ ਰਹਿਣ ਦਿੱਤੀ ਅਤੇ ਮਾਰ ਵਾਧੇ ਵਿੱਚ ਪੁਆਈ ਹੈ; ਹੁਣ ਮੇਰਾ ਇਸ ਨਾਲ ਕੀ ਸਾਥ ਹੈ। ਅੱਜ ਤੋਂ ਲੈ ਕੇ ਮੈਂ ਸਦਾ ਲਈ ਇਸ ਦਾ ਤਿਆਗ ਕਰ ਦਿੱਤਾ ਹੈ। ਮਨ ਵਿੱਚ ਬਾਬਾ ਜੀ ਦੇ ਬਚਨ ਵੀ ਯਾਦ ਆਉਣ ਕਿ 'ਜੇ ਬੰਦਾ ਸਿਆਣੇ ਦੇ ਕਹਿਣ ਤੇ ਸਿੱਧੇ ਰਸਤੇ ਨਾ ਆਵੇ ਤਾਂ ਕੁਦਰਤ ਕਿਸੇ ਹੋਰ ਤਰੀਕੇ ਨਾਲ ਸਿੱਧੇ ਰਸਤੇ ਪਾ ਦਿੰਦੀ ਹੈ।' ਮੈਂ ਉਸ ਸਮੇਂ ਤਾਂ ਉਹਨਾਂ ਦੀ ਗੱਲ ਨਹੀਂ ਸਮਝੀ, ਹੁਣ ਕੁਦਰਤ ਨੇ ਮੈਨੂੰ ਇਸ ਤਰ੍ਹਾਂ ਸਿੱਧੇ ਰਸਤੇ ਪੈਣ ਲਈ ਮਜ਼ਬੂਰ ਕਰ ਦਿੱਤਾ ਹੈ। ਮੁੱਕਦੀ ਗੱਲ ਦਇਆ ਸਿੰਘ ਨੂੰ ਪਿੰਡ ਦੇ ਬੰਦਿਆਂ ਸਿਰ ਤੇ ਪਰਨਾ ਬੰਨ੍ਹਾ ਕੇ ਕਛਹਿਰੇ ਸਮੇਤ ਰਿਹਾਅ ਕਰਵਾ ਲਿਆਂਦਾ ਕਿਉਂਕਿ ਪੱਗ ਤੇ ਚਾਦਰ ਸਿਪਾਹੀਆਂ ਨੇ ਪਹਿਲਾਂ ਹੀ ਅੱਗੇ ਪਿੱਛੇ ਕਰ ਲਈਆਂ ਸਨ। ਉਹਨਾਂ ਨੂੰ ਪੁੱਛਣ ਤੇ ਵੀ ਉਹਨਾਂ ਕਿਹਾ ਕਿ ਅਸੀਂ ਇਸ ਨੂੰ ਇਸੇ ਹਾਲਤ ਵਿੱਚ ਹੀ ਥਾਣੇ ਲਿਆਏ ਸਾਂ। ਪਿੰਡ ਆ ਕੇ ਦੋ-ਤਿੰਨ ਦਿਨ ਬਾਅਦ ਦਇਆ ਸਿੰਘ, ਬਾਬਾ ਜੀ ਪਾਸ ਪੁੱਜਾ। ਨਮਸਕਾਰ ਕਰਕੇ ਬੇਨਤੀ ਕੀਤੀ, ਬਾਬਾ ਜੀ! ਮੈਂ ਆਪ ਜੀ ਦੇ ਕਹਿਣ ਤੇ ਤਾਂ ਹੁੱਜਤਾਂ੧ ਪੜ੍ਹਦਾ ਰਿਹਾ ਪਰ ਹੁਣ ਅਖ਼ੀਰ ਵੇਖ ਕੇ ਜਿਸ ਨੇ ਮੇਰੀ ਸਾਰੇ ਇਲਾਕੇ ਵਿੱਚ ਬੇਇਜ਼ਤੀ ਕਰਵਾਈ ਹੈ, ਪਿਤਾ ਜੀ ਵੀ ਉਸ ਦਿਨ ਤੋਂ ਮੇਰੇ ਨਾਲ ਨਹੀਂ ਬੋਲੇ, ਮੈਂ ਇਸ ਲਾਹਨਤ ਦਾ ਸਦਾ ਲਈ ਤਿਆਗ ਕਰਨ ਦਾ ਤੁਹਾਡੇ ਸਾਮ੍ਹਣੇ ਬਚਨ ਕਰਦਾ ਹਾਂ ਅਤੇ ਹੁਣ ਜਿਸ ਦਿਨ ਮਰਜ਼ੀ ਅੰਮ੍ਰਿਤ ਛਕਾ ਦੇਵੋ।

ਬਾਬਾ ਜੀ ਨੇ ਦਇਆ ਸਿੰਘ ਨੂੰ ਕਹਿਆ ਕਿ ਤੁਸੀਂ ਬਹੁਤ ਚੰਗਾ ਨਿਰਣਾ ਲਿਆ ਹੈ। ਇਸ ਚੌਦਰੀ ਸ਼ਰਾਬ ਨੂੰ ਤਿਆਗਣ ਨਾਲ ਇੱਥੇ ਵੀ ਮਾਣ ਸਤਿਕਾਰ ਮਿਲਦਾ ਹੈ ਤੇ ਸਤਿਗੁਰੂ ਜੀ ਦੀ ਵੀ ਖ਼ੁਸ਼ੀ ਹੁੰਦੀ ਹੈ। ਇਨਸਾਨ ਉਹੋ ਹੈ ਜੋ ਗ਼ਲਤੀ ਕਰੇ ਪਰ ਉਸ ਗ਼ਲਤੀ ਦਾ ਅਹਿਸਾਸ ਕਰਕੇ ਮੁੜ ਉਸ ਨੂੰ ਨਾ ਦੁਹਰਾਏ। ਜੋ ਮੁੜ-ਮੁੜ ਕੇ ਗ਼ਲਤੀ ਨੂੰ ਦੁਹਰਾਏ, ਉਹ ਹੈਵਾਨ ਭੁੱਲ ਹੈ। ਸੋ ਤੁਸੀਂ ਗ਼ਲਤੀ ਨੂੰ ਮਹਿਸੂਸ ਕੀਤਾ ਹੈ ਅਤੇ ਇਸ ਨੂੰ ਤਿਆਗਣ ਲਈ ਤਿਆਰ ਹੋ, ਗੁਰੂ ਪਾਤਸ਼ਾਹ ਜੀ ਮਿਹਰ ਕਰਨ ਤੇ ਸਦਾ ਹੀ ਆਪਣੇ ਚਰਨਾਂ ਨਾਲ ਜੋੜੀ ਰੱਖਣ। ਤੁਸੀਂ ਹੁਣ ਤੋਂ ਹੀ ਤਿਆਗੀ ਕਰ ਲਵੋ। ਮੂਲਮੰਤ੍ਰ ਦੀਆਂ ਮਾਲਾ ਕਰਨੀਆਂ ਅਰੰਭ ਕਰ ਦੇਵੋ ਅਤੇ ਕਕਾਰ ਧਾਰਨ ਕਰਨੇ ਦੀ ਆਦਤ ਬਣਾ ਲਵੋ, ਛੇਤੀ ਹੀ ਅੰਮ੍ਰਿਤ ਛਕਾਉਣ ਦਾ ਯਤਨ ਕਰਾਂਗੇ। ਸੋ ਥੋੜ੍ਹੇ ਦਿਨਾਂ ਬਾਅਦ ਹੀ ਦਇਆ ਸਿੰਘ ਨੇ ਅੰਮ੍ਰਿਤ ਛੱਕ ਲਿਆ। ਰਹਿਣੀ ਤੇ ਰਹਿਤ ਵਿੱਚ ਪਰਪੱਕ ਜੀਵਨ ਬਤੀਤ ਕਰਨ ਲੱਗ ਪਏ। ਤੁਰਦੇ ਫਿਰਦੇ ਮੂਲਮੰਤ੍ਰ ਦਾ ਜਾਪ ਨਿਰੰਤਰ ਜਾਰੀ ਰੱਖਦੇ। ਜ਼ਿਮੀਂਦਾਰੇ ਦਾ ਕਾਰੋਬਾਰ ਅਰੰਭ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ ਫਿਰ ਸੰਸਾਰਕ ਕੰਮਾਂ ਵਿੱਚ ਸ਼ਾਮਲ ਹੁੰਦੇ।

ਪਛਤਾਵਾ ਤਾਂ ਨਿਗੁਰੇ ਤੁਰ ਜਾਣ ਦਾ ਹੈ

ਜਿਉਂ-ਜਿਉਂ ਮੂਲਮੰਤ੍ਰ ਤੇ ਗੁਰਮੰਤ੍ਰ ਦੇ ਜਾਪ ਵਿੱਚ ਵਾਧਾ ਕੀਤਾ ਆਤਮਿਕ ਅਵਸਥਾ ਉਚੇਰੀ ਹੁੰਦੀ ਗਈ। ਇਹਨਾਂ ਦੇ ਸਭ ਤੋਂ ਛੋਟੇ ਭਰਾ ਜਿਹਨਾਂ ਦਾ ਨਾਂ ਸ: ਚੰਨਣ ਸਿੰਘ ਸੀ, ਜੋ ਬਾਰਡਰ ਸਕਿਉਰਿਟੀ ਫੋਰਸ ਵਿੱਚ ਨੌਕਰੀ

ਦੀ ਗੱਲ ਟੁੱਕਦਿਆਂ ਕਿਹਾ ਕਿ ਜੋ ਵੀ ਇਸ ਸੰਸਾਰ ਤੇ ਆਇਆ ਹੈ ਉਸ ਨੇ ਅਵੱਸ਼ ਇਥੋਂ ਜਾਣਾ ਹੀ ਹੈ। ਸਾਡੇ ਦੇਖਦਿਆਂ-ਦੇਖਦਿਆਂ ਕੇਤੀ ਚੱਲ ਗਈ ਹੈ। ਸਾਨੂੰ ਭਰਾ ਦੇ ਚੜ੍ਹਾਈ ਕਰ ਜਾਣ ਦਾ ਏਨਾ ਅਫ਼ਸੋਸ ਨਹੀਂ ਹੈ ਕਿਉਂਕਿ ਜਿੰਨਾਂ ਉਸ ਦਾ ਸਮਾਂ ਲਿਖਿਆ ਹੋਇਆ ਸੀ, ਉਸ ਤੋਂ ਵੱਧ ਤਾਂ ਉਸ ਨੇ ਭੋਗਣਾ ਨਹੀਂ ਸੀ। ਪਰ ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਸਾਡਾ ਭਰਾ ਇਸ ਸੰਸਾਰ ਤੋਂ ਨਿਗੁਰਾ ਹੀ ਮਰ ਗਿਆ ਹੈ। ਆਪ ਨੇ ਆਖਿਆ ਕਿ ਮੈਂ ਬਥੇਰਾ ਉਸ ਨੂੰ ਕਿਹਾ ਕਿ ਭਰਾ! ਭਾਵੇਂ ਤੂੰ ਮੈਥੋਂ ਛੋਟਾ ਹੈਂ ਪਰ ਸਮੇਂ ਦਾ ਕੋਈ ਪਤਾ ਨਹੀਂ ਤੂੰ ਅੰਮ੍ਰਿਤ ਛਕ ਕੇ ਗੁਰੂ ਵਾਲਾ ਜ਼ਰੂਰ ਬਣ ਜਾਹ ਪਰ ਉਸ ਨੇ ਲਾਰੇ ਲੱਪੇ ਵਿੱਚ ਸਮਾਂ ਲੰਘਾ ਦਿੱਤਾ, ਮੇਰੀ ਇੱਕ ਨਾ ਮੰਨੀ। ਹੁਣ ਅਸੀਂ ਗੁਰੂ ਅੱਗੇ ਕਿਹੜੇ ਮੂੰਹ ਨਾਲ ਅਰਦਾਸ ਕਰੀਏ ਕਿ ਸਾਡੇ ਭਰਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਿਸ਼ ਕਰੋ ਕਿਉਂਕਿ ਉਹ ਗੁਰੂ ਵਾਲਾ ਤਾਂ ਹੈ ਨਹੀਂ ਸੀ, ਹੁਣ ਉਸ ਦੀ ਬਹੁੜੀ ਕੌਣ ਕਰੇਗਾ? ਦੁੱਖ ਤਾਂ ਇਸ ਗੱਲ ਦਾ ਖਾ ਰਿਹਾ ਹੈ ਕਿ ਉਹ ਨਿਗੁਰਾ ਹੀ ਇਸ ਸੰਸਾਰ ਤੋਂ ਚਲਾ ਗਿਆ ਹੈ। ਉਸ ਦੀ ਸਹਾਇਤਾ ਕੌਣ ਕਰੇਗਾ? ਆਪ ਮੁਹਾਰੇ ਵੇਗ ਵਿੱਚ ਭਾਈ ਦਇਆ ਸਿੰਘ ਇਸ ਪ੍ਰਕਾਰ ਦੇ ਬਚਨ ਸੁਣਾਈ ਗਏ। ਸਾਧ ਸੰਗਤ ਜੀ! ਜੇ ਕਿਸੇ ਨੇ ਇਸ ਸੰਸਾਰ ਵਿੱਚ ਆ ਕੇ ਕੁੱਝ ਖੱਟਣਾ ਹੈ ਤਾਂ ਗੁਰੂ ਵਾਲੇ ਬਣ ਜਾਵੋ। ਅਸੀਂ ਜਵਾਨੀ ਸਮੇਂ ਬਹੁਤ ਕੁੱਝ ਕਰ ਕੇ ਵੇਖ ਲਿਆ ਹੈ ਅਖ਼ੀਰ ਇਸ ਦਰ ਤੋਂ ਬਗ਼ੈਰ ਗੁਰੂ ਦੀ ਸ਼ਰਨ ਤੋਂ ਵਿਹੂਣਿਆਂ ਨੂੰ ਧੱਕੇ ਹੀ ਧੱਕੇ ਹਨ। ਨਾ ਇੱਥੇ ਸੁੱਖ-ਚੈਨ ਤੇ ਨਾ ਅਗਾਂਹ ਸ਼ਾਂਤੀ। ਇਸ ਪ੍ਰਕਾਰ ਦੇ ਬਚਨ ਸੁਣਦਿਆਂ ਬੜਾ ਅਨੰਦ ਆਇਆ।

ਇਸ ਅਨੰਦ ਵਿੱਚ ਹੀ ਭਾਈ ਦਇਆ ਸਿੰਘ ਨੇ ਬਾਬਾ ਜੀ ਨਾਲ ਹੋਈ ਵਾਰਤਾ ਦੀ ਇੱਕ ਸਾਖੀ ਹੋਰ ਸੁਣਾ ਦਿੱਤੀ ਕਿ ਮਹਾਂਪੁਰਖ ਬਾਬਾ ਜੀ ਦੱਸਦੇ ਹੁੰਦੇ ਸਨ ਕਿ ਹਰ ਮਨੁੱਖ ਨੂੰ ਜਿਹੋ ਜਿਹੇ ਉਸ ਨੇ ਕਰਮ ਕੀਤੇ ਹੋਣ ਉਸ ਦਾ ਫਲ ਅਵੱਸ਼ ਭੁਗਤਣਾ ਪੈਂਦਾ ਹੈ। ਇਹ ਵੀ ਇੱਕ ਅਟੱਲ ਸਚਾਈ ਹੈ ਕਿ ਅਸੀਂ ਇੱਥੇ ਸੰਸਾਰ ਵਿੱਚ ਆਪਣੇ ਕੀਤੇ ਮਾੜੇ-ਚੰਗੇ ਕਰਮਾਂ ਦਾ ਭੁਗਤਾਨ ਕਰਨ ਆਏ ਹਾਂ। ਜਿਹੋ ਜਿਹੇ ਕਰਮ ਹੁਣ ਇੱਥੇ ਕਰਾਂਗੇ ਉਸ ਦਾ ਭੁਗਤਾਨ ਅਗਲੇ ਜਨਮ ਵਿੱਚ ਕਰਨਾ ਪਵੇਗਾ।

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ

ਭਾਈ ਦਇਆ ਸਿੰਘ ਨੇ ਦੱਸਿਆ ਕਿ ਇੱਕ ਦਿਨ ਮੈਂ ਬਾਬਾ ਜੀ ਪਾਸ ਗਿਆ। ਉਹਨਾਂ ਪਾਸ ਦੋ ਤਿੰਨ ਹੋਰ ਜਗਿਆਸੂ ਵੀ ਬੈਠੇ ਬਚਨ ਬਿਲਾਸ ਕਰ ਰਹੇ ਸਨ। ਬਾਬਾ ਜੀ ਨੇ ਜੋ ਗੁਰੂ ਮਹਾਰਾਜ ਜੀ ਦਾ ਉਪਦੇਸ਼ ਦ੍ਰਿੜ੍ਹ ਕਰਾਉਣ ਦੀ ਡਿਊਟੀ ਉਹਨਾਂ ਦੀ ਸੀ, ਉਸ ਨੂੰ ਪੂਰਾ ਕਰਦੇ ਹੋਏ ਪ੍ਰੇਮੀਆਂ ਨੂੰ ਪ੍ਰੇਰਨਾ ਦਿੱਤੀ ਕਿ ਮਨੁੱਖ ਨੂੰ ਹਮੇਸ਼ਾ ਮਾੜੇ ਕਰਮਾਂ ਤੋਂ ਬਚਣਾ ਚਾਹੀਦਾ ਹੈ। ਗੁਰਬਾਣੀ ਨੂੰ ਵੀਚਾਰ ਨਾਲ ਪੜ੍ਹਕੇ, ਗੁਰਬਾਣੀ ਜਿਹਨਾਂ ਮਾੜੇ ਕਰਮਾਂ ਤੋਂ ਸਾਨੂੰ ਵਰਜਦੀ ਹੈ ਉਹਨਾਂ ਦਾ ਤਿਆਗ ਕਰਨਾ ਚਾਹੀਦਾ ਹੈ, ਜਿਹੜੇ ਚੰਗੇ ਕਰਮ ਕਰਨ ਲਈ ਗੁਰਬਾਣੀ ਸਾਨੂੰ ਪ੍ਰੇਰਦੀ ਹੈ, ਉਹ ਕਰਨੇ ਚਾਹੀਦੇ ਹਨ। ਗੁਰਬਾਣੀ ਵਿੱਚੋਂ ਸਾਨੂੰ ਨਿੱਤ ਨਵੀਂ ਅਗਵਾਈ ਮਿਲਦੀ ਹੈ। ਇਸੇ ਲਈ ਸਤਿਗੁਰੂ ਜੀ ਨੇ ਸਾਨੂੰ ਹੁਕਮ ਕੀਤਾ ਹੈ ਕਿ ਸਾਡਾ ਸਿੱਖ ਹਰ-ਰੋਜ਼ ਸੱਤ ਬਾਣੀਆਂ ਦਾ ਨਿੱਤਨੇਮ ਕਰੇ। (ਚਲਦਾ)

ਅਮਰੀਕੀ ਚੋਣਾਂ 'ਚ ਗੈਰ-ਕਾਨੂੰਨੀ ਵੋਟ ਪਾਉਣ ਦੇ ਦੋਸ਼ ਹੇਠ ਭਾਰਤੀ ਨਾਗਰਿਕ ਗ੍ਰਿਫ਼ਤਾਰ

ਨਿਊਯਾਰਕ : ਅਮਰੀਕਾ ਵਿਚ 2024 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਆਪਣੇ ਆਪ ਨੂੰ ਅਮਰੀਕੀ ਨਾਗਰਿਕ ਦੱਸ ਕੇ ਵੋਟ ਪਾਉਣ ਦੇ ਦੋਸ਼ ਹੇਠ ਭਾਰਤੀ ਨਾਗਰਿਕ ਮੁਕੇਸ਼ਕੁਮਾਰ ਸੋਮਾਭਾਈ ਚੌਧਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਅਨੁਸਾਰ ਇਹ ਗ੍ਰਿਫ਼ਤਾਰੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸ) ਦੀ ਜਾਂਚ ਟੀਮ ਵਲੋਂ ਕੀਤੀ ਗਈ ਹੈ।ਅਦਾਲਤੀ ਦਸਤਾਵੇਜ਼ਾਂ ਮੁਤਾਬਕ ਚੌਧਰੀ ਨੇ ਮਿਨੇਸੋਟਾ ਸੂਬੇ ਵਿਚ 5 ਨਵੰਬਰ, 2024 ਨੂੰ ਹੋਈਆਂ ਚੋਣਾਂ ਦੌਰਾਨ ਵੋਟ ਪਾਉਣ ਲਈ ਇਕ ਫਾਰਮ ਉਤੇ ਦਸਤਖ਼ਤ ਕੀਤੇ ਸਨ। ਇਸ ਵਿਚ ਉਸ ਨੇ ਆਪਣੇ ਆਪ ਨੂੰ ਅਮਰੀਕੀ ਨਾਗਰਿਕ ਦੱਸਿਆ ਸੀ। ਜਾਂਚ ਅਧਿਕਾਰੀਆਂ ਦਾ ਦੋਸ਼ ਹੈ ਕਿ ਚੌਧਰੀ ਅਮਰੀਕੀ ਨਾਗਰਿਕ ਨਹੀਂ ਸੀ ਪਰ ਉਸ ਨੇ ਜਾਣਬੁੱਝ ਕੇ ਗਲਤ ਜਾਣਕਾਰੀ ਦੇ ਕੇ ਵੋਟ ਪਾਈ।

ਮਿਨੇਸੋਟਾ ਦੀ ਸੰਘੀ ਗ੍ਰੈਂਡ ਜਿਊਰੀ ਨੇ ਉਸ ਖ਼ਿਲਾਫ਼ ਦੋ ਅਪਰਾਧਿਕ ਦੋਸ਼ ਲਗਾਏ ਹਨ। ਇਨ੍ਹਾਂ ਵਿਚ ਵੋਟ ਪਾਉਣ ਲਈ ਗਲਤ ਜਾਣਕਾਰੀ ਦੇਣਾ ਅਤੇ ਅਮਰੀਕੀ ਨਾਗਰਿਕਤਾ ਦਾ ਝੂਠਾ ਦਾਅਵਾ ਕਰਨਾ ਸ਼ਾਮਿਲ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਕਿ ਅਮਰੀਕੀ ਨਾਗਰਿਕ ਨਾ ਹੋਣ ਦੇ ਬਾਵਜੂਦ ਚੋਣਾਂ ਵਿਚ ਵੋਟ ਪਾਉਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਮੁਤਾਬਕ ਅਜਿਹੇ ਮਾਮਲਿਆਂ ਵਿਚ ਅਪਰਾਧਿਕ ਮੁਕੱਦਮੇ ਦੇ ਨਾਲ ਦੇਸ਼ ਨਿਕਾਲੇ ਦੀ ਕਾਰਵਾਈ ਵੀ ਹੋ ਸਕਦੀ ਹੈ। ਅਧਿਕਾਰੀਆਂ ਅਨੁਸਾਰ ਦੋਸ਼ ਸਾਬਤ ਹੋਣ 'ਤੇ ਚੌਧਰੀ ਨੂੰ ਹਰੇਕ ਦੋਸ਼ ਲਈ ਵੱਧ ਤੋਂ ਵੱਧ ਪੰਜ ਸਾਲ ਦੀ ਕੈਦ ਹੋ ਸਕਦੀ ਹੈ। ਫਿਲਹਾਲ ਮਾਮਲਾ ਅਦਾਲਤ ਵਿਚ ਹੈ ਅਤੇ ਉਸ ਖ਼ਿਲਾਫ਼ ਲੱਗੇ ਦੋਸ਼ ਅਜੇ ਸਾਬਤ ਨਹੀਂ ਹੋਏ ਹਨ।

ਅਮਰੀਕਾ ਤੋਂ ਵਾਪਸ ਭੇਜੀ ਮਹਿਲਾ ਡਾਕਟਰ ਦੀ ਅਪੀਲ ਖਾਰਜ

ਨਿਊਯਾਰਕ : ਅਮਰੀਕਾ ਤੋਂ ਲਿਬਨਾਨ ਵਾਪਸ ਭੇਜੀ ਗਈ ਬ੍ਰਾਊਨ ਯੂਨੀਵਰਸਿਟੀ ਦੀ ਸਹਾਇਕ ਪ੍ਰੋਫੈਸਰ ਅਤੇ ਮਹਿਲਾ ਡਾਕਟਰ ਰਾਸ਼ਾ ਅਲਾਵੀਹ ਨੂੰ ਸੰਘੀ ਅਪੀਲ ਅਦਾਲਤ ਤੋਂ ਰਾਹਤ ਨਹੀਂ ਮਿਲੀ। ਅਦਾਲਤ ਨੇ ਉਨ੍ਹਾਂ ਦੇ ਦੇਸ਼ ਨਿਕਾਲੇ ਵਿਰੁੱਧ ਮੁਕੱਦਮਾ ਖਾਰਜ ਕਰਨ ਦੇ ਪਹਿਲੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ। ਰਾਸ਼ਾ ਅਲਾਵੀਹ ਨੂੰ ਮਾਰਚ 2025 ਵਿਚ ਲਿਬਨਾਨ ਤੋਂ ਵਾਪਸੀ ਸਮੇਂ ਬੋਸਟਨ ਦੇ ਲੋਗਨ ਹਵਾਈ ਅੱਡੇ 'ਤੇ ਰੋਕ ਲਿਆ ਗਿਆ ਸੀ। ਵੈਧ ਐੱਚ-1ਬੀ ਵੀਜ਼ਾ ਹੋਣ ਦੇ ਬਾਵਜੂਦ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਅਮਰੀਕਾ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਅਤੇ ਲਿਬਨਾਨ ਭੇਜ ਦਿੱਤਾ। ਪੁੱਛਗਿੱਛ ਦੌਰਾਨ ਅਲਾਵੀਹ ਨੇ ਮੰਨਿਆ ਸੀ ਕਿ ਉਹ ਲਿਬਨਾਨ ਵਿਚ ਹਿਜ਼ਬੁੱਲਾ ਆਗੂ

ਹਸਨ ਨਸਰੱਲਾ ਦੇ ਅੰਤਿਮ ਸੰਸਕਾਰ ਵਿਚ ਸ਼ਾਮਿਲ ਹੋਈ ਸੀ। ਹਿਜ਼ਬੁੱਲਾ ਨੂੰ ਅਮਰੀਕਾ ਨੇ ਅੱਤਵਾਦੀ ਸੰਗਠਨ ਐਲਾਨਿਆ ਹੋਇਆ ਹੈ। ਡਾਕਟਰ ਨੇ ਕਿਹਾ ਸੀ ਕਿ ਉਹ ਧਾਰਮਿਕ ਕਾਰਨਾਂ ਕਰਕੇ ਉੱਥੇ ਗਈ ਸੀ ਤੇ ਉਸ ਦਾ ਸੰਗਠਨ ਨਾਲ ਕੋਈ ਸਿਆਸੀ ਜਾਂ ਫ਼ੌਜੀ ਸਬੰਧ ਨਹੀਂ ਹੈ। ਉਸ ਦੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਅਦਾਲਤ ਵੱਲੋਂ 48 ਘੰਟੇ ਪਹਿਲਾਂ ਸੂਚਨਾ ਦੇਣ ਦੇ ਹੁਕਮ ਦੇ ਬਾਵਜੂਦ ਡਾਕਟਰ ਨੂੰ ਦੇਸ਼ ਵਿਚੋਂ ਕੱਢ ਦਿੱਤਾ ਗਿਆ ਅਤੇ ਆਪਣਾ ਪੱਖ ਰੱਖਣ ਦਾ ਮੌਕਾ ਵੀ ਨਹੀਂ ਮਿਲਿਆ। ਹਾਲਾਂਕਿ ਸੰਘੀ ਅਪੀਲ ਅਦਾਲਤ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਕਾਨੂੰਨ ਤਹਿਤ ਉਸ ਕੋਲ ਇਸ ਦੇਸ਼ ਨਿਕਾਲੇ ਦੀ ਸਮੀਖਿਆ ਕਰਨ ਦਾ ਅਧਿਕਾਰ ਨਹੀਂ ਹੈ।

ਇਲਹਾਨ ਉਮਰ ਦੇ ਹੱਕ 'ਚ ਡਟੇ ਬਰਾਕ ਓਬਾਮਾ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਡੈਮੋਕ੍ਰੇਟਿਕ ਸੰਸਦ ਮੈਂਬਰ ਇਲਹਾਨ ਉਮਰ ਦੀ ਨਾਗਰਿਕਤਾ ਰੱਦ ਕਰਨ ਅਤੇ ਉਨ੍ਹਾਂ ਨੂੰ ਦੇਸ਼ 'ਚੋਂ ਕੱਢਣ ਦੀ ਸੰਭਾਵਨਾ ਬਾਰੇ ਟਰੰਪ

ਪ੍ਰਸ਼ਾਸਨ ਦੇ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ ਹੈ। ਓਬਾਮਾ ਨੇ ਕਿਹਾ ਕਿ ਇਕ ਚੁਣੀ ਹੋਈ ਸੰਸਦ ਮੈਂਬਰ ਨੂੰ ਰਾਸ਼ਟਰਪਤੀ ਦੀ ਆਲੋਚਨਾ ਕਰਨ ਕਾਰਨ ਸਰਕਾਰੀ ਕਾਰਵਾਈ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਓਬਾਮਾ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਲਹਾਨ ਉਮਰ ਨੇ ਕੋਈ ਕਾਨੂੰਨ ਨਹੀਂ ਤੋੜਿਆ, ਫਿਰ ਵੀ ਉਨ੍ਹਾਂ ਵਿਰੁੱਧ ਸੰਘੀ ਸਰਕਾਰ ਦੀ ਪੂਰੀ ਤਾਕਤ ਵਰਤੀ ਜਾ ਰਹੀ ਹੈ। ਉਨ੍ਹਾਂ ਅਮਰੀਕੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਸਿਆਸੀ ਵਿਚਾਰਾਂ ਤੋਂ ਉੱਪਰ ਉੱਠ ਕੇ ਉਮਰ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ। ਓਬਾਮਾ ਨੇ ਉਮਰ ਦੀ ਨਾਗਰਿਕਤਾ ਬਾਰੇ ਵੀ ਸਪੱਸ਼ਟੀਕਰਨ ਦਿੱਤਾ। ਉਨ੍ਹਾਂ ਦੱਸਿਆ ਕਿ ਇਲਹਾਨ 12 ਸਾਲ ਦੀ ਉਮਰ ਵਿਚ ਆਪਣੇ ਪਿਤਾ ਨਾਲ ਅਮਰੀਕਾ ਆਈ ਸੀ, ਜਦੋਂ ਪੰਜ ਸਾਲ ਬਾਅਦ ਉਨ੍ਹਾਂ ਦੇ ਪਿਤਾ ਨੂੰ ਅਮਰੀਕੀ ਨਾਗਰਿਕਤਾ ਮਿਲੀ ਤਾਂ ਉਮਰ ਦੀ ਉਮਰ 17 ਸਾਲ ਸੀ। ਇਸ ਕਾਰਨ ਕਾਨੂੰਨ ਅਨੁਸਾਰ ਉਹ ਵੀ ਅਮਰੀਕੀ ਨਾਗਰਿਕ ਬਣ ਗਈ ਸੀ। ਉਨ੍ਹਾਂ ਕਿਹਾ ਕਿ ਸੰਘੀ ਅਧਿਕਾਰੀਆਂ ਨੇ ਉਮਰ ਦੇ ਘਰ ਦੀ ਤਲਾਸ਼ੀ ਲਈ, ਨਿੱਜੀ ਦਸਤਾਵੇਜ਼ ਅਤੇ ਮੋਬਾਈਲ ਫ਼ੋਨ ਜ਼ਬਤ ਕੀਤਾ, ਪਰ ਅਜੇ ਤੱਕ ਅਜਿਹਾ ਕੋਈ ਸਬੂਤ ਸਾਹਮਣੇ ਨਹੀਂ ਆਇਆ ਜੋ ਉਸ ਦੀ ਨਾਗਰਿਕਤਾ ਨੂੰ ਗਲਤ ਸਾਬਤ ਕਰਦਾ ਹੋਵੇ।

ਐੱਚ -1 ਬੀ ਅਤੇ ਓ. ਪੀ. ਟੀ. ਵੀਜ਼ਾ ਪ੍ਰੋਗਰਾਮ ਬੰਦ ਕਰਨ ਦੀ ਮੰਗ ਅਮਰੀਕੀ ਸੰਸਦ ਮੈਂਬਰ ਰਾਈਲੀ ਮੂਰ ਨੇ 'ਭਾਰਤੀ ਕਾਮਿਆਂ ਦੀ ਭਰਤੀ' ਤੇ ਚੁੱਕੇ ਸਵਾਲ

ਨਿਊਯਾਰਕ : ਅਮਰੀਕਾ ਵਿਚ ਵਿਦੇਸ਼ੀ ਕਾਮਿਆਂ ਦੀ ਭਰਤੀ ਨੂੰ ਲੈ ਕੇ ਚੱਲ ਰਹੀ ਬਹਿਸ ਵਿਚਾਲੇ ਰਿਪਬਲਿਕਨ ਸੰਸਦ ਮੈਂਬਰ ਰਾਈਲੀ ਮੂਰ ਨੇ ਐੱਚ-1ਬੀ ਅਤੇ ਓ.ਪੀ.ਟੀ. ਪ੍ਰੋਗਰਾਮਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕੀ ਕੰਪਨੀਆਂ ਆਪਣੇ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਭਾਰਤ ਅਤੇ ਚੀਨ ਸਮੇਤ ਹੋਰ ਦੇਸ਼ਾਂ ਤੋਂ ਘੱਟ ਤਨਖਾਹਾਂ ਉਤੇ ਕਾਮੇ ਰੱਖ ਰਹੀਆਂ ਹਨ। ਮੂਰ ਨੇ ਇਨ੍ਹਾਂ ਦੋਵਾਂ ਪ੍ਰੋਗਰਾਮਾਂ ਨੂੰ ਧੋਖਾਧੜੀ ਕਰਾਰ ਦਿੱਤਾ ਹੈ। ਮੂਰ ਨੇ ਸੋਸ਼ਲ ਮੀਡੀਆ ਉਤੇ ਜਾਰੀ ਬਿਆਨ ਅਤੇ ਇਕ ਇੰਟਰਵਿਊ ਦੌਰਾਨ ਕਿਹਾ ਕਿ ਐੱਚ-1ਬੀ ਪ੍ਰੋਗਰਾਮ ਦਾ ਅਸਲ ਮਕਸਦ ਉਨ੍ਹਾਂ ਅਸਾਮੀਆਂ ਲਈ ਵਿਦੇਸ਼ੀ ਮਾਹਿਰਾਂ ਦੀ ਭਰਤੀ ਕਰਨਾ ਸੀ, ਜਿਨ੍ਹਾਂ ਲਈ ਅਮਰੀਕਾ ਵਿਚ ਯੋਗ ਕਾਮੇ ਨਹੀਂ ਮਿਲਦੇ ਪਰ ਉਨ੍ਹਾਂ ਮੁਤਾਬਕ ਕੰਪਨੀਆਂ ਹੁਣ ਇਸ ਦੀ ਵਰਤੋਂ ਸਸਤੇ ਵਿਦੇਸ਼ੀ ਕਾਮੇ ਰੱਖਣ ਲਈ ਕਰ ਰਹੀਆਂ ਹਨ, ਜਿਸ ਨਾਲ ਕੰਪਿਊਟਰ ਸਾਇੰਸ, ਪ੍ਰੋਗਰਾਮਿੰਗ ਅਤੇ ਅਕਾਊਂਟਿੰਗ ਦੀ ਪੜ੍ਹਾਈ ਕਰ ਚੁੱਕੇ ਅਮਰੀਕੀ ਨੌਜਵਾਨਾਂ ਨੂੰ ਨੌਕਰੀਆਂ ਲੱਭਣ ਵਿੱਚ ਮੁਸ਼ਕਿਲ ਆ ਰਹੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਾਲ ਅਮਰੀਕਾ

ਵਿਚ ਕਰੀਬ 6 ਲੱਖ 50 ਹਜ਼ਾਰ ਨੌਜਵਾਨਾਂ ਨੇ ਕੰਪਿਊਟਰ ਸਾਇੰਸ ਅਤੇ ਸਬੰਧਤ ਵਿਸ਼ਿਆਂ ਵਿੱਚ ਪੜ੍ਹਾਈ ਪੂਰੀ ਕੀਤੀ, ਜਦਕਿ ਪੰਜ ਲੱਖ ਤੋਂ ਵੱਧ ਐੱਚ-1ਬੀ ਵੀਜ਼ਿਆਂ ਨੂੰ ਮਨਜ਼ੂਰੀ ਦਿੱਤੀ ਗਈ। ਮੂਰ ਨੇ ਇਹ ਵੀ ਦੋਸ਼ ਲਾਇਆ ਕਿ ਵਿਦੇਸ਼ੀ ਕਾਮਿਆਂ ਦੇ ਪਰਿਵਾਰਕ ਮੈਂਬਰਾਂ ਦੇ ਅਮਰੀਕਾ ਆਉਣ ਨਾਲ ਇਮੀਗ੍ਰੇਸ਼ਨ ਵਿੱਚ ਹੋਰ ਵਾਧਾ ਹੋ ਰਿਹਾ ਹੈ। ਹਾਲਾਂਕਿ ਉਨ੍ਹਾਂ ਦੇ ਇਨ੍ਹਾਂ ਦਾਅਵਿਆਂ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ। ਵੀਜ਼ਿਆਂ ਦੀ ਕੁੱਲ ਗਿਣਤੀ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਕਾਮਿਆਂ ਦੇ ਵੀਜ਼ੇ ਦੀ ਮਿਆਦ ਵਧਾਉਣ ਵਾਲੀਆਂ ਮਨਜ਼ੂਰੀਆਂ ਵੀ ਸ਼ਾਮਲ ਹੁੰਦੀਆਂ ਹਨ। ਇਸ ਲਈ ਇਨ੍ਹਾਂ ਸਾਰੀਆਂ ਮਨਜ਼ੂਰੀਆਂ ਨੂੰ ਨਵੀਆਂ ਨੌਕਰੀਆਂ ਨਾਲ ਜੋੜਨਾ ਠੀਕ ਨਹੀਂ ਹੋਵੇਗਾ। ਇਸੇ ਦੌਰਾਨ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਐੱਚ-1ਬੀ ਅਤੇ ਐੱਲ-1 ਵਰਕ ਵੀਜ਼ਿਆਂ ਦੀ ਮਿਆਦ ਵਧਾਉਣ ਸਬੰਧੀ ਨਿਯਮਾਂ ਵਿੱਚ ਤਬਦੀਲੀ ਦੀ ਤਜਵੀਜ਼ ਰੱਖੀ ਹੈ। ਇਸ ਤਹਿਤ ਪਹਿਲਾਂ ਵੀਜ਼ਾ ਮਨਜ਼ੂਰ ਹੋਣ ਦੇ ਬਾਵਜੂਦ ਇਮੀਗ੍ਰੇਸ਼ਨ ਅਧਿਕਾਰੀ ਨਵੀਂ ਅਰਜ਼ੀ ਦੀ ਯੋਗਤਾ ਮੁੜ ਜਾਂਚ ਸਕਣਗੇ। ਫਿਲਹਾਲ ਇਹ ਤਜਵੀਜ਼ ਲਾਗੂ ਨਹੀਂ ਹੋਈ।ਅਮਰੀਕੀ ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਮੁਤਾਬਕ ਵਿੱਤੀ ਸਾਲ 2025 ਵਿਚ ਐੱਚ-1ਬੀ ਲਾਭਪਾਤਰੀਆਂ ਵਿਚ ਭਾਰਤੀਆਂ ਦੀ ਹਿੱਸੇਦਾਰੀ ਕਰੀਬ 70 ਫ਼ੀਸਦੀ ਸੀ। ਅਜਿਹੇ ਵਿੱਚ ਇਨ੍ਹਾਂ ਪ੍ਰੋਗਰਾਮਾਂ ਬਾਰੇ ਹੋਣ ਵਾਲੇ ਕਿਸੇ ਵੀ ਵੱਡੇ ਫੈਸਲੇ ਦਾ ਅਸਰ ਅਮਰੀਕਾ ਵਿੱਚ ਕੰਮ ਕਰ ਰਹੇ ਅਤੇ ਨੌਕਰੀਆਂ ਦੀ ਉਮੀਦ ਰੱਖਣ ਵਾਲੇ ਭਾਰਤੀ ਪੇਸ਼ੇਵਰਾਂ ਉਤੇ ਪੈ ਸਕਦਾ ਹੈ। ਹਾਲਾਂਕਿ, ਮੂਰ ਵਲੋਂ ਦੋਵੇਂ ਪ੍ਰੋਗਰਾਮ ਬੰਦ ਕਰਨ ਦੀ ਮੰਗ ਕੀਤੀ ਗਈ ਹੈ ਪਰ ਸਰਕਾਰ ਨੇ ਇਨ੍ਹਾਂ ਨੂੰ ਖਤਮ ਕਰਨ ਦਾ ਕੋਈ ਫੈਸਲਾ ਨਹੀਂ ਕੀਤਾ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/
Email us at info@sanramonucc.com

ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

1. ਆਦਮੀ, ਸ਼ੰਕਰ ਦੇਵਤਾ ਦੇ ਨਾਂ 'ਤੇ ਸੋਮਵਾਰ ਦਾ ਵਰਤ ਰੱਖਦੇ ਹਨ ਅਤੇ ਸ਼ੰਕਰ ਦੇ ਪਿੰਡੀ (ਗੁਪਤ ਅੰਗ) ਫੁੱਲੋ ਜਾਂ ਲਿੰਗ ਦੀ ਕਈ ਢੰਗਾਂ ਨਾਲ ਪੂਜਾ ਕਰਦੇ ਹਨ। ਪ੍ਰੰਤੂ ਕੋਈ ਆਦਮੀ ਵਿਚਾਰ ਚੁੱਕਾ ਹੈ ਕਿ ਸ਼ੰਕਰ ਦੀ ਪਿੰਡੀ ਹੈ ਕੀ? ਆਦਮੀ ਅਤੇ ਔਰਤ ਦੇ ਮੇਲ ਮਿਲਾਪ ਦਾ ਨਮੂਨਾ ਪੇਸ਼ ਕਰਨਾ ਹੈ, ਪ੍ਰੰਤੂ ਇਹ ਕੁਝ ਨਹੀਂ ਹੈ। ਕੀ ਸਾਨੂੰ ਇਹੋ ਜਿਹੀ ਕਿਸਮ ਦੇ ਬੇਸ਼ਰਮੀ ਵਾਲੇ ਨਮੂਨੇ ਦੀਆਂ ਘਟਨਾਵਾਂ ਦੀਆਂ ਸਿਫ਼ਤਾਂ ਕਰਦੇ-ਗਾਉਣੀਆਂ ਚਾਹੀਦੀਆਂ ਹਨ? ਜੇਕਰ ਆਦਮੀ ਅਤੇ ਔਰਤ ਗਲੀਆਂ ਵਿਚ ਕੁੱਤੇ-ਕੁੱਤੀਆਂ ਵਾਂਗ (ਸ਼ਰੇਆਮ ਸੰਭੋਗ) ਗੰਦੇ ਵਰਤਾਵੇ ਵਿਚ ਮੁਲਵਜ਼ ਹੁੰਦੇ ਜਾਂ ਉਲਝਦੇ ਹਨ, ਕੀ ਅਸੀਂ ਫੁੱਲਾਂ ਨਾਲ ਉਨ੍ਹਾਂ ਦੀ ਪੂਜਾ ਕਰਨੀ ਹੈ ਜਾਂ ਜੁੱਤੀਆਂ ਨਾਲ ਨਿਵਾਜਣਾ ਹੈ? ਕੀ ਸਾਨੂੰ ਪਾਰਬਤੀ (ਅਤੇ) ਸ਼ੰਕਰ ਦੇਵਤਾ ਦੇ ਜਿਹਾ ਕਿ ਗੰਦੇ ਕੰਮ ਦੇ ਅਜਿਹੇ ਨਮੂਨੇ ਦੀ ਪੂਜਾ ਕਰਨੀ ਚਾਹੀਦੀ ਹੈ?

2. ਗਣਪਤੀ ਨਾਲ ਵੀ ਇਹੀ ਰਲਦਾ ਮਿਲਦਾ ਕੇਸ ਹੈ। ਡਾਕਟਰ ਅੰਬੇਡਕਰ ਨੇ ਭਾਸ਼ਣ ਜਾਰੀ ਰੱਖਿਆ 'ਗਣਪਤੀ ਦੀ ਕਹਾਣੀ ਹੈ ਕਿ ਇਕ ਵਾਰ ਪਾਰਬਤੀ ਆਪਣਾ ਇਸ਼ਨਾਨ ਨੰਗੀ ਹੋ ਕੇ ਕਰ ਰਹੀ ਸੀ। ਸ਼ੰਕਰ (ਦੇਵਤਾ) ਉਸ ਸਮੇਂ ਕਿਧਰੇ ਜਾ ਚੁੱਕਾ ਸੀ। ਇਸ ਕਰਕੇ ਕਿ ਉਹ ਕਿਸੇ ਵਿਅਕਤੀ ਦੁਆਰਾ ਪਰੇਸ਼ਾਨ ਨਾ ਕੀਤੀ ਜਾਵੇ ਪਾਰਬਤੀ ਨੇ ਆਪਣੇ ਸਰੀਰ ਦੀ ਮੈਲ ਖੁਰਚ (ਲਾਹ) ਕੇ ਰੱਖਿਆ ਕਰਨ ਲਈ ਰੱਖਿਅਕ ਗਣਪਤੀ ਮੈਲ ਤੋਂ ਬਣਾ ਲਿਆ। ਫਿਰ ਕਿਸ ਤਰ੍ਹਾਂ ਗੰਦ (ਦੇਹੀ ਦੀ ਮੈਲ) ਤੋਂ ਪੈਦਾ ਹੋ ਬਾਹਰ ਆਏ ਮੰਨਿਆ ਜਾਵੇ? ਦੇਹਧਾਰੀ ਦੇਵਤਾ ਦਾਗ਼ ਰਹਿਤ ਅਤੇ ਪਵਿੱਤਰ ਹੋਣਾ ਚਾਹੀਦਾ ਹੈ ਪ੍ਰੰਤੂ ਹਿੰਦੂ ਧਰਮ ਵਿਚ ਬੜੇ ਅਜੀਬ ਦੇਵਤੇ ਹਨ ਜਿਵੇਂ ਮੈਂ ਹੁਣੇ ਤੁਹਾਨੂੰ ਦੱਸਿਆ ਹੈ। ਇਸ ਲਈ ਮੇਰਾ ਇਮਾਨਦਾਰਾਨਾ ਯਕੀਨ ਹੈ ਕਿ ਉਨ੍ਹਾਂ ਦੀ ਪੂਜਾ ਨਹੀਂ ਕਰਨੀ ਚਾਹੀਦੀ।

3. ਤੀਜਾ, ਡਾ. ਅੰਬੇਡਕਰ ਨੇ ਦੱਤਾ ਤਰੇਆ ਦੀ ਕਹਾਣੀ ਬਿਆਨ ਕੀਤੀ, 'ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀਆਂ ਤਿੰਨਾਂ ਔਰਤਾਂ ਨੂੰ ਨਰਾਦਾ ਦੱਸਦੀ ਗਈ ਕਿ ਮਹਾਤਮਾ ਅਤ੍ਰੀ ਦੀ ਔਰਤ ਅਨਸੂਈਆ ਪਵਿੱਤਰ ਔਰਤ ਸੀ। ਉਹ ਬਰਦਾਸ਼ਤ ਨਾ ਕਰ ਸਕੀਆਂ ਕਿ ਕਿਸੇ ਔਰਤ ਨੂੰ ਉਨ੍ਹਾਂ ਨਾਲੋਂ ਜ਼ਿਆਦਾ ਪਵਿੱਤਰ (ਬ੍ਰਹਮਚਾਰੀ) ਮੰਨਿਆ ਜਾਵੇ। ਇਸ ਕਰਕੇ ਇਨ੍ਹਾਂ ਤਿੰਨਾਂ ਹੀ ਔਰਤਾਂ ਨੇ ਆਪਣੇ-ਆਪਣੇ ਪਤੀ ਨੂੰ ਅਨਸੂਈਆ ਦਾ ਬ੍ਰਹਮਚਰਜ ਭੰਗ ਕਰਨ ਲਈ ਆਖਿਆ ਅਤੇ



ਤਿੰਨਾਂ ਹੀ ਹੀਰੋਆਂ (ਦੇਵਤਿਆਂ) ਨੇ ਆਪਣੀਆਂ-ਆਪਣੀਆਂ ਔਰਤਾਂ ਦੀ ਗੱਲ ਨੂੰ ਧਿਆਨ ਨਾਲ ਸੁਣਿਆਂ ਅਤੇ ਅਜਿਹਾ ਕਰਨ ਨੂੰ ਤਿਆਰ ਹੋ ਗਏ। ਇਹ ਤਿੰਨੇ (ਦੇਵਤੇ) ਆਦਮੀ ਅਨਸੂਈਆ ਦੇ ਘਰ ਗਏ, ਉਹਦੇ ਆਦਮੀ ਨੂੰ ਕਿਸੇ, ਪਾਸੇ ਛਲ-ਕਪਟ ਨਾਲ ਭੇਜ ਦਿੱਤਾ ਅਤੇ ਅਨਸੂਈਆ ਦੇ ਨਾਲ ਰਹਿਣ ਲਗ ਪਏ। ਇਸ ਹਾਲਤ ਵਿਚ ਉਸ ਨੇ ਇਕ ਬੱਚੇ ਨੂੰ ਜਨਮ ਦਿੱਤਾ। ਕਿਉਂਕਿ ਉੱਥੇ ਪਿਤਾ ਨਿਰਧਾਰਿਤ ਕਰਨਾ ਸ਼ੱਕੀ ਸੀ, ਇਨ੍ਹਾਂ ਤਿੰਨਾਂ ਦੇਵਤਿਆਂ ਦੇ ਸਿਰ ਬਰਾਬਰ ਦੀ ਜ਼ਿੰਮੇਵਾਰੀ ਸੁੱਟਦਿਆਂ ਬੱਚੇ ਦੇ ਤਿੰਨੇ ਸਿਰ ਲਗਾਏ ਗਏ ਅਤੇ ਅਜਿਹੀ ਹੈ ਦੱਤਾਤ੍ਰੇਆ ਦੇ ਦੇਹ ਧਾਰਨ (ਜਨਮ ਲੈਣ) ਦੀ ਕਥਾ।

-ਹਵਾਲਾ (ਪੰਨਾ-160/162) Source Material Vol.One

ਧਰਮ ਬਦਲੀ ਦੇ ਪੱਖ ਦੀ ਲਹਿਰ ਵਾਪਸ ਲੈਣ ਵਾਲੀ ਨਹੀਂ ਹੈ (ਸਫ਼ਾ 162-179)

ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਦੇ ਅਖੀਰ 'ਤੇ ਕਿਹਾ, 'ਬਹੁਤ ਸਾਰੇ ਲੋਕਾਂ ਦਾ ਇਹ ਪ੍ਰਭਾਵ ਹੈ ਕਿ ਧਰਮ ਬਦਲੀ ਦੀ ਲਹਿਰ ਛੱਡ ਦਿੱਤੀ ਗਈ ਹੈ, ਪ੍ਰੰਤੂ ਇਹ ਅਜਿਹਾ ਨਹੀਂ ਹੈ। ਧਰਮ ਬਦਲੀ 'ਤੇ ਅਮਲ ਕਰਨਾ ਯਕੀਨੀ ਹੈ। ਇਹਨੂੰ ਆਪਣੇ ਮਨ 'ਚ ਚੰਗੀ ਤਰ੍ਹਾਂ ਬਿਠਾ ਲਵੋ ਕਿ ਮੈਂ ਇਸ ਲਹਿਰ ਨਾਲੋਂ ਨਾਤਾ ਨਹੀਂ ਤੋੜ ਚੁੱਕਾ ਹਾਂ। ਬਹੁਤ ਸਾਰੇ ਹਿੰਦੂ ਮੈਨੂੰ ਕਹਿੰਦੇ ਹਨ, 'ਸਾਡੀਆਂ ਅੱਖਾਂ ਤੁਹਾਡੀ ਲਹਿਰ ਦੇ ਸਿੱਟੇ ਵਜੋਂ ਧਰਮ ਬਦਲੀ (Lit. Question of...) ਲਈ ਖੋਲ੍ਹ ਦਿੱਤੀਆਂ ਗਈਆਂ ਹਨ, ਕਿਉਂਕਿ ਅਸੀਂ ਜਗਾ ਦਿੱਤੇ ਗਏ ਹਾਂ, ਤੁਹਾਡੇ ਪ੍ਰਤੀ ਹੁਣ ਅਸੀਂ ਆਪਣੀ ਜ਼ਿੰਮੇਵਾਰੀ ਵਿਚ ਫ਼ੇਲ੍ਹ ਨਹੀਂ ਹੋਵਾਂਗੇ।' ਇਸ ਕਰਕੇ ਧਰਮ ਬਦਲੀ ਦੀ ਲਹਿਰ ਤੁਸੀਂ ਜ਼ਰੂਰ ਵਾਪਸ ਲੈ ਲਵੋ, ਪ੍ਰੰਤੂ ਮੈਂ ਉਨ੍ਹਾਂ ਕਾਰਨਾਂ ਕਰਕੇ ਲਹਿਰ ਨੂੰ ਵਾਪਸ ਲੈਣ ਲਈ ਤੁਲਿਆ ਹੋਇਆ ਨਹੀਂ ਹਾਂ। ਜਿਹਦੇ ਨਾਲ ਹੁਣ ਮੈਂ ਸਬੰਧ ਰੱਖਦਾ ਹਾਂ। ਮਾਮਲੇ ਨੂੰ ਵਿਸਥਾਰ 'ਚ ਸੋਚੋ ਵਿਚਾਰੋ ਅਤੇ ਨਵਾਂ (Lit. Other) ਧਰਮ ਅਪਣਾ ਲਓ ਜ਼ਰੂਰ ਅਪਣਾਇਆ ਜਾਣਾ ਚਾਹੀਦਾ ਹੈ (New (lit other) the religion to be adopted must be adopted) ਸਿਰਫ਼ ਨੇੜਿਓਂ ਛਾਣਬੀਣ ਕਰਦਿਆਂ ਜਾਂਚ ਬਾਅਦ (Lit. after heating and testing as in the case of gold— ਗਰਮ ਕਰਦਿਆਂ ਅਤੇ ਟੈਸਟ ਕਰਦਿਆਂ ਬਾਅਦ 'ਚ ਜਿਵੇਂ ਸੋਨੇ ਦੇ ਕੇਸ ਵਿਚ ਹੁੰਦਾ ਹੈ)। ਮੈਂ ਆਸ ਕਰਦਾ ਹਾਂ ਕਿ ਇਸ ਤੋਂ ਬਾਅਦ ਮਹਾਰ ਕਮਿਊਨਿਟੀ ਦੇ ਸਾਰੇ ਮੈਂਬਰ, ਮਹਾਰ ਕਾਨਫ਼ਰੰਸ ਦੁਆਰਾ ਹੁਣ ਪੱਕੇ ਢੰਗ ਨਾਲ ਲਏ ਗਏ ਫ਼ੈਸਲੇ 'ਤੇ ਅਮਲ ਕਰਨਗੇ।

(ਚਲਦਾ)

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061

ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਹਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

ਹੈਲਥ ਗਾਈਡ

ਸਿਹਤਮੰਦ ਜੀਵਨ ਦੇ ਨੁਕਤੇ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

4. ਚੁੰਧਿਆਉਣ ਵਾਲੀ ਰੋਸ਼ਨੀ ਵਿੱਚ ਦੇਖਣ ਸਮੇਂ ਤਕਲੀਫ਼ ਹੋਣਾ।

5. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ, ਤਾਂ ਤੁਹਾਨੂੰ ਹਰ 1-2 ਸਾਲ ਬਾਅਦ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਚਿੱਟੇ ਮੋਤੀਏ ਦੀ ਜਾਂਚ :

ਅੱਖਾਂ ਦੇ ਡਾਕਟਰ ਵੱਲੋਂ ਅੱਖਾਂ ਦੀ ਜਾਂਚ ਕਰਨ ਤੋਂ ਬਾਅਦ ਚਿੱਟੇ ਮੋਤੀਏ ਦੀ ਪੁਸ਼ਟੀ ਕੀਤੀ ਜਾਂਦੀ ਹੈ। ਡਾਕਟਰ ਇਹ ਜਾਂਚ ਕਰਨਗੇ ਕਿ ਇਹ ਚਿੱਟਾ ਮੋਤੀਆ ਹੈ ਜਾਂ ਕੋਈ ਅੱਖਾਂ ਦੀ ਹੋਰ ਬਿਮਾਰੀ ਹੈ, ਜਿਸ ਨਾਲ ਅੱਖਾਂ ਦੀ ਨਿਗਾਹ ਘੱਟ ਹੋ ਰਹੀ ਹੈ।

ਚਿੱਟੇ ਮੋਤੀਆ ਦਾ ਅਪ੍ਰੇਸ਼ਨ ਕਿਵੇਂ ਕੀਤਾ ਜਾਂਦਾ ਹੈ ?

ਅੱਖਾਂ ਦਾ ਲੈਂਜ਼ ਸਾਫ਼ ਦੇਖਣ ਵਿੱਚ ਅੱਖਾਂ ਦੇ ਫ਼ੋਕਸ ਨੂੰ ਸਥਿਰ ਕਰਦਾ ਹੈ।

ਚਿੱਟੇ ਮੋਤੀਏ ਦੇ ਅਪ੍ਰੇਸ਼ਨ ਵਿੱਚ ਅੱਖਾਂ ਦੇ ਧੁੰਦਲੇ ਹੋਏ ਲੈਂਜ਼ ਨੂੰ ਬਦਲਿਆ ਜਾਂਦਾ ਹੈ। ਇਸ ਲੈਂਜ਼ ਦੇ ਸਥਾਨ 'ਤੇ ਨਕਲੀ ਲੈਂਜ਼ ਲਗਾਇਆ ਜਾਂਦਾ ਹੈ ਜਿਸ 'ਆਈ.ਓ.ਐਲ.' (ਇੰਟਰਾਔਕੁਲਰ ਲੈਂਜ਼) ਇੰਮਪਲਾਂਟ ਕਿਹਾ ਜਾਂਦਾ ਹੈ।

ਅਪ੍ਰੇਸ਼ਨ ਤੋਂ ਬਾਅਦ ਦੀਆਂ ਸਾਵਧਾਨੀਆਂ :

1. ਅੱਖਾਂ ਨੂੰ ਨਾ ਮਲੋ।
2. ਜ਼ਿਆਦਾ ਭਾਰ ਨਾ ਚੁੱਕੋ।
3. ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਪਾਣੀ ਨਾਲ ਸਾਫ਼ ਕਰੋ।
4. ਕੁਝ ਦਿਨਾਂ ਲਈ ਗੱਡੀ ਚਲਾਉਣ ਤੋਂ ਪ੍ਰਹੇਜ਼ ਕਰੋ।
5. ਦਿਨ ਵੇਲੇ ਕਾਲੀਆਂ ਐਨਕਾਂ ਅਤੇ ਰਾਤ ਨੂੰ ਸੌਣ ਵੇਲੇ ਅੱਖਾਂ 'ਤੇ ਪੱਟੀ ਬੰਨ੍ਹੋ।
6. ਅਪ੍ਰੇਸ਼ਨ ਤੋਂ ਬਾਅਦ ਆਪਣੇ ਚਿਹਰੇ ਨੂੰ ਸਿਰਫ਼ ਗਿੱਲੇ ਕੱਪੜੇ ਨਾਲ ਸਾਫ਼ ਕਰੋ।
7. ਡਾਕਟਰ ਦੇ ਦੱਸੇ ਮੁਤਾਬਕ ਅੱਖਾਂ ਵਿੱਚ ਦਵਾਈ ਲਗਾਤਾਰ ਪਾਓ।

ਕਾਲਾ ਮੋਤੀਆ (ਗਲੂਕੋਮਾ)

ਕਾਲਾ ਮੋਤੀਆ ਅੱਖਾਂ ਦੀ ਉਹ ਬਿਮਾਰੀ ਹੈ ਜਿਸ ਵਿੱਚ ਅੱਖ ਦਾ ਅੰਦਰਲਾ ਪਦਾਰਥ ਬਾਹਰ ਨਾ ਨਿਕਲਣ ਕਰਕੇ, ਅੱਖ ਦੇ ਅੰਦਰਲਾ ਦਬਾਓ ਵੱਧ ਜਾਂਦਾ ਹੈ। ਇਹ ਸਮੇਂ ਨਾਲ ਹੌਲੀ ਹੌਲੀ ਵਿਗੜਦਾ ਜਾਂਦਾ ਹੈ। ਜੇਕਰ ਕਾਲੇ ਮੋਤੀਏ ਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਇਸ ਨਾਲ ਅੰਨ੍ਹਾਪਣ ਵੀ ਹੋ ਸਕਦਾ ਹੈ।

ਕਾਰਨ :

1. ਕਾਲਾ ਮੋਤੀਆ ਦਾ ਪਰਿਵਾਰਿਕ ਪਿਛੋਕੜ।
2. ਸ਼ੂਗਰ ਰੋਗ।
3. ਸਟਿਰੌਇਡ ਦਵਾਈਆਂ ਦਾ ਲੈਣਾ।

ਰੋਕਥਾਮ/ਬਚਾਅ :

ਹਰ 5 ਸਾਲ ਵਿੱਚ ਇੱਕ ਵਾਰ ਅੱਖਾਂ ਦੇ ਦਬਾਓ ਦੀ ਅੱਖਾਂ ਦੇ ਡਾਕਟਰ ਕੋਲੋਂ ਜਾਂਚ ਕਰਵਾਓ, ਖ਼ਾਸ ਤੌਰ 'ਤੇ ਜੇਕਰ ਤੁਹਾਨੂੰ ਕਾਲਾ ਮੋਤੀਆ ਹੋਣ ਦਾ ਜ਼ਿਆਦਾ ਖ਼ਤਰਾ ਹੋਵੇ।

ਤੁਸੀਂ ਡਾਕਟਰ ਨੂੰ ਜਲਦ ਤੋਂ ਜਲਦ ਦਿਖਾਓ, ਜੇਕਰ ਤੁਹਾਨੂੰ :

1. ਧੁੰਦਲਾ ਦਿਖਾਈ ਦਿੰਦਾ ਹੈ।
2. ਅੱਖਾਂ ਵਿੱਚ ਦਰਦ ਹੁੰਦਾ ਹੈ।

ਇਲਾਜ :

ਜਦੋਂ ਤੁਹਾਡੀ ਅੱਖ ਵਿੱਚ ਬਹੁਤ ਜ਼ਿਆਦਾ ਦਬਾਓ ਹੈ, ਡਾਕਟਰ ਤੁਹਾਨੂੰ ਅੱਖਾਂ ਦੀ ਦਵਾਈ ਦੇਣਗੇ, ਦੂਲ 'ਤੁਸੀਂ ਹਰ ਰੋਜ਼ ਡਾਕਟਰ ਵੱਲੋਂ ਦੱਸੇ ਮੁਤਾਬਕ ਵਰਤੋਂ।

ਅੱਖ ਦਾ ਆਉਣਾ (ਕਨਜਕਟੀਵਾਈਟਿਸ)

ਕਨਜਕਟੀਵਾਈਟਿਸ ਅੱਖਾਂ ਦੀ ਇੱਕ ਨਾਜ਼ੁਕ ਪਰਤ ਦੀ ਸੋਜ਼ਿਸ਼ ਹੈ। ਇਹ ਬੈਕਟੀਰੀਆ (ਜੀਵਾਣੂ), ਵਾਇਰਸ (ਵਿਸ਼ਾਣੂ), ਐਲਰਜੀ ਜਾਂ ਦੂਸ਼ਿਤ ਵਾਤਾਵਰਨ ਦੇ ਕਾਰਨ ਹੋ ਸਕਦਾ ਹੈ।

ਲੱਛਣ : ਅੱਖਾਂ ਦਾ ਲਾਲ ਹੋਣਾ, ਅੱਖਾਂ ਨੂੰ ਢਕਣ ਵਾਲੀ ਪਰਤ ਵਿੱਚ ਸੋਜ਼ਿਸ਼, ਬਹੁਤ ਜ਼ਿਆਦਾ ਹੰਝੂ ਆਉਣੇ, ਗਾੜ੍ਹਾ ਪੀਲੇ ਪਦਾਰਥ ਦਾ ਰਿਸਾਓ ਅਤੇ ਰੋਸ਼ਨੀ ਤੋਂ ਸੰਵੇਦਨਸ਼ੀਲਤਾ।

ਰੋਕਥਾਮ/ਬਚਾਅ :

1. ਕਿਸੇ ਵੀ ਮੈਲੀ ਵਸਤੂ ਨੂੰ ਛੂਹਣ ਤੋਂ ਬਾਅਦ ਹੱਥਾਂ ਨੂੰ ਸਾਫ਼ ਕਰੋ।
2. ਕਿਸੇ ਵੀ ਵਿਅਕਤੀ ਜਿਸਨੂੰ ਅੱਖਾਂ ਦਾ ਇਨਫ਼ੈਕਸ਼ਨ ਹੈ, ਨੂੰ ਨਾ ਛੂਹੋ।

ਇਹ ਰੋਗ ਛੂਹਣ ਨਾਲ ਫੈਲਣ ਵਾਲਾ ਰੋਗ ਹੈ।

ਘਰੇਲੂ ਇਲਾਜ :

1. ਹਰ 2-3 ਘੰਟੇ ਬਾਅਦ ਠੰਡੇ ਪਾਣੀ ਦੀਆਂ ਪੱਟੀਆਂ ਰੱਖੋ।
2. ਠੰਡੇ ਅਤੇ ਸਾਫ਼ ਪਾਣੀ ਨਾਲ ਅੱਖਾਂ ਧੋਵੋ।
3. ਜਦੋਂ ਤੱਕ ਇਨਫ਼ੈਕਸ਼ਨ ਹੈ, ਉਦੋਂ ਤੱਕ ਕਨਟੈਕਟ ਲੈਂਜ਼ ਦੀ ਵਰਤੋਂ ਨਾ ਕਰੋ।

ਡਾਕਟਰ ਨੂੰ ਕਦੋਂ ਦਿਖਾਈਏ :

1. ਧੁੰਦਲਾ ਦਿੱਸਣ ਦੇ ਨਾਲ ਅੱਖਾਂ ਦਾ ਲਾਲ ਹੋਣਾ।
2. ਅੱਖਾਂ ਵਿੱਚ ਦਰਦ।
3. ਪੀਲੇ ਪਦਾਰਥ ਦੇ ਨਿਕਲਣ ਦੇ ਨਾਲ ਅੱਖਾਂ ਦਾ ਲਾਲ ਹੋਣਾ।
4. ਜੇ ਤੁਹਾਨੂੰ ਆਪਣੀ ਅੱਖ ਵਿੱਚ ਰੜਕ ਮਹਿਸੂਸ ਹੋਵੇ।
5. ਜੇਕਰ ਤਕਲੀਫ਼ 4-5 ਦਿਨਾਂ ਵਿੱਚ ਠੀਕ ਨਾ ਹੋਵੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਮਾਤਾ ਮੁਖਤਿਆਰ ਕੌਰ ਧਾਲੀਵਾਲ ਦੀ ਦਸਵੀਂ ਬਰਸੀ ਸਮੇਂ 'ਅਮਰੀਕੀ ਟਰੱਕਨਾਮਾ' ਪੁਸਤਕ 'ਤੇ ਹੋਈ ਵਿਚਾਰ-ਗੋਸ਼ਟੀ, ਨਾਮਵਰ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਉੱਭੀ ਧਾਲੀਆਂ/ਸਾਡੇ ਲੋਕ): ਉੱਘੇ ਪੱਤਰਕਾਰ, ਲੇਖਕ ਅਤੇ ਸਮਾਜਸੇਵੀ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਦੀ ਨਵ-ਪ੍ਰਕਾਸ਼ਿਤ ਪੁਸਤਕ 'ਅਮਰੀਕੀ ਟਰੱਕਨਾਮਾ' ਉੱਤੇ ਫਰਿਜ਼ਨੋ ਵਿਖੇ ਇੱਕ ਪ੍ਰਭਾਵਸ਼ਾਲੀ ਸਾਹਿਤਕ ਵਿਚਾਰ-ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਹ ਸਮਾਗਮ ਲੇਖਕ ਦੀ ਸਤਿਕਾਰਯੋਗ ਮਾਤਾ ਸਵਰਗੀ ਮੁਖਤਿਆਰ ਕੌਰ ਧਾਲੀਵਾਲ ਦੀ ਦਸਵੀਂ ਬਰਸੀ ਨੂੰ ਸਮਰਪਿਤ ਸੀ। ਇਸ ਮੌਕੇ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਸਾਹਿਤਕਾਰਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਵੀਆਂ, ਕਲਾਕਾਰਾਂ ਅਤੇ ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਸਮਾਗਮ ਦੀ ਸ਼ੁਰੂਆਤ ਲੇਖਕ ਸਾਧੂ ਸਿੰਘ ਸੰਘਾ ਵੱਲੋਂ ਪੁਸਤਕ ਸਬੰਧੀ ਵਿਸ਼ੇਸ਼ ਪਰਚਾ ਪੜ੍ਹ ਕੇ ਕੀਤੀ ਗਈ। ਇਸ ਉਪਰੰਤ ਸਮੂਹ ਹਾਜ਼ਰੀਨ ਨੇ ਦੋ ਮਿੰਟ ਦਾ ਮੌਨ ਧਾਰ ਕੇ ਮਾਤਾ ਮੁਖਤਿਆਰ ਕੌਰ ਧਾਲੀਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ। ਪੁਸਤਕ ਦੇ ਲੇਖਕ ਨੀਟਾ ਮਾਛੀਕੇ ਨੇ ਸਭਨਾਂ ਮਹਿਮਾਨਾਂ ਨੂੰ ਨਿੱਘੀ ਜੀ ਆਇਆਂ ਆਖੀ। ਇਸ ਮੌਕੇ ਉਨ੍ਹਾਂ ਦੇ ਪਿਤਾ ਜੀ ਨੇ ਵੀ ਮਾਤਾ ਜੀ ਦੀਆਂ ਯਾਦਾਂ ਤਾਜ਼ਾ ਕਰਦਿਆਂ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਇੰਡੋ ਯੂ.ਐੱਸ. ਹੈਰੀਟੇਜ ਦੇ ਸਕੱਤਰ ਹੈਰੀ ਮਾਨ ਨੇ ਕਿਹਾ ਕਿ 'ਅਮਰੀਕੀ ਟਰੱਕਨਾਮਾ' ਅਮਰੀਕੀ ਟਰੱਕਿੰਗ ਸਨਅਤ ਨਾਲ ਜੁੜੇ ਪੰਜਾਬੀਆਂ ਦੀ ਜ਼ਿੰਦਗੀ ਦਾ ਅਹਿਮ ਦਸਤਾਵੇਜ਼ ਹੈ। ਉੱਘੇ ਲੇਖਕ ਐੱਸ. ਅਸ਼ੋਕ ਭੌਰਾ ਨੇ ਮਾਛੀਕੇ ਪਰਿਵਾਰ ਨਾਲ ਆਪਣੀਆਂ ਪੁਰਾਣੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਪੁਸਤਕ ਨਵੇਂ ਟਰੱਕ ਡਰਾਈਵਰਾਂ ਲਈ ਚਾਨਣ ਮੁਨਾਰਾ ਸਾਬਤ ਹੋਵੇਗੀ। ਐਡਵੋਕੇਟ ਨਰਿੰਦਰ ਚਾਹਲ ਨੇ ਕਿਹਾ ਕਿ ਇਹ ਕਿਤਾਬ ਹਰ ਉਸ ਵਿਅਕਤੀ ਨੂੰ ਪੜ੍ਹਨੀ ਚਾਹੀਦੀ ਹੈ, ਜਿਹੜਾ ਅਮਰੀਕਾ ਵਿੱਚ ਪੰਜਾਬੀ ਟਰੱਕ ਡਰਾਈਵਰਾਂ ਦੀ ਮਿਹਨਤ, ਸੰਘਰਸ਼ ਅਤੇ ਜੀਵਨ ਦੀਆਂ ਹਕੀਕਤਾਂ ਨੂੰ ਸਮਝਣਾ ਚਾਹੁੰਦਾ ਹੈ।

ਇਸ ਤੋਂ ਇਲਾਵਾ ਰੇਡੀਓ ਹੋਸਟ ਜਗਤਾਰ ਗਿੱਲ, ਮਹਿੰਦਰ ਸਿੰਘ ਸੰਧਾਵਾਲੀਆ, ਡਾ. ਅਰਜਨ ਸਿੰਘ ਜੋਸਨ, ਸੁਖਦੇਵ ਸਿੰਘ ਸਿੱਧੂ, ਡਾ. ਮਲਕੀਤ ਸਿੰਘ ਕਿੰਗਰਾ, ਜਸਵੰਤ ਸਿੰਘ ਸ਼ਾਦ, ਉੱਘੇ ਕਾਰੋਬਾਰੀ ਪਾਲ ਸਹੋਤਾ ਅਤੇ ਗਗਨ ਭੰਡਾਲ ਸਮੇਤ ਹੋਰ ਬੁਲਾਰਿਆਂ ਨੇ ਵੀ ਪੁਸਤਕ ਦੀ ਭਰਪੂਰ ਸ਼ਲਾਘਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਨੀਟਾ ਮਾਛੀਕੇ ਨੇ ਇੱਕ ਨਿਵੇਕਲੇ ਵਿਸ਼ੇ ਨੂੰ ਸਾਹਿਤਕ ਰੂਪ ਦੇ ਕੇ ਪਰਵਾਸੀ ਪੰਜਾਬੀ ਸਾਹਿਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਸਮੇਂ ਕਰਵਾਏ ਗਏ ਕਵੀ ਦਰਬਾਰ ਵਿੱਚ ਗਾਇਕ ਧਰਮਵੀਰ ਥਾਂਦੀ, ਕਮਲਜੀਤ ਬੈਨੀਪਾਲ, ਸ਼ਾਇਰ ਦਲਜੀਤ ਰਿਆੜ, ਗਾਇਕ ਬੱਬੂ ਗੁਰਪਾਲ, ਸ਼ਾਇਰ ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਕਵਿੱਤਰੀ ਮੀਰਾਂ, ਗਾਇਕ ਗੁਰਦੀਪ ਧਾਲੀਵਾਲ ਅਤੇ ਗੋਗੀ ਸੰਧੂ ਆਦਿ ਨੇ ਮਾਂ ਦੀ ਮਮਤਾ ਅਤੇ ਵਿਛੋੜੇ ਨੂੰ ਸਮਰਪਿਤ ਆਪਣੀਆਂ ਪੇਸ਼ਕਾਰੀਆਂ ਰਾਹੀਂ ਮਾਹੌਲ ਭਾਵੁਕ ਬਣਾ ਦਿੱਤਾ। ਇਸੇ ਤਰ੍ਹਾਂ ਪਰਿਵਾਰਕ ਬੁਲਾਰਿਆਂ ਵਿੱਚੋਂ ਨੀਟਾ ਮਾਛੀਕੇ ਦੇ ਵੱਡੇ ਭਰਾ ਡਾ. ਸਿਮਰਜੀਤ ਸਿੰਘ ਧਾਲੀਵਾਲ, ਪਿਤਾ ਮਾਸਟਰ ਦਿਲਬਾਰਾ ਸਿੰਘ ਧਾਲੀਵਾਲ, ਭਤੀਜੀ ਗਗਨਪ੍ਰੀਤ ਕੌਰ ਧਾਲੀਵਾਲ, ਉਨ੍ਹਾਂ ਦੇ ਸਹੁਰਾ ਸਾਹਿਬ ਡਾ. ਗੁਰਦੀਪ ਸਿੰਘ ਖੰਗੂੜਾ ਅਤੇ ਚਾਚਾ ਜੀ ਸੁਰਜੀਤ ਸਿੰਘ ਖੰਗੂੜਾ ਆਦਿਕ ਨੇ ਵੀ ਸਟੇਜ ਤੋਂ ਹਾਜ਼ਰੀ ਲਵਾਈ।

ਸਮਾਗਮ ਵਿੱਚ ਚਰਨਜੀਤ ਸਿੰਘ ਬਾਠ, ਜਸਪਾਲ ਸਿੰਘ ਧਾਲੀਵਾਲ, ਨਾਜਰ ਸਿੰਘ ਸਹੋਤਾ, ਗੁਰਦੀਪ ਸਿੰਘ ਚੌਹਾਨ, ਨੰਬਰਦਾਰ ਜਗਤਾਰ ਸਿੰਘ ਗਿੱਲ, ਜੱਸੀ ਸਟੋਨ ਟਰੱਕਿੰਗ, ਚਰਨਜੀਤ ਚੀਮਾ, ਪਰਮਿੰਦਰ ਸਿੰਘ, ਪੀਟਰ, ਸ਼ੇਰ ਸਿੰਘ ਚੌਹਾਨ, ਗੁਰਨੇਕ ਸਿੰਘ ਬਾਗੜੀ, ਅਨਮੋਲ, ਪ੍ਰਮੋਦ ਲੋਈ, ਅਮਰਜੀਤ ਦੌਧਰ, ਕਿੱਟੀ ਗਿੱਲ, ਬਹਾਦਰ ਸਿੱਧੂ, ਬਬਲਾ ਸਰਪੰਚ, ਗੁਰਪ੍ਰੀਤ ਦੌਧਰ, ਸਤਨਾਮ ਪ੍ਰਧਾਨ, ਟੋਨੀ ਸੰਧੂ ਭਲਵਾਨ, ਸੁੱਖੀ ਹੇਅਰ, ਰਾਣਾ ਚੁਗਾਵਾਂ, ਦਿਲਬਾਗ ਸਿੰਘ ਕਪੂਰੇ, ਅਵਤਾਰ ਜੇਠੂਕੇ, ਹਰਵਿੰਦਰ ਜੇਠੂਕੇ, ਗੁਰਭੇਜ, ਰਾਜੂ ਪੱਤੋ, ਹੈਰੀ ਬਰਾੜ ਡੈਲਸ, ਸੁਖਦੀਪ ਸਿੰਘ ਸਿੱਧੂ, ਗੁਰਜੰਟ ਸਿੰਘ ਸਿੱਧੂ ਅਤੇ ਰਾਜਵਿੰਦਰ ਸਿੰਘ ਸਿੱਧੂ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

ਇਸ ਤੋਂ ਇਲਾਵਾ ਖਾਲੜਾ ਪਾਰਕ ਵਾਲੇ ਬਾਬਿਆਂ, ਇੰਡੋ ਯੂ.ਐੱਸ. ਹੈਰੀਟੇਜ, ਇੰਡੋ ਅਮੈਰਿਕਨ ਹੈਰੀਟੇਜ ਅਤੇ ਪੰਜਾਬੀ ਕਲਚਰਲ ਐਸੋਸੀਏਸ਼ਨ (PCA) ਨਾਲ ਸਬੰਧਤ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਨੀਟਾ ਮਾਛੀਕੇ ਦੇ ਕਈ ਰਿਸ਼ਤੇਦਾਰ ਕੈਨੇਡਾ ਤੋਂ ਵੀ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਸਮੁੱਚੇ ਸਮਾਗਮ ਦਾ ਸਟੇਜ ਸੰਚਾਲਨ ਜੋਤ ਰਣਜੀਤ ਕੌਰ ਨੇ ਬਾਖੂਬੀ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਨੀਟਾ ਮਾਛੀਕੇ ਦੇ ਭਰਾ ਡਾ. ਸਿਮਰਜੀਤ ਸਿੰਘ ਧਾਲੀਵਾਲ ਨੇ ਸਮੂਹ ਹਾਜ਼ਰ ਮਹਿਮਾਨਾਂ, ਸਾਹਿੱਤਕਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ 'ਅਮਰੀਕੀ ਟਰੱਕਨਾਮਾ' ਪੁਸਤਕ ਨੂੰ ਪ੍ਰਕਾਸ਼ਨ ਚੇਤਨਾ ਪ੍ਰਕਾਸ਼ਨ, ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਹ ਪੁਸਤਕ ਅਮਰੀਕਾ ਵਿੱਚ ਪੰਜਾਬੀ ਟਰੱਕ ਡਰਾਈਵਰਾਂ ਦੀ ਜ਼ਿੰਦਗੀ, ਮਿਹਨਤ, ਸੰਘਰਸ਼ ਅਤੇ ਤਜਰਬਿਆਂ ਦੀ ਬਾਤ ਪਾਉਂਦੀ ਹੈ। ਅੰਤ ਵਿੱਚ ਮਾਛੀਕੇ ਪਰਿਵਾਰ ਵੱਲੋਂ ਸਮੂਹ ਮਹਿਮਾਨਾਂ ਲਈ ਰਾਤਰੀ ਭੋਜਨ ਦਾ ਪ੍ਰਬੰਧ ਕੀਤਾ ਗਿਆ ਸੀ। ਮਾਤਾ ਮੁਖਤਿਆਰ ਕੌਰ ਧਾਲੀਵਾਲ ਦੀਆਂ ਨਿੱਘੀਆਂ ਯਾਦਾਂ, ਸਾਹਿਤਕ ਵਿਚਾਰਾਂ, ਕਵੀ ਦਰਬਾਰ ਅਤੇ ਪੰਜਾਬੀ ਭਾਈਚਾਰੇ ਦੀ ਆਪਸੀ ਸਾਂਝ ਦੀਆ

ਗੁਰੂ ਨਗਰੀ ਦੀ ਸਥਾਪਨਾ ਤੇ ਗੁਰੂ ਰਵਿਦਾਸ ਜੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਜਾਣਗੇ ਵਿਸ਼ੇਸ਼ ਸਮਾਗਮ : ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵਲੋਂ ਸਾਲ 2027 ਵਿਚ ਗੁਰੂ ਨਗਰੀ ਅੰਮ੍ਰਿਤਸਰ ਦੀ 450 ਸਾਲਾ ਸਥਾਪਨਾ ਸ਼ਤਾਬਦੀ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਉਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੀਆਂ ਅਹਿਮ ਇਕੱਤਰਤਾਵਾਂ ਹੋਈਆਂ। ਧਾਮੀ ਨੇ ਦੱਸਿਆ ਕਿ ਸ਼ਤਾਬਦੀ ਨੂੰ ਯਾਦਗਾਰੀ ਬਣਾਉਣ ਲਈ ਵਿਸ਼ੇਸ਼ ਸਮਾਗਮ ਕਰਵਾਏ ਜਾਣਗੇ। ਇਸ ਮੌਕੇ ਸਿੱਖ ਇਤਿਹਾਸ ਰੀਸਰਚ ਬੋਰਡ ਵਲੋਂ ਅੰਮ੍ਰਿਤਸਰ ਦੀ ਸਥਾਪਨਾ ਨਾਲ ਸਬੰਧਿਤ ਖੋਜ ਭਰਪੂਰ ਲੇਖਾਂ ਦੀ ਪੁਸਤਕ ਤਿਆਰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਿਛਲੀਆਂ ਸਿੱਖ ਇਤਿਹਾਸਕ ਸ਼ਤਾਬਦੀਆਂ ਦੇ ਸਮਾਗਮਾਂ, ਦਸਤਾਵੇਜ਼ਾਂ ਤੇ ਪੰਥਕ ਇਕੱਠਾਂ ਦੇ ਰਿਕਾਰਡ ਨੂੰ ਇਕੱਤਰ ਕਰਕੇ ਪੁਸਤਕ ਰੂਪ ਵਿਚ ਸੰਭਾਲਣ ਦਾ ਫ਼ੈਸਲਾ ਕੀਤਾ ਗਿਆ। ਇਕੱਤਰਤਾ ਵਿਚ ਗੁਰੂ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਅਤੇ ਵੱਖ-ਵੱਖ ਥਾਵਾਂ 'ਤੇ ਕੀਰਤਨ ਸਮਾਗਮ ਕਰਵਾਉਣ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਡਾ. ਹਰਪ੍ਰੀਤ ਕੌਰ ਵਲੋਂ ਤਿਆਰ ਕੀਤੀ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਸਚਿੱਤਰ ਪੁਸਤਕ ਵੀ ਸੰਗਤ ਨੂੰ ਅਰਪਣ ਕੀਤੀ ਗਈ। ਇਕੱਤਰਤਾਵਾਂ 'ਚ ਪ੍ਰਧਾਨ ਧਾਮੀ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸੁਖਵਰਸ਼ ਸਿੰਘ ਪੰਨੂ, ਪ੍ਰਿਤਪਾਲ ਸਿੰਘ ਪਾਲੀ, ਅਵਤਾਰ ਸਿੰਘ ਵਣਵਾਲਾ, ਮਨਜੀਤ ਸਿੰਘ ਬੱਪੀਆਣਾ, ਤੇਜਿੰਦਰਪਾਲ ਸਿੰਘ ਲਾਡਵਾਂ, ਰਾਮਪਾਲ ਸਿੰਘ ਬਹਿਣੀਵਾਲ, ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਤੇ ਸਿੱਖ ਇਤਿਹਾਸਕਾਰ ਹਰਵਿੰਦਰ ਸਿੰਘ ਖ਼ਾਲਸਾ, ਡਾ. ਪਰਮਵੀਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਪ੍ਰਭਜੋਤ ਕੌਰ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਭਗਵੰਤ ਸਿੰਘ ਧੰਗੇੜਾ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਅਜ਼ਾਦਦੀਪ ਸਿੰਘ, ਡਾ. ਅਮਰਜੀਤ ਕੌਰ, ਸਕਾਲਰ ਡਾ. ਹਰਪ੍ਰੀਤ ਕੌਰ, ਬੀਬੀ ਕਿਰਨਦੀਪ ਕੌਰ, ਬੀਬੀ ਰਾਜਵਿੰਦਰ ਕੌਰ ਆਦਿ ਮੌਜੂਦ ਸਨ।

ਪੰਥਕ ਤਾਲਮੇਲ ਸੰਗਠਨ ਤੇ ਹੋਰ ਪੰਥਕ ਜਥੇਬੰਦੀਆਂ ਵੱਲੋਂ ਬਹਿਰੀਨ ਵਾਲੀ ਬੀਬੀ ਦੇ ਮਾਮਲੇ 'ਚ ਸੁਤੰਤਰ ਜਾਂਚ ਕਮਿਸ਼ਨ ਬਣਾਉਣ ਦੀ ਮੰਗ

ਅੰਮ੍ਰਿਤਸਰ : ਪੰਥਕ ਤਾਲਮੇਲ ਸੰਗਠਨ ਦੀ ਅਗਵਾਈ ਵਿਚ ਪੰਥਕ ਅਸੈਂਬਲੀ ਨਾਲ ਸੰਬੰਧਿਤ ਵੱਖ ਵੱਖ ਸਿੱਖ ਜਥੇਬੰਦੀਆਂ ਵਲੋਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਦੇ ਨਾਮ ਇਕ ਪੱਤਰ ਦੇ ਕੇ ਬਹਿਰੀਨ ਵਾਲੀ ਬੀਬੀ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਹੋਈ ਮੁਲਾਕਾਤ ਅਤੇ ਉਸ ਉਪਰੰਤ ਕੀਤੀ ਗਈ ਕਾਰਵਾਈ ਸਬੰਧੀ ਸੁਤੰਤਰ ਜਾਂਚ ਕਮਿਸ਼ਨ ਬਣਾਉਣ ਦੀ ਮੰਗ ਕੀਤੀ ਹੈ। ਇਹ ਪੱਤਰ ਅੱਜ ਸਵੇਰੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਦੀ ਅਗਵਾਈ ਵਿੱਚ ਸਿੰਘ ਸਾਹਿਬ ਗੈਰ ਹਾਜ਼ਰੀ ਵਿਚ ਉਨ੍ਹਾਂ ਦੇ ਇਕ ਨੁਮਾਇੰਦੇ ਨੂੰ ਸੌਂਪਿਆ ਗਿਆ।

ਗਿਆਨੀ ਕੇਵਲ ਸਿੰਘ ਅਤੇ ਜਸਵਿੰਦਰ ਸਿੰਘ ਐਡਵੋਕੇਟ ਨੇ ਦੱਸਿਆ ਕਿ ਇਸ ਪੱਤਰ ਵਿਚ ਮੰਗ ਕੀਤੀ ਗਈ ਹੈ ਕਿ ਜਥੇਦਾਰ ਗੜਗੱਜ ਵਲੋਂ ਇਕ ਪ੍ਰੈਸ ਕਾਨਫਰੰਸ ਦੌਰਾਨ ਖੁਦ ਇਹ ਗੱਲ ਕਹੀ ਗਈ ਹੈ ਕਿ ਬਹਿਰੀਨ ਵਾਲੀ ਬੀਬੀ ਉਨ੍ਹਾਂ ਨੂੰ ਮਿਲੀ ਸੀ ਅਤੇ ਉਸਨੇ ਮਲਕੀਤ ਸਿੰਘ ਸਬੰਧੀ ਮਾਮਲਾ ਉਹਨਾਂ ਦੇ ਧਿਆਨ ਵਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਇਸ ਸਥਿਤੀ ਵਿਚ ਕੁਝ ਅਹਿਮ ਸਵਾਲ ਪੈਦਾ ਹੁੰਦੇ ਹਨ, ਜਿਨ੍ਹਾਂ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਹੋਣੀ ਜ਼ਰੂਰੀ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਇਸ ਮਾਮਲੇ ਦੀ ਨਿਰਪੱਖਤਾ ਨਾਲ ਜਾਂਚ ਲਈ ਇਕ ਸੁਤੰਤਰ ਜਾਂਚ ਕਮਿਸ਼ਨ 15 ਦਿਨਾਂ ਦੇ ਅੰਦਰ ਸਥਾਪਿਤ ਕੀਤਾ ਜਾਵੇ, ਜਿਸ ਵਿਚ ਸਤਿਕਾਰਯੋਗ ਸਿੱਖ ਜੱਜ ਅਤੇ ਕਾਨੂੰਨੀ ਮਾਹਰ ਵਕੀਲ, ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦਾ ਇਕ ਇਕ ਨੁਮਾਇੰਦਾ ਅਤੇ ਹੋਰ ਨਿਰਪੱਖ ਅਤੇ ਸਤਿਕਾਰਤ ਸ਼ਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਪੱਤਰ ਵਿਚ ਇਹ ਵੀ ਕਿਹਾ ਕਿ ਸੰਗਤਾਂ ਨੂੰ ਸਪੱਸ਼ਟਤਾ ਪਾਰਦਰਸ਼ਤਾ ਅਤੇ ਸਬੂਤਾਂ ਦੇ ਆਧਾਰ ਤੇ ਸੱਚ ਜਾਨਣ ਦਾ ਅਧਿਕਾਰ ਹੈ। ਇਸ ਪੱਤਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਜਸਵਿੰਦਰ ਸਿੰਘ ਐਡਵੋਕੇਟ, ਸੁਖਦੇਵ ਸਿੰਘ ਭੌਰ ਐਡਵੋਕੇਟ ਨਵਕਿਰਨ ਸਿੰਘ ਰਾਣਾ ਇੰਦਰਜੀਤ ਸਿੰਘ ਖੁਸ਼ਹਾਲ ਸਿੰਘ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਅਮਰਜੀਤ ਸਿੰਘ, ਸੁਰਿੰਦਰਪਾਲ ਸਿੰਘ, ਪਰਮਜੀਤ ਸਿੰਘ, ਸਲੋਚਨਬੀਰ ਸਿੰਘ ਅਤੇ ਪ੍ਰਿੰਸੀਪਲ ਮਨਜਿੰਦਰ ਕੌਰ ਦੇ ਦਸਤਖਤ ਹਨ।

ਨਾਂਦੇੜ 'ਚ ਦਸਹਿਰਾ ਮਹੱਲਾ ਜਾਹੋ-ਜਲਾਲ ਨਾਲ ਮਨਾਇਆ

ਨਿਹੰਗ ਸਿੰਘ ਜਥੇਬੰਦੀਆਂ, ਘੋੜੇ, ਹਾਥੀ ਅਤੇ ਗਤਕਾ ਪਾਰਟੀਆਂ ਰਹੀਆਂ ਖਿੱਚ ਦਾ ਕੇਂਦਰ

ਫਗਵਾੜਾ : ਮਹਾਰਾਸ਼ਟਰ ਦੇ ਨਾਂਦੇੜ ਸਥਿਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਵਿਖੇ ਦਸਹਿਰਾ ਪੁਰਬ ਮੌਕੇ ਰਵਾਇਤੀ ਮਹੱਲਾ ਪੂਰੇ ਜਾਹੋ-ਜਲਾਲ ਨਾਲ ਮਨਾਇਆ ਗਿਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਗੁਰਦੁਆਰਾ ਸੱਚਖੰਡ ਬੋਰਡ ਦੇ ਪ੍ਰਬੰਧਕ ਡਾ. ਵਿਜੈ ਸਤਬੀਰ ਸਿੰਘ (ਆਈ ਏ ਐੱਸ) ਨੇ ਦੱਸਿਆ ਕਿ ਪੁਰਾਤਨ ਮਰਿਆਦਾ ਅਨੁਸਾਰ 11 ਅਕਤੂਬਰ ਤੋਂ ਰੋਜ਼ਾਨਾ ਰਾਤ 9 ਤੋਂ 12 ਵਜੇ ਤੱਕ ਦਸਮ ਗ੍ਰੰਥ ਸਾਹਿਬ ਵਿੱਚੋਂ ਬਾਣੀ ਦੇ ਪਾਠ ਕੀਤੇ ਗਏ ਜਿਨ੍ਹਾਂ ਦੀ ਸੰਪੂਰਨਤਾ ਅੱਜ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਸਰਬਜੀਤ ਸਿੰਘ ਨਿਰਮਲੇ ਵੱਲੋਂ ਕੀਤੀ ਗਈ। ਇਸ ਉਪਰੰਤ ਗੁਰੂ ਸਾਹਿਬ ਦੇ ਇਤਿਹਾਸਕ ਸ਼ਸਤਰਾਂ ਦੇ ਪੂਜਨ ਅਤੇ ਤਿਲਕ ਦੀ ਰਸਮ ਸ਼ਰਧਾ ਨਾਲ ਨਿਭਾਈ ਗਈ। ਸ਼ਾਮੀਂ 4 ਵਜੇ ਮੀਤ ਜਥੇਦਾਰ ਸਿੰਘ ਸਾਹਿਬ ਭਾਈ ਰਾਮ ਸਿੰਘ ਵੱਲੋਂ ਮਹੱਲੇ ਦੀ ਆਰੰਭਤਾ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹੱਲਾ ਸ਼ੁਰੂ ਹੋਇਆ। ਇਸ ਵਿੱਚ ਗੁਰੂ ਸਾਹਿਬ ਦੇ ਨਿਸ਼ਾਨ ਸਾਹਿਬ, ਘੋੜੇ, ਨਗਾਰੇ, ਕੀਰਤਨੀ ਜਥੇ, ਗਤਕਾ ਪਾਰਟੀਆਂ ਅਤੇ ਵੱਖ-ਵੱਖ ਦਲ-ਪੰਥਾਂ ਦੇ ਮੁਖੀਆਂ ਨੇ ਸ਼ਮੂਲੀਅਤ ਕੀਤੀ। ਮਹੱਲਾ ਆਪਣੇ ਰਵਾਇਤੀ ਮਾਰਗਾਂ ਤੋਂ ਹੁੰਦਾ ਹੋਇਆ ਹੱਲਾ ਬੋਲ ਚੌਕ (ਮਹਾਵੀਰ ਚੌਕ) ਵਿੱਚ ਪੁੱਜਿਆ। ਇਸ ਤੋਂ ਬਾਅਦ ਮਹੱਲਾ ਗੁਰਦੁਆਰਾ ਬਾਉਲੀ ਸਾਹਿਬ ਅਤੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਵਿਖੇ ਪੁੱਜਿਆ, ਜਿੱਥੇ ਧਾਰਮਿਕ ਰਸਮਾਂ ਅਤੇ ਅਰਦਾਸ ਕੀਤੀ ਗਈ। ਇਸ ਦੀ ਸਮਾਪਤੀ ਦੇਰ ਰਾਤ ਤਖ਼ਤ ਸਾਹਿਬ ਵਿਖੇ ਹੋਵੇਗੀ। ਪ੍ਰਬੰਧਕ ਡਾ. ਵਿਜੈ ਸਤਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੀਆਂ ਨਿਹੰਗ ਸਿੰਘ ਜਥੇਬੰਦੀਆਂ ਅਤੇ ਵੱਖ-ਵੱਖ ਦਲ-ਪੰਥਾਂ ਦੇ ਜਥੇਦਾਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਬੰਧਕ ਦੇ ਸਲਾਹਕਾਰ ਜਸਵੰਤ ਸਿੰਘ ਬੌਬੀ, ਸੁਪਰਡੈਂਟ ਰਵਿੰਦਰ ਸਿੰਘ ਕਪੂਰ, ਸਹਾਇਕ ਸੁਪਰਡੈਂਟ ਜੈਮਲ ਸਿੰਘ ਢਿੱਲੋਂ ਅਤੇ ਬਲਵਿੰਦਰ ਸਿੰਘ ਫ਼ੌਜੀ ਸਣੇ ਗੁਰਦੁਆਰਾ ਬੋਰਡ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਜਥੇਦਾਰ ਗੜਗੱਜ ਵੱਲੋਂ 84 ਦੇ ਦੰਗਾ ਪੀੜਤਾਂ ਨਾਲ ਮੁਲਾਕਾਤ

84 ਦੇ ਨਸਲਕੁਸ਼ੀ ਪੀੜਤਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੱਢੇ ਪੰਜਾਬ ਸਰਕਾਰ: ਗਿਆਨੀ ਕੁਲਦੀਪ ਸਿੰਘ ਗੜਗੱਜ

ਲੁਧਿਆਣਾ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਦੰਗਾ ਪੀੜਤ ਪਰਿਵਾਰਾਂ ਨੂੰ ਦਿੱਤੇ ਗਏ ਫਲੈਟਾਂ 'ਤੇ 'ਆਪ' ਸਮਰਥਕਾਂ ਦੇ ਗੈਰ-ਕਾਨੂੰਨੀ ਕਬਜ਼ੇ ਨੂੰ ਤੁਰੰਤ ਖਤਮ ਕਰਨ, ਤਾਂ ਜੋ ਅਸਲ ਮਾਲਕਾਂ ਨੂੰ ਇਹ ਫਲੈਟ ਮਿਲ ਸਕਣ।

ਜਥੇਦਾਰ ਗੜਗੱਜ 1984 ਦੰਗਾਂ ਦੇ ਪੀੜਤਾਂ ਦੀ ਪੀੜ ਸੁਣਨ ਤੋਂ ਬਾਅਦ ਦੁੱਗਰੀ ਵਿਖੇ ਰਾਇਟ ਵਿਕਟਿਮ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਦੀ ਅਗਵਾਈ ਹੇਠ ਅੱਜ ਸ਼ਹਿਰ ਵਿੱਚ ਪਰਿਵਾਰਾਂ ਨੂੰ ਮਿਲਣ ਆਏ ਸਨ।

ਜਥੇਦਾਰ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਉਹ ਨਵੰਬਰ 1984 ਵਿੱਚ ਹੋਏ ਸਿੱਖ ਨਸਲਕੁਸ਼ੀ ਦੇ ਪੀੜਤਾਂ ਦੇ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਸੁਣੇ ਅਤੇ ਉਨ੍ਹਾਂ ਦਾ ਤੁਰੰਤ ਹੱਲ ਲੱਭੇ।

ਜਥੇਦਾਰ ਨੇ ਕਿਹਾ ਕਿ ਉਹ ਪੀੜਤਾਂ ਦੇ ਪਰਿਵਾਰਾਂ ਦੇ ਧੀਰਜ ਅਤੇ ਹਿੰਮਤ ਦੀ ਪ੍ਰਸ਼ੰਸਾ ਕਰਦੇ ਹਨ ਜੋ ਪਿਛਲੇ 42 ਸਾਲਾਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉਨ੍ਹਾਂ ਪਰਿਵਾਰਾਂ ਦਾ ਵੀ ਜਾਇਜ਼ਾ ਲੈਣਾ ਚਾਹੀਦਾ ਹੈ ਜਿਨ੍ਹਾਂ ਨੂੰ ਅੱਜ ਤੱਕ ਮੁਆਵਜ਼ਾ ਜਾਂ ਮੁੜ ਵਸੇਬੇ ਲਈ ਕੁਝ ਨਹੀਂ ਮਿਲਿਆ।

ਇਸ ਮੌਕੇ ਪੀੜਤ ਪਰਿਵਾਰਾਂ ਨੇ ਜਥੇਦਾਰ ਗੜਗੱਜ ਨੂੰ ਆਪਣੀਆਂ ਸਮੱਸਿਆਵਾਂ ਅਤੇ ਮੁੜ ਵਸੇਬੇ ਨਾਲ ਜੁੜੇ ਮਾਮਲਿਆਂ ਬਾਰੇ ਜਾਣੂ ਕਰਵਾਇਆ। ਜਥੇਦਾਰ ਗਰਗਜ ਨੇ ਪੀੜਤਾਂ ਦੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਉਹ ਇਨਸਾਫ਼ ਦਿਵਾਉਣ ਅਤੇ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਬਣਦੀ ਕਾਰਵਾਈ ਕਰਨਗੇ।

ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਨੇ ਪੰਜਾਬ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ 84 ਦੇ ਕਤਲੇਆਮ ਤੋਂ ਬਾਅਦ ਪੰਜਾਬ ਆਏ ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਅਕਾਲੀ ਦਲ ਦੀ ਸਰਕਾਰ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਕਈ ਫ਼ੈਸਲੇ ਲਏ ਗਏ ਸਨ, ਜਿਨ੍ਹਾਂ ਤਹਿਤ ਪੀੜਤ ਪਰਿਵਾਰਾਂ ਨੂੰ ਮਕਾਨ, ਨੌਕਰੀਆਂ, ਕਾਰੋਬਾਰ ਲਈ ਬੂਥ, ਨਵੇਂ ਰੈੱਡ ਕਾਰਡ ਅਤੇ ਹੋਰ ਸਹੂਲਤਾਂ ਦਿੱਤੀਆਂ ਗਈਆਂ ਸਨ। ਪਰ ਪਿਛਲੀ ਕਾਂਗਰਸ ਸਰਕਾਰ ਅਤੇ ਹੁਣ ਭਗਵੰਤ ਮਾਨ ਸਰਕਾਰ ਵੱਲੋਂ ਐਲਾਨੀਆਂ ਸਾਰੀਆਂ ਸਹੂਲਤਾਂ ਬੰਦ ਕਰਕੇ ਹੁਣ ਕਥਿਤ ਤੌਰ 'ਤੇ ਪੀੜਤ ਪਰਿਵਾਰਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਸੁਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਕਈ ਦਹਾਕਿਆਂ ਵਿੱਚ ਇਹ ਪਹਿਲਾ ਮੌਕਾ ਸੀ ਕਿ ਅਕਾਲ ਤਖ਼ਤ ਦੇ ਕਿਸੇ ਜਥੇਦਾਰ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਜਥੇਬੰਦੀ ਨਾਲ ਗੱਲਬਾਤ ਕਰਨ ਲਈ ਸੱਤ ਵਾਰ ਸਮਾਂ ਦਿੱਤਾ ਸੀ ਪਰ ਹਰ ਵਾਰ ਮੀਟਿੰਗ ਰੱਦ ਕਰ ਦਿੱਤੀ ਗਈ।

ਹੁਣ ਸਰਕਾਰ ਨੇ ਕੁਝ ਪਰਿਵਾਰਾਂ ਨੂੰ ਪੱਤਰ ਭੇਜ ਕੇ ਘਰ ਖਾਲੀ ਕਰਨ ਅਤੇ ਰੈੱਡ ਕਾਰਡ ਰੱਦ ਕਰਨ ਬਾਰੇ ਕਾਰਵਾਈ ਕਰਨ ਦੀ ਗੱਲ ਕਹੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਪਰਿਵਾਰਾਂ ਦੇ ਮਸਲੇ ਸੁਣੇ ਅਤੇ ਉਨ੍ਹਾਂ ਦਾ ਹੱਲ ਲੱਭੇ।

ਕੇਂਦਰ ਦੇ ਦਬਾਅ ਹੇਠ ਮੁੱਖ ਮੰਤਰੀ ਨੂੰ ਦਿੱਲੀ ਹਵਾਈ ਅੱਡੇ 'ਤੇ 3 ਘੰਟੇ ਰੋਕਿਆ

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕੇਂਦਰ ਸਰਕਾਰ ਦੀਆਂ ਪੰਜਾਬ-ਵਿਰੋਧੀ ਚਾਲਾਂ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੈਰਿਸ ਤੋਂ ਵਾਪਸੀ 'ਤੇ ਦਿੱਲੀ ਹਵਾਈ ਅੱਡੇ 'ਤੇ ਤਿੰਨ ਘੰਟੇ ਜਾਣ-ਬੁੱਝ ਕੇ ਰੋਕੀ ਰੱਖਿਆ ਗਿਆ ਤੇ ਬਾਅਦ 'ਚ 50,000 ਰੁਪਏ ਦਾ ਬੇਤੁਕਾ ਚਲਾਨ ਵੀ ਕੱਟ ਦਿੱਤਾ ਗਿਆ, ਜੋ ਕਿ ਪੰਜਾਬ ਦੀ ਹੋਂਦ ਤੇ ਸਨਮਾਨ ਉੱਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਘੱਟੋ-ਘੱਟ ਚਾਰ ਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਦੇਸ਼ ਯਾਤਰਾ ਦੀ ਇਜਾਜ਼ਤ ਇਸ ਲਈ ਨਹੀਂ ਦਿੱਤੀ ਗਈ ਕਿਉਂਕਿ ਕੇਂਦਰ ਸਰਕਾਰ ਨੂੰ ਡਰ ਹੈ ਕਿ ਜੇ ਮੁੱਖ ਮੰਤਰੀ ਵਿਦੇਸ਼ ਗਏ ਤਾਂ ਉੱਥੋਂ ਨਿਵੇਸ਼ ਤੇ ਫੰਡ ਲੈ ਕੇ ਪੰਜਾਬ ਨੂੰ ਤਰੱਕੀ ਦੀ ਰਾਹ 'ਤੇ ਲੈ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਪੈਰਿਸ (ਫ਼ਰਾਂਸ) ਦੀ ਯਾਤਰਾ ਕੀਤੀ, ਜਿੱਥੇ ਉਹ ਵਿਸ਼ਵ ਦੇ ਦੂਜੇ ਸਭ ਤੋਂ ਵੱਡੇ ਫੂਡ ਫੈਸਟੀਵਲ ਵਿਚ ਪੰਜਾਬ ਦੇ ਮਸ਼ਹੂਰ ਰਾਜਮਾ ਤੇ ਚਿੱਟੇ ਛੋਲਿਆਂ ਵਰਗੇ ਉਤਪਾਦ ਲਾਂਚ ਕਰਨ ਗਏ ਸਨ। ਹਾ

ਅਲਬਰਟਾ ਵੱਲੋਂ ਕੈਨੇਡਾ ਤੋਂ ਜੁਦਾ ਹੋਣ ਦੀ ਤਜਵੀਜ਼ ਖ਼ਾਰਜ

ਲਗਪਗ 76 ਫ਼ੀਸਦ ਵੋਟਰਾਂ ਨੇ ਕੈਨੇਡਾ 'ਚ ਹੀ ਰਹਿਣ ਦੇ ਹੱਕ 'ਚ ਵੋਟ ਪਾਈ

ਵੈਨਕੂਵਰ : ਤੇਲ ਸਰੋਤਾਂ ਨਾਲ ਭਰਪੂਰ ਕੈਨੇਡਾ ਦੇ ਅਲਬਰਟਾ ਸੂਬੇ ਦੇ ਵੋਟਰਾਂ ਨੇ ਦੇਸ਼ ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਤਜਵੀਜ਼ ਨੂੰ ਖ਼ਾਰਜ ਕਰ ਦਿੱਤਾ ਹੈ। ਮੰਗਲਵਾਰ ਤੜਕੇ ਆਏ ਨਤੀਜਿਆਂ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਕੈਨੇਡਾ ਦੀ ਏਕਤਾ ਦੇ ਹਮਾਇਤੀਆਂ ਨੂੰ ਜਿੱਤ ਮਿਲੀ ਹੈ। ਇਹ ਰਾਇਸ਼ੁਮਾਰੀ ਅਜਿਹੇ ਸਮੇਂ ਹੋਈ ਹੈ ਜਦ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਖ਼ਿਲਾਫ਼ ਵਪਾਰ ਯੁੱਧ ਛੇੜਿਆ ਹੋਇਆ ਹੈ। ਉਹ ਕੈਨੇਡਾ ਨੂੰ ਅਮਰੀਕਾ ਵਿੱਚ ਮਿਲਾਉਣ ਦੀਆਂ ਧਮਕੀਆਂ ਵੀ ਦਿੰਦੇ ਰਹੇ ਹਨ। ਇਹ ਰਾਇਸ਼ੁਮਾਰੀ ਸਿੱਧੇ ਤੌਰ 'ਤੇ ਆਜ਼ਾਦੀ ਦੇ ਮੁੱਦੇ ਉਤੇ ਨਹੀਂ ਸੀ ਬਲਕਿ ਇਸ ਦੇ ਜ਼ਰੀਏ ਅਲਬਰਟਾ ਦੇ ਕੈਨੇਡਾ ਤੋਂ ਵੱਖ ਹੋਣ ਬਾਰੇ ਭਵਿੱਖ 'ਚ ਹੋਰ ਵੋਟਿੰਗ ਵਾਲੇ ਪਾਸੇ ਅੱਗੇ ਵਧਿਆ ਜਾਣਾ ਸੀ। 15 ਲੱਖ ਤੋਂ ਵੱਧ ਵੋਟਾਂ ਦੀ ਗਿਣਤੀ ਤੋਂ ਬਾਅਦ ਕਰੀਬ 76 ਫ਼ੀਸਦ ਵੋਟਰਾਂ ਨੇ ਕੈਨੇਡਾ ਦੇ ਨਾਲ ਜੁੜੇ ਰਹਿਣ ਲਈ ਵੋਟ ਪਾਈ, ਜਦਕਿ 23 ਫ਼ੀਸਦ ਨੇ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਹਮਾਇਤ ਕੀਤੀ। ਦੁਨੀਆ ਦੇ ਚੌਥੇ ਸਭ ਤੋਂ ਵੱਡੇ ਤੇਲ ਭੰਡਾਰ ਵਾਲੇ ਅਲਬਰਟਾ ਵਿੱਚ ਲੰਮੇ ਸਮੇਂ ਤੋਂ ਫੈਡਰਲ ਸਰਕਾਰ ਪ੍ਰਤੀ ਨਾਰਾਜ਼ਗੀ ਰਹੀ ਹੈ। ਕਾਰਨੀ ਨੇ ਕਿਹਾ, "ਅਲਬਰਟਾ ਵਾਸੀਆਂ ਨੇ ਸਪੱਸ਼ਟ ਚੋਣ ਕੀਤੀ ਹੈ, ਉਨ੍ਹਾਂ ਏਕਾ ਚੁਣਿਆ ਹੈ, ਤਾਂ ਕਿ ਮਿਲ-ਜੁਲ ਕੇ ਭਵਿੱਖ ਦੀ ਉਸਾਰੀ ਹੋ ਸਕੇ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਨਤੀਜੇ ਕੈਨੇਡੀਅਨ ਲੋਕਾਂ ਨੂੰ ਅੱਗੇ ਵਧਣ ਦੀ ਖੁੱਲ੍ਹ ਦੇਣਗੇ। ਇਸ ਨਾਲ ਅਲਬਰਟਾ ਨੂੰ ਕੇਂਦਰ ਵਿੱਚ ਰੱਖ ਕੇ ਕੈਨੇਡਾ ਨੂੰ ਆਲਮੀ ਉਰਜਾ ਸਪਲਾਈ ਦਾ ਕੇਂਦਰ ਬਣਾਇਆ ਜਾ ਸਕੇਗਾ।

ਕੈਨੇਡਾ 'ਚ ਪੰਜਾਬੀ ਨੌਜਵਾਨਾਂ ਨਾਲ ਵਾਪਰਿਆ ਭਾਣਾ

ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ, 3 ਹੋਰ ਜ਼ਖ਼ਮੀ

ਬ੍ਰਿਟਿਸ਼ ਕੋਲੰਬੀਆ : ਕੈਨੇਡਾ ਤੋਂ ਇਕ ਵਾਰ ਫਿਰ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਮੈਰਿਟ ਨੇੜੇ ਹਾਈਵੇਅ 5 'ਤੇ ਸ਼ਨੀਵਾਰ ਸਵੇਰੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਹਰਿਆਣਾ ਦੇ ਇੱਕ 24 ਸਾਲਾ ਨੌਜਵਾਨ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਪੰਜਾਬੀ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਮੁੱਢਲੀ ਜਾਣਕਾਰੀ ਅਨੁਸਾਰ 22 ਸਾਲਾ ਡਰਾਈਵਰ, ਜੋ ਕਥਿਤ ਤੌਰ 'ਤੇ ਸ਼ਰਾਬ ਦੇ ਨਸ਼ੇ ਵਿੱਚ ਸੀ, ਹਾਈਵੇਅ 'ਤੇ ਗਲਤ ਪਾਸੇ ਤੋਂ ਗੱਡੀ ਚਲਾ ਰਿਹਾ ਸੀ। ਇਸ ਦੌਰਾਨ ਉਸਦੀ ਗੱਡੀ ਸਾਹਮਣੇ ਤੋਂ ਆ ਰਹੀ ਉਸ ਕਾਰ ਨਾਲ ਟਕਰਾ ਗਈ, ਜਿਸ ਵਿੱਚ ਚਾਰ ਪੰਜਾਬੀ ਨੌਜਵਾਨ ਸਵਾਰ ਸਨ।

ਮ੍ਰਿਤਕ ਦੀ ਪਛਾਣ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਪਿੰਡ ਰੱਟਕ ਦੇ ਰਹਿਣ ਵਾਲੇ ਜਸਕੀਰਤ ਸਿੰਘ ਵਜੋਂ ਹੋਈ ਹੈ। ਉਸਦੇ ਮਾਤਾ-ਪਿਤਾ ਨੇ ਲਾਸ਼ ਦੀ ਪਛਾਣ ਕੀਤੀ ਹੈ। ਜ਼ਖ਼ਮੀ ਹੋਏ ਤਿੰਨਾਂ ਨੌਜਵਾਨਾਂ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ ਹੈ। ਮੁੱਢਲੀ ਰਿਪੋਰਟਾਂ ਮੁਤਾਬਕ, ਜਸਕੀਰਤ ਅਤੇ ਉਸਦੇ ਤਿੰਨ ਦੋਸਤ ਸਵੇਰੇ ਕਰੀਬ 5 ਵਜੇ ਇੱਕ ਚਿੱਟੇ ਰੰਗ ਦੀ ਟੋਇਟਾ ਕਾਰ ਵਿੱਚ ਸਰੀ ਤੋਂ ਐਡਮੰਟਨ ਲਈ ਰਵਾਨਾ ਹੋਏ ਸਨ। ਜਦੋਂ ਉਹ ਹਾਈਵੇਅ 5 'ਤੇ ਮੈਰਿਟ ਨੇੜੇ ਪਹੁੰਚੇ, ਤਾਂ ਕਾਲੇ ਰੰਗ ਦੀ ਟੋਇਟਾ ਟਾਕੋਮਾ ਗੱਡੀ ਚਲਾ ਰਿਹਾ 22 ਸਾਲਾ ਇੱਕ ਗੋਰਾ ਵਿਅਕਤੀ ਕਥਿਤ ਤੌਰ 'ਤੇ ਗਲਤ ਦਿਸ਼ਾ ਤੋਂ ਆਇਆ ਅਤੇ ਉਨ੍ਹਾਂ ਦੀ ਗੱਡੀ ਨਾਲ ਟਕਰਾ ਗਿਆ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਗੱਡੀਆਂ ਪੂਰੀ ਤਰ੍ਹਾਂ ਨੁਕਸਾਨੀਆਂ ਗਈਆਂ। ਇਸ ਹਾਦਸੇ ਵਿੱਚ ਜਸਕੀਰਤ ਦੀ ਮੌਤ ਹੋ ਗਈ, ਜਦਕਿ ਉਸਦੇ ਤਿੰਨ ਦੋਸਤ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਜਿਨ੍ਹਾਂ ਨੂੰ ਇਲਾਜ ਲਈ ਹੈਲੀਕਾਪਟਰ ਰਾਹੀਂ ਕੈਲੋਨਾ ਅਤੇ ਕੈਮਲੂਪਸ ਦੇ ਹਸਪਤਾਲਾਂ ਵਿੱਚ ਲਿਜਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਸੱਟਾਂ ਕਾਰਨ ਉਨ੍ਹਾਂ ਵਿੱਚੋਂ ਇੱਕ ਨੂੰ 'ਆਰਟੀਫੀਸ਼ੀਅਲ ਓਸਟੋਮੀ ਬੈਗ' ਲਗਾਉਣ ਦੀ ਲੋੜ ਪਈ ਹੈ। ਤੀਜੇ ਜ਼ਖ਼ਮੀ ਨੌਜਵਾਨ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਸ ਨੇ 22 ਸਾਲਾ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਸ 'ਤੇ ਸ਼ਰਾਬ ਦੇ ਨਸ਼ੇ ਵਿੱਚ ਹੋਣ ਦਾ ਸ਼ੱਕ ਹੈ। ਜਾਂਚ ਬਾਰੇ ਹੋਰ ਵੇਰਵੇ ਅਜੇ ਜਾਰੀ ਨਹੀਂ ਕੀਤੇ ਗਏ ਹਨ।

ਦੂਜੇ ਪਾਸੇ ਪਰਿਵਾਰ ਨੇ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ। ਜਸਕੀਰਤ ਆਪਣੇ ਕਿਸਾਨ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਉਸਦੇ ਪਰਿਵਾਰ ਵਿੱਚ ਮਾਤਾ, ਪਿਤਾ ਅਤੇ ਭੈਣ ਹਨ। ਉਸਦੀ ਅਚਾਨਕ ਮੌਤ ਨਾਲ ਪਰਿਵਾਰ ਡੂੰਘੇ ਸਦਮੇ ਵਿੱਚ ਹੈ। ਦੋਸਤਾਂ ਅਤੇ ਰਿਸ਼ਤੇਦਾਰਾਂ ਨੇ 'ਗੋ-ਫੰਡ-ਮੀ' 'ਤੇ ਇੱਕ ਮੁਹਿੰਮ ਸ਼ੁਰੂ ਕੀਤੀ ਹੈ, ਤਾਂ ਜੋ ਜਸਕੀਰਤ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਜਾਣ ਵਿਚ ਉਸ ਦੇ ਮਾਪਿਆਂ ਦੀ ਮਦਦ ਕੀਤੀ ਜਾ ਸਕੇ ਅਤੇ ਜ਼ਖ਼ਮੀ ਨੌਜਵਾਨਾਂ ਦੇ ਇਲਾਜ ਦੇ ਖਰਚਿਆਂ ਵਿਚ ਵੀ ਸਹਾਇਤਾ ਮਿਲੇ। ਪਰਿਵਾਰ ਅਨੁਸਾਰ ਜਸਕੀਰਤ ਕੈਨੇਡਾ ਵਿੱਚ ਸ਼ਰਨਾਰਥੀ ਵਜੋਂ ਰਹਿ ਰਿਹਾ ਸੀ ਅਤੇ ਪਿਛਲੇ ਹਫ਼ਤੇ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ' ਨੇ ਉਸਦੇ ਕੇਸ ਨੂੰ ਮਨਜ਼ੂਰੀ ਦੇ ਦਿੱਤੀ ਸੀ। ਇਸ ਘਟਨਾਕ੍ਰਮ ਨਾਲ ਇਹ ਉਮੀਦਾਂ ਜਾਗ ਪਈਆਂ ਸਨ ਕਿ ਉਸਨੂੰ ਜਲਦੀ ਹੀ ਕੈਨੇਡਾ ਵਿੱਚ ਸਥਾਈ ਨਿਵਾਸ ਮਿਲ ਜਾਵੇਗਾ।

ਪੀਲ ਪੁਲਿਸ ਵੱਲੋਂ ਵਾਹਨ ਚੋਰੀਆਂ ਅਤੇ ਹਿੰਸਕ ਲੁੱਟਾਂ ਦਾ ਪਰਦਾਫਾਸ਼: ਕਈ ਪੰਜਾਬੀ ਨੌਜਵਾਨ ਗ੍ਰਿਫ਼ਤਾਰ!

10 ਜਣਿਆਂ ਵਿਰੁੱਧ 128 ਦੋਸ਼ ਆਇਦ; 14 ਲੱਖ ਡਾਲਰ ਦਾ ਸਾਮਾਨ ਜ਼ਬਤ



ਵਿੰਨੀਪੈੱਗ : ਗ੍ਰੇਟਰ ਟੋਰਾਂਟੋ ਏਰੀਆ (ਜੀ.ਟੀ.ਏ.) ਵਿੱਚ ਹਿੰਸਕ ਕਾਰਜੈਕਿੰਗ ਅਤੇ ਮਹਿੰਗੀਆਂ ਗੱਡੀਆਂ ਦੀ ਚੋਰੀ ਦੇ ਮਾਮਲਿਆਂ ਵਿੱਚ ਪੀਲ ਰਿਜਨਲ ਪੁਲੀਸ ਨੇ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਵਿਰੁੱਧ ਕੁੱਲ 128 ਦੋਸ਼ ਆਇਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਪੰਜਾਬੀ ਮੂਲ ਦੇ ਕਈ ਨੌਜਵਾਨਾਂ ਦੇ ਨਾਂ ਵੀ ਸ਼ਾਮਲ ਹਨ।

ਪੁਲੀਸ ਅਨੁਸਾਰ 'ਪ੍ਰੋਜੈਕਟ ਹਾਈ ਗਾਰਡ' ਤਹਿਤ ਕੀਤੀ ਜਾਂਚ ਦੌਰਾਨ 21 ਘਟਨਾਵਾਂ ਦੀਆਂ ਕੜੀਆਂ ਜੋੜੀਆਂ ਗਈਆਂ ਹਨ। ਜੂਨ 2025 ਤੋਂ ਅਪਰੈਲ 2026 ਤੱਕ ਚਲਾਈ ਗਈ ਇਸ ਜਾਂਚ ਦਾ ਮੁੱਖ ਉਦੇਸ਼ ਵਾਹਨ ਚੋਰੀਆਂ ਅਤੇ ਹਿੰਸਕ ਲੁੱਟਾਂ-ਖੋਹਾਂ ਵਿੱਚ ਸ਼ਾਮਲ ਕਥਿਤ ਸੰਗਠਿਤ ਅਪਰਾਧਿਕ ਨੈੱਟਵਰਕ ਦਾ ਪਰਦਾਫਾਸ਼ ਕਰਨਾ ਸੀ। ਜਾਂਚਕਰਤਾਵਾਂ ਮੁਤਾਬਕ ਕੁਝ ਵਾਰਦਾਤਾਂ ਦੌਰਾਨ ਚਾਕੂਆਂ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਨਾਲ ਲੋਕਾਂ ਨੂੰ ਧਮਕਾਇਆ ਗਿਆ ਅਤੇ ਉਨ੍ਹਾਂ ਉੱਤੇ ਹਮਲੇ ਵੀ ਕੀਤੇ ਗਏ।

ਗ੍ਰਿਫ਼ਤਾਰ ਕੀਤੇ ਗਿਆਂ ਵਿੱਚ ਏਕਮਵੀਰ ਰੰਧਾਵਾ (20, ਹਾਲਟਨ ਹਿਲਜ਼), ਸ਼ਾਨ ਢੀਂਡਸਾ (20, ਬਰੈਂਪਟਨ), ਆਰੀਅਨ ਦਿਓਲ (20, ਬਰੈਂਪਟਨ), ਮਾਨਵਜੋਤ ਧਾਲੀਵਾਲ (24, ਬਰੈਂਪਟਨ), ਪਾਰਥ ਸ਼ਰਮਾ (21, ਓਕਵਿਲ), ਮਧੂਮੀਤ ਰੰਧਾਵਾ (37, ਬਰੈਂਪਟਨ), ਟੇਵੀਅਨ ਕੌਲੇ (19, ਹਾਲਟਨ ਹਿਲਜ਼) ਅਤੇ ਗ੍ਰੈਗਰੀ ਸੇਨਿਵ (37, ਮਿਸੀਸਾਗਾ) ਸ਼ਾਮਲ ਹਨ। ਇਸ ਤੋਂ ਇਲਾਵਾ ਦੋ 17 ਸਾਲਾ ਨਾਬਾਲਗ—ਇੱਕ ਮਿਸੀਸਾਗਾ ਅਤੇ ਦੂਜਾ ਬਰੈਂਪਟਨ ਤੋਂ—ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ।

ਚਿੱਤੇ ਗਏ ਨਾਵਾਂ ਵਿੱਚੋਂ ਕਈ ਪੰਜਾਬੀ ਮੂਲ ਨਾਲ ਜੁੜੇ ਦਿਖਾਈ ਦਿੰਦੇ ਹਨ, ਪਰ ਸਿਰਫ਼ ਨਾਂ ਦੇ ਆਧਾਰ 'ਤੇ ਕਿਸੇ ਵਿਅਕਤੀ ਦਾ ਨਸਲੀ ਜਾਂ ਭਾਈਚਾਰਕ ਪਿਛੋਕੜ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ। ਪੁਲੀਸ ਅਨੁਸਾਰ ਜਾਂਚ ਕਥਿਤ ਅਪਰਾਧਿਕ ਗਤੀਵਿਧੀਆਂ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਨੈੱਟਵਰਕ 'ਤੇ ਕੇਂਦਰਿਤ ਹੈ।

3 ਸਤੰਬਰ ਨੂੰ ਕੀਤੀਆਂ ਤਾਲਮੇਲ ਵਾਲੀਆਂ ਛਾਪੇਮਾਰੀਆਂ ਦੌਰਾਨ ਪੁਲੀਸ ਨੇ ਲਗਪਗ 14 ਲੱਖ ਡਾਲਰ ਦੀਆਂ 15 ਚੋਰੀਸ਼ੁਦਾ ਗੱਡੀਆਂ, ਚਾਰ ਗ਼ੈਰ-ਕਾਨੂੰਨੀ ਹਥਿਆਰ, ਗੋਲਾ-ਬਾਰੂਦ ਅਤੇ ਮੈਗਜ਼ੀਨ ਬਰਾਮਦ ਕੀਤੇ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਕਥਿਤ ਨੈੱਟਵਰਕ ਵਿੱਚ ਗੱਡੀਆਂ ਨੂੰ ਨਿਸ਼ਾਨਾ ਬਣਾਉਣ, ਲੁੱਟਾਂ ਦੀ ਯੋਜਨਾ ਬਣਾਉਣ ਅਤੇ ਨੌਜਵਾਨਾਂ ਦੀ ਭਰਤੀ ਕਰਨ ਵਾਲੇ ਲੋਕ ਵੀ ਸ਼ਾਮਲ ਸਨ।

ਪੀਲ ਰਿਜਨਲ ਪੁਲੀਸ ਮੁਖੀ ਨਿਸ਼ਾਨ ਦੁਰਾਈਅੱਪਾ ਨੇ ਕਿਹਾ ਕਿ ਜਾਂਚ ਰਾਹੀਂ ਕਥਿਤ ਤੌਰ 'ਤੇ ਅਪਰਾਧ ਕਰਨ ਵਾਲਿਆਂ ਦੇ ਨਾਲ-ਨਾਲ ਨੈੱਟਵਰਕ ਦੇ ਮੁੱਖ ਸੂਤਰਧਾਰਾਂ ਤੱਕ ਪਹੁੰਚਣ ਵਿੱਚ ਵੀ ਮਦਦ ਮਿਲੀ ਹੈ।

ਪੁਲੀਸ ਅੰਕੜਿਆਂ ਮੁਤਾਬਕ 2023 ਵਿੱਚ ਸਿਖਰ 'ਤੇ ਪਹੁੰਚਣ ਤੋਂ ਬਾਅਦ ਖੇਤਰ ਵਿੱਚ ਵਾਹਨ ਚੋਰੀਆਂ ਵਿੱਚ 50 ਫ਼ੀਸਦੀ ਤੋਂ ਵੱਧ ਕਮੀ ਆਈ ਹੈ ਅਤੇ 2026 ਵਿੱਚ ਹੁਣ ਤੱਕ ਹੋਰ 10 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ। ਜਾਂਚ ਜਾਰੀ ਹੈ ਅਤੇ ਸਾਰੇ ਮੁਲਜ਼ਮਾਂ ਵਿਰੁੱਧ ਲੱਗੇ ਦੋਸ਼ ਅਦਾਲਤ ਵਿੱਚ ਸਾਬਤ ਹੋਣੇ ਬਾਕੀ ਹਨ।

ਕੈਨੇਡਾ 'ਚ ਹੋਈ ਕਾਮਨਵੈਲਥ ਚੈਂਪੀਅਨਸ਼ਿਪ ਦੇ ਮੁਕਾਬਲਿਆਂ ਦੇ ਜੇਤੂ ਤੇਜ਼ਬੀਰ ਸਿੰਘ ਰਾਣਾ ਦਾ

ਅੰਤਰਰਾਸ਼ਟਰੀ ਪਾਵਰਲਿਫਟਰ ਅਤੇ ਕੋਚ ਅਜੈ ਗੋਗਨਾ ਭੁਲੱਥ ਵੱਲੋਂ ਡਾਲਰਾਂ ਦੇ ਹਾਰ ਨਾਲ ਸਨਮਾਨ

ਭੁਲੱਥ, (ਸਾਡੇ ਲੋਕ) : ਪਾਵਰਲਿਫਟਿੰਗ ਇੰਡੀਆ ਵੱਲੋਂ ਕੈਨੇਡਾ ਦੇ ਸ਼ਹਿਰ ਵਿੰਨੀਪੈਗ ਵਿੱਖੇ ਹੋਈ ਪਾਵਰਲਿਫਟਿੰਗ ਅਤੇ ਬੈਂਚ ਪ੍ਰੈੱਸ ਕਾਮਨਵੈਲਥ ਚੈਂਪੀਅਨਸ਼ਿਪ 'ਚ ਭਾਰਤੀ ਟੀਮ ਵੱਲੋਂ ਕਾਸ਼ੀ ਦਾ ਤਮਗਾ ਜੇਤੂ ਤੇਜ਼ਬੀਰ ਸਿੰਘ ਰਾਣਾ ਰੌਕ ਦਾ ਭਾਰਤੀ ਟੀਮ ਦੇ ਕੋਚ ਅਤੇ ਕਾਮਨਵੈਲਥ ਚੈਂਪੀਅਨ ਅਜੈ ਗੋਗਨਾ ਦੇ ਉਚੇਚੇ ਸੱਦੇ ਤੇ ਉਹਨਾਂ ਦਾ ਭੁਲੱਥ ਵਿਖੇ ਉਹਨਾਂ ਦੇ ਗ੍ਰਹਿ ਵਿੱਖੇ ਪੁੱਜਣ ਤੇ ਉਹਨਾਂ ਦਾ ਡਾਲਰਾਂ ਦਾ ਹਾਰ ਦੋਸ਼ਾਲਾ ਪਾ ਕੇ ਗੋਗਨਾ ਕਲਾਸਿਕ ਪਾਵਰਲਿਫਟਿੰਗ ਭੁਲੱਥ ਦਾ ਯਾਦਗਾਰੀ ਚਿੰਨ੍ਹ (ਟਰਾਫੀ) ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਮੌਕੇ ਅੰਤਰਰਾਸ਼ਟਰੀ ਪਾਵਰਲਿਫਟਰ ਅਤੇ ਕਾਮਨਵੈਲਥ ਚੈਂਪੀਅਨ ਅਜੈ ਗੋਗਨਾ (ਭੁਲੱਥ) ਨੇ ਕਿਹਾ ਕਿ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਠੱਠਗੜ੍ਹ ਦੇ ਜੰਮਪਲ ਤੇਜ਼ਬੀਰ ਸਿੰਘ ਰਾਣਾ ਇਸ ਤੋਂ ਪਹਿਲੇ ਵੀ ਆਸਟ੍ਰੇਲੀਆ 'ਚ ਹੋਏ ਪਾਵਰਲਿਫਟਿੰਗ ਦੇ ਮੁਕਾਬਲਿਆਂ 'ਚ ਗੋਲਡ ਮੈਡਲ ਜਿੱਤ ਚੁੱਕਿਆ ਹੈ। ਅਤੇ ਮੈਂ ਤੇਜ਼ਬੀਰ ਸਿੰਘ ਰਾਣਾ ਇਸ ਮਾਣਮੱਤੀ ਉਪਲਬਧੀ ਲਈ ਭੁਲੱਥ ਪੁੱਜਣ ਤੇ ਵਧਾਈ ਦਿੰਦਾ ਹਾਂ ਅਤੇ ਸ਼ਾਡੇ ਸੂਬੇ ਦਾ ਅਤੇ ਆਪਣੇ ਪਿੰਡ ਦਾ ਨਾਂ ਰੋਸਨ ਕਰਨ ਤੇ ਵਧਾਈ ਦਿੰਦਾ ਹਾਂ। ਇਸ ਮੌਕੇ ਸ: ਧਰਮਿੰਦਰ ਸਿੰਘ ਚੀਮਾ(ਗੋਲਡਨ ਸਟਾਰ) ਖੇਡ ਪ੍ਰਮੋਟਰ, ਕਾਰੋਬਾਰੀ ਜੀਵਨਰਾਜ ਸਿੰਘ ਖਹਿਰਾ (ਰਾਮਗੜ੍ਹ) ਰਾਜਾ ਅੰਮ੍ਰਿਤਸਰ, ਰਾਜ ਕੁਮਾਰ ਗੋਗਨਾ, ਪਾਵਰਲਿਫਟਰ ਮਾਧਵ ਕਪੂਰ ਭੁਲੱਥ ਵੀ ਮੌਜੂਦ ਸਨ।

ਨਹੀਂ ਹੋਣਗੇ ਕੈਨੇਡਾ ਦੇ ਟੋਟੇ! ਅਲਬਰਟਾ ਦੇ ਵੋਟਰਾਂ ਨੇ ਵੱਖ ਹੋਣ ਦਾ ਪ੍ਰਸਤਾਵ ਕੀਤਾ ਰੱਦ

ਐਡਮੰਟਨ : ਕੈਨੇਡਾ ਲਈ ਚੰਗੀ ਖ਼ਬਰ ਹੈ। ਕੈਨੇਡਾ ਦੇ ਤੇਲ ਨਾਲ ਭਰਪੂਰ ਅਲਬਰਟਾ ਸੂਬੇ ਦੇ ਵੋਟਰਾਂ ਨੇ ਦੇਸ਼ ਤੋਂ ਵੱਖ ਹੋਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਮੰਗਲਵਾਰ ਸਵੇਰੇ ਆਏ ਨਤੀਜਿਆਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਕੈਨੇਡੀਅਨ ਏਕਤਾ ਦੇ ਸਮਰਥਕਾਂ ਨੂੰ ਜਿੱਤ ਦਿਵਾਈ। ਇਹ ਵੋਟਿੰਗ ਉਸ ਸਮੇਂ ਹੋਈ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਵਿਰੁੱਧ ਵਪਾਰ ਯੁੱਧ ਛੇੜਿਆ ਹੋਇਆ ਹੈ ਅਤੇ ਇਸਨੂੰ ਆਪਣੇ ਨਾਲ ਜੋੜਨ ਦੀ ਧਮਕੀ ਵੀ ਦਿੱਤੀ ਹੈ।

ਜਨਮਤ ਸੰਗ੍ਰਹਿ ਸਿੱਧੇ ਤੌਰ 'ਤੇ ਆਜ਼ਾਦੀ ਬਾਰੇ ਨਹੀਂ ਸੀ, ਸਗੋਂ ਅਲਬਰਟਾ ਨੂੰ ਕੈਨੇਡਾ ਤੋਂ ਵੱਖ ਹੋਣ ਜਾਂ ਨਾ ਹੋਣ ਬਾਰੇ ਭਵਿੱਖ ਵਿੱਚ ਵੋਟ ਪਾਉਣ ਵੱਲ ਲਿਜਾਣ ਦਾ ਉਦੇਸ਼ ਸੀ। 10 ਲੱਖ ਤੋਂ ਵੱਧ ਵੋਟਾਂ ਦੀ ਗਿਣਤੀ ਤੋਂ ਬਾਅਦ, ਲਗਭਗ 76 ਪ੍ਰਤੀਸ਼ਤ ਵੋਟਰਾਂ ਨੇ ਕੈਨੇਡਾ ਦੇ ਨਾਲ ਰਹਿਣ ਦਾ ਸਮਰਥਨ ਕੀਤਾ, ਜਦੋਂ ਕਿ 23 ਪ੍ਰਤੀਸ਼ਤ ਨੇ ਪ੍ਰਕਿਰਿਆ ਸ਼ੁਰੂ ਕਰਨ ਲਈ ਵੋਟ ਦਿੱਤੀ।

ਅਲਬਰਟਾ ਦੇ ਸਾਬਕਾ ਉਪ ਮੁੱਖ ਮੰਤਰੀ ਥਾਮਸ ਲੁਕਾਸ਼ੁਕ, ਜਿਨ੍ਹਾਂ ਨੇ ਵੱਖ ਹੋਣ ਵਿਰੁੱਧ ਮੁਹਿੰਮ ਚਲਾਈ, ਨੇ ਸਮਰਥਕਾਂ ਨੂੰ ਕਿਹਾ, 'ਅਸੀਂ ਇੱਕ ਮਜ਼ਬੂਤ ਦੇਸ਼ ਹਾਂ, ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਇੱਕਜੁੱਟ ਹਾਂ।' ਪੋਲਿੰਗ ਸਟੇਸ਼ਨ ਦੇਰ ਨਾਲ ਖੁੱਲ੍ਹਣ ਕਾਰਨ, ਨਤੀਜੇ ਦੇਰੀ ਨਾਲ ਆਉਣ ਕਾਰਨ ਸੋਮਵਾਰ ਨੂੰ 100 ਤੋਂ ਵੱਧ ਪੋਲ

COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.

CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਇੱਕ ਪਾਸੇ ਗੁਜਰਾਤ ਦੀ ਧਰਤੀ 'ਤੇ ਕਾਨੂੰਨ ਦੀ ਹਕੂਮਤ ਦਿਖਾਉਣ ਲਈ ਕਰੋੜਾਂ ਰੁਪਏ ਦੀ ਸ਼ਰਾਬ ਉੱਤੇ ਸਰਕਾਰੀ ਰੋਡ ਰੋਲਰ ਫੇਰ ਦਿੱਤੇ ਜਾਂਦੇ ਹਨ, ਪਰ ਦੂਜੇ ਪਾਸੇ ਪੰਜ ਦਰਿਆਵਾਂ ਦੇ ਵਾਰਿਸ ਪੰਜਾਬ ਵਿੱਚ ਸਰਕਾਰੀ ਖ਼ਜ਼ਾਨੇ ਭਰਨ ਦੀ ਹਵਸ ਅਤੇ ਨਾਜਾਇਜ਼ ਸਿੰਡੀਕੇਟਾਂ ਦੀ ਸਰਪ੍ਰਸਤੀ ਨੇ ਘਰ-ਘਰ ਸੱਥਰ ਵਿਛਾ ਦਿੱਤੇ ਹਨ। ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਦਾ ਮਾਮਲਾ ਨਹੀਂ, ਸਗੋਂ ਸਰਹੱਦ ਪਾਰੋਂ ਡਿੱਗਦੇ ਸਿੰਥੈਟਿਕ ਚਿੱਟੇ, ਪਿੰਡਾਂ ਵਿੱਚ ਚੱਲਦੀਆਂ ਨਕਲੀ ਕੈਮੀਕਲ ਡਿਸਟਿਲਰੀਆਂ ਅਤੇ ਨਸ਼ਿਆਂ ਖ਼ਿਲਾਫ਼ ਬੋਲਣ ਵਾਲੇ ਨੌਜਵਾਨਾਂ ਦੇ ਦਿਨ-ਦਿਹਾੜੇ ਕਤਲਾਂ ਵਿਚਕਾਰ ਘੜੀ ਗਈ ਇੱਕ ਯੋਜਨਾਬੱਧ ਸਮਾਜਿਕ ਤਬਾਹੀ ਹੈ। ਜਦੋਂ ਨਸ਼ਾ ਤਸਕਰਾਂ ਦੀਆਂ ਗੋਲੀਆਂ ਸਮਾਜਿਕ ਚੇਤਨਾ ਦੀਆਂ ਆਵਾਜ਼ਾਂ ਨੂੰ ਚੁੱਪ ਕਰਵਾਉਣ ਲੱਗ ਜਾਣ ਅਤੇ ਸੱਤਾ ਮਾਲੀਏ ਦੀਆਂ ਗਿਣਤੀਆਂ-ਮਿਣਤੀਆਂ ਵਿੱਚ ਉਲਝੀ ਰਹੇ, ਤਾਂ ਚੁੱਪ ਰਹਿਣਾ ਸਭ ਤੋਂ ਵੱਡਾ ਗੁਨਾਹ ਬਣ ਜਾਂਦਾ ਹੈ। 'ਸਾਡੇ ਲੋਕ' ਦਾ ਇਹ ਵਿਸ਼ੇਸ਼ ਸੰਪਾਦਕੀ ਸਿਰਫ਼ ਖ਼ਬਰਾਂ ਦਾ ਸੰਗ੍ਰਹਿ ਨਹੀਂ, ਸਗੋਂ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਹਰ ਸੰਵੇਦਨਸ਼ੀਲ ਨਾਗਰਿਕ ਦੇ ਜ਼ਮੀਰ ਨੂੰ ਝੰਜੋੜਦੀ ਇੱਕ ਵੰਗਾਰ ਹੈ। - ਸਤਨਾਮ ਸਿੰਘ ਖ਼ਾਲਸਾ

ਦੇਸ਼ 'ਚ ਸ਼ਰਾਬਬੰਦੀ ਤੇ ਨਸ਼ਾ ਵਿਰੋਧੀ ਕਾਨੂੰਨ, ਪਰ ਪੰਜਾਬ ਅੰਦਰ ਚਿੱਟੇ ਤੇ ਜ਼ਹਿਰੀਲੀ ਸ਼ਰਾਬ ਦਾ ਕਹਿਰ

ਮਾਲੀਏ ਦੀ ਅੰਨ੍ਹੀ ਹਵਸ, ਪੁਲਿਸ-ਸਿਆਸੀ ਸਰਪ੍ਰਸਤੀ ਅਤੇ ਨਸ਼ਾ ਵਿਰੋਧੀ ਆਵਾਜ਼ਾਂ ਦੇ ਕਤਲ: ਪੰਜਾਬ ਦੀ ਨਵੀਂ ਪੀੜ੍ਹੀ ਸਾਹਮਣੇ ਹੋਂਦ ਦਾ ਗੰਭੀਰ ਸੰਕਟ

ਸੰਪਾਦਕੀ ਸੁਰਖ਼ੀ: ਇੱਕ ਪਾਸੇ ਗੁਜਰਾਤ ਵਰਗੇ ਸੂਬਿਆਂ ਵਿੱਚ ਅਦਾਲਤੀ ਹੁਕਮਾਂ ਤਹਿਤ ਕਰੋੜਾਂ ਰੁਪਏ ਦੀ ਸ਼ਰਾਬ 'ਤੇ ਰੋਡ ਰੋਲਰ ਚਲਾ ਕੇ ਸ਼ਰਾਬਬੰਦੀ ਦੀ ਸਖ਼ਤ ਪਾਲਣਾ ਕੀਤੀ ਜਾਂਦੀ ਹੈ, ਉੱਥੇ ਹੀ ਸਰਹੱਦੀ ਸੂਬੇ ਪੰਜਾਬ ਅੰਦਰ ਸਿੰਥੈਟਿਕ ਚਿੱਟੇ ਅਤੇ ਕੈਮੀਕਲ ਯੁਕਤ ਜ਼ਹਿਰੀਲੀ ਸ਼ਰਾਬ ਦੇ ਨਾਜਾਇਜ਼ ਕਾਰੋਬਾਰ ਨੇ ਸਮੁੱਚੀ ਜਵਾਨੀ ਨੂੰ ਨਿਗਲਣਾ ਸ਼ੁਰੂ ਕੀਤਾ ਹੋਇਆ ਹੈ। ਸਮਾਜਿਕ ਚੇਤਨਾ ਫੈਲਾਉਣ ਵਾਲੇ ਕਾਰਕੁੰਨਾਂ ਦੇ ਸ਼ਰੇਆਮ ਕਤਲ ਅਤੇ ਨਕਲੀ ਡਿਸਟਿਲਰੀਆਂ ਦਾ ਬੇਖ਼ੌਫ਼ ਪਸਾਰਾ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਹੈ ਜਾਂ ਯੋਜਨਾਬੱਧ ਸਮਾਜਿਕ ਤਬਾਹੀ?

1. ਦੋਹਰੇ ਮਾਪਦੰਡ: ਗੁਜਰਾਤ ਦੀ ਸ਼ਰਾਬਬੰਦੀ ਬਨਾਮ ਪੰਜਾਬ ਦਾ ਆਬਕਾਰੀ ਮਾਡਲ

ਭਾਰਤੀ ਸੰਵਿਧਾਨ ਦੀ ਧਾਰਾ 47 ਰਾਜਾਂ ਨੂੰ ਨਿਰਦੇਸ਼ ਦਿੰਦੀ ਹੈ ਕਿ ਉਹ ਨਸ਼ੀਲੇ ਪਦਾਰਥਾਂ ਅਤੇ ਸਿਹਤ ਲਈ ਹਾਨੀਕਾਰਕ ਸ਼ਰਾਬ ਦੀ ਖਪਤ 'ਤੇ ਰੋਕ ਲਗਾਉਣ। ਗੁਜਰਾਤ ਨੇ ਸਾਲਾਨਾ ਲਗਭਗ 15,000 ਕਰੋੜ ਰੁਪਏ ਦੇ ਸੰਭਾਵੀ ਮਾਲੀਏ ਦਾ ਤਿਆਗ ਕਰਕੇ ਪੂਰਨ ਸ਼ਰਾਬਬੰਦੀ ਕਾਨੂੰਨ ਲਾਗੂ ਕੀਤਾ ਹੋਇਆ ਹੈ। ਹਾਲ ਹੀ ਵਿੱਚ ਜਾਮਨਗਰ ਵਿਖੇ ਐੱਸ.ਡੀ.ਐੱਮ. ਦੀ ਨਿਗਰਾਨੀ ਵਿੱਚ 54,991 ਬੋਤਲਾਂ (ਕੀਮਤ ?2.03 ਕਰੋੜ) ਨੂੰ ਰੋਡ ਰੋਲਰ ਨਾਲ ਚਕਨਾਚੂਰ ਕੀਤਾ ਗਿਆ। ਇਸ ਦੇ ਉਲਟ, ਪੰਜਾਬ ਸਰਕਾਰ ਆਪਣੇ ਖ਼ਜ਼ਾਨੇ ਦੀ ਗੀੜ੍ਹ ਦੀ ਹੱਡੀ ਸ਼ਰਾਬ ਦੀ ਵਿਕਰੀ ਨੂੰ ਬਣਾ ਚੁੱਕੀ ਹੈ, ਜਿੱਥੇ ਸਾਲਾਨਾ 10,000 ਕਰੋੜ ਤੋਂ ਵੱਧ ਦਾ ਮਾਲੀਆ ਇਕੱਠਾ ਕਰਨ ਦੇ ਟੀਚੇ ਮਿੱਥੇ ਜਾਂਦੇ ਹਨ।

ਪੈਰਾਮੀਟਰ ਗੁਜਰਾਤ (ਪੂਰਨ ਸ਼ਰਾਬਬੰਦੀ / Dry State) : ਪੰਜਾਬ (ਆਬਕਾਰੀ ਮਾਲੀਆ ਤੇ ਨਾਜਾਇਜ਼ ਸਿੰਡੀਕੇਟ)

ਸਾਲਾਨਾ ਆਬਕਾਰੀ ਮਾਲੀਆ : ਲਗਭਗ ਸਿਫ਼ਰ (ਸਿਰਫ਼ ਪਰਮਿਟ ਫ਼ੀਸ) 10,000+ ਕਰੋੜ (ਸੂਬੇ ਦੇ ਟੈਕਸਾਂ ਦਾ 15-18%)

ਗ਼ੈਰ-ਕਾਨੂੰਨੀ ਸ਼ਰਾਬ 'ਤੇ ਕਾਰਵਾਈ ਜਾਇਦਾਦ ਜ਼ਬਤੀ, 10 ਸਾਲ ਕੈਦ, ਰੋਡ ਰੋਲਰ ਨਾਲ ਵਿਨਸ਼ਟੀਕਰਨ : ਦਰਿਆਈ ਮੰਡਾਂ ਤੇ ਬੰਦ ਗੁਦਾਮਾਂ 'ਚ ਨਕਲੀ ਬੋਤਲਿੰਗ ਦਾ ਪਸਾਰਾ

ਸਿੰਥੈਟਿਕ ਨਸ਼ਿਆਂ ਦੀ ਸਥਿਤੀ ਬੰਦਰਗਾਹਾਂ 'ਤੇ ਕੇਂਦਰੀ ਏਜੰਸੀਆਂ ਦੀ ਤਿੱਖੀ ਨਿਗਰਾਨੀ ਹੈਰੋਇਨ/ਚਿੱਟਾ ਅਤੇ ਮੈਡੀਕਲ ਨਸ਼ੇ ਪਿੰਡ-ਪਿੰਡ ਪਹੁੰਚਣ ਦੀ ਮਾਰ

ਨਸ਼ਾ ਵਿਰੋਧੀ ਕਾਰਕੁੰਨਾਂ ਦੀ ਸੁਰੱਖਿਆ ਕਮਿਊਨਿਟੀ ਪੁਲਿਸਿੰਗ ਤੇ ਪ੍ਰੋਹੀਬੀਸ਼ਨ ਵਿੰਗ ਪਰਵਿੰਦਰ ਝੋਟਾ ਵਰਗੇ ਕਾਰਕੁੰਨਾਂ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ

2. ਨਕਲੀ ਡਿਸਟਿਲਰੀਆਂ ਅਤੇ ਜ਼ਹਿਰੀਲੇ ਕੈਮੀਕਲ ਦਾ ਗੱਠਜੋੜ

2020 ਦੇ ਮਾਝਾ ਜ਼ਹਿਰੀਲੀ ਸ਼ਰਾਬ ਕਾਂਡ ਵਿੱਚ 120 ਤੋਂ ਵੱਧ ਗ਼ਰੀਬ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਸਨ। ਫ਼ੋਰੈਂਸਿਕ ਜਾਂਚ ਵਿੱਚ ਸਾਹਮਣੇ ਆਇਆ ਸੀ ਕਿ ਡਿਸਟਿਲਰੀਆਂ ਵਿੱਚੋਂ ਚੋਰੀ ਕੀਤਾ ਜਾਂਦਾ ਐਕਸਟਰਾ ਨਿਊਟਰਲ ਅਲਕੋਹਲ (ENA) ਅਤੇ ਮਿਥਾਈਲ ਅਲਕੋਹਲ (Methanol) ਮਿਲਾ ਕੇ ਨਕਲੀ ਸ਼ਰਾਬ ਬਣਾਈ ਜਾਂਦੀ ਸੀ। ਪੰਜਾਬ ਅੰਦਰ ਘਨੌਰ, ਰਾਜਪੁਰਾ ਅਤੇ ਲੁਧਿਆਣਾ ਦੇ ਦਿਹਾਤੀ ਇਲਾਕਿਆਂ ਵਿੱਚ ਬੰਦ ਪਏ ਗੋਦਾਮਾਂ ਅੰਦਰ ਨਕਲੀ ਹੇਲੋਗ੍ਰਾਮ ਅਤੇ ਮੋਨੋਪੋਲੀ ਢੱਕਣ ਲਗਾ ਕੇ ਸ਼ਰਾਬ ਤਿਆਰ ਕੀਤੀ ਜਾਂਦੀ ਰਹੀ ਹੈ, ਜਿਸ ਵਿੱਚ ਸਿਆਸੀ ਆਗੂਆਂ ਅਤੇ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਦੇ ਗੰਭੀਰ ਦੋਸ਼ ਲੱਗਦੇ ਰਹੇ ਹਨ।

ਸਾਡੇ ਲੋਕ : ਖੋਜੀ ਪੱਤਰਕਾਰੀ ਵਿੰਗ

ਪੰਨਾ 1

3. ਚਿੱਟੇ ਦਾ ਕੋਹੜ ਅਤੇ ਸਰਹੱਦ ਪਾਰੋਂ ਡਰੋਨ ਨੈੱਟਵਰਕ ਦਾ ਪਸਾਰਾ

ਪੰਜਾਬ ਦੀ ਨੌਜਵਾਨੀ ਨੂੰ ਸਿਰਫ਼ ਜ਼ਹਿਰੀਲੀ ਸ਼ਰਾਬ ਹੀ ਨਹੀਂ, ਸਗੋਂ ਕੈਮੀਕਲ ਯੁਕਤ 'ਚਿੱਟੇ' (ਸਿੰਥੈਟਿਕ ਹੈਰੋਇਨ) ਰਾਹੀਂ ਵੀ ਖ਼ਤਮ ਕੀਤਾ ਜਾ ਰਿਹਾ ਹੈ। ਪਾਕਿਸਤਾਨੀ ਸਰਹੱਦ ਨਾਲ ਲੱਗਦੇ ਤਰਨ ਤਾਰਨ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਡਰੋਨਾਂ ਰਾਹੀਂ ਪਾਬੰਦੀਸ਼ੁਦਾ ਨਸ਼ੀਲੇ ਪਦਾਰਥ ਸੁੱਟੇ ਜਾ ਰਹੇ ਹਨ। ਪਿੰਡਾਂ ਵਿੱਚ ਹਾਲਾਤ ਇਹ ਹਨ ਕਿ ਘਰ-ਘਰ ਨੌਜਵਾਨ ਮਾਵਾਂ ਦੀਆਂ ਗੋਦੀਆਂ ਸੁੰਨੀਆਂ ਹੋ ਰਹੀਆਂ ਹਨ। ਸਰਕਾਰ ਵੱਲੋਂ ਨਸ਼ਾ ਛੁਡਾਊ ਓਟ (OOAT) ਕਲੀਨਿਕ ਤਾਂ ਖੋਲ੍ਹੇ ਗਏ, ਪਰ ਜ਼ਮੀਨੀ ਪੱਧਰ 'ਤੇ ਸਪਲਾਈ ਲਾਈਨ ਨੂੰ ਤੋੜਨ ਵਿੱਚ ਪੁਲਿਸ ਪ੍ਰਸ਼ਾਸਨ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਇਆ ਹੈ।

'ਜਦੋਂ ਕੋਈ ਨੌਜਵਾਨ ਪਿੰਡ ਵਿੱਚ ਨਸ਼ਾ ਤਸਕਰਾਂ ਦੀ ਸ਼ਿਕਾਇਤ ਕਰਦਾ ਹੈ, ਤਾਂ ਪੁਲਿਸ ਕਾਰਵਾਈ ਕਰਨ ਦੀ ਬਜਾਏ ਉਸੇ ਨੌਜਵਾਨ ਨੂੰ ਝੂਠੇ ਪਰਚਿਆਂ ਵਿੱਚ ਉਲਝਾ ਦਿੰਦੀ ਹੈ। ਪਰਵਿੰਦਰ ਸਿੰਘ ਝੋਟਾ ਦਾ ਕਤਲ ਇਹ ਦਰਸਾਉਂਦਾ ਹੈ ਕਿ ਨਸ਼ਾ ਮਾਫ਼ੀਆ ਨੂੰ ਸੂਬੇ ਵਿੱਚ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ।'

— ਸੰਘਰਸ਼ੀ ਕਿਸਾਨ ਆਗੂ

ਸੰਕਟ ਦਾ ਚੱਕਰਵਿਊ:

ਸਰਹੱਦੀ ਡਰੋਨ ਸਪਲਾਈ ? ਹੈਰੋਇਨ/ਆਈਸ ਕੈਮੀਕਲ

ਗ਼ੈਰ-ਕਾਨੂੰਨੀ ਡਿਸਟਿਲਰੀਆਂ ? ENA ਚੋਰੀ / ਜ਼ਹਿਰੀਲੀ ਲਾਹਣ

ਸਿਆਸੀ-ਪੁਲਿਸ ਗੱਠਜੋੜ ਤਸਕਰਾਂ ਨੂੰ ਸਰਪ੍ਰਸਤੀ

ਜਵਾਨੀ ਦਾ ਘਾਣ : ਪਿੰਡਾਂ 'ਚ ਸੱਥਰ ਤੇ ਮੌਤਾਂ

4. ਪਰਵਿੰਦਰ ਸਿੰਘ ਝੋਟਾ ਦਾ ਕਤਲ: ਆਵਾਜ਼ ਦਬਾਉਣ ਦੀ ਸਾਜ਼ਿਸ਼

ਮਾਨਸਾ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਵੱਲੋਂ ਮੈਡੀਕਲ ਨਸ਼ਾ ਵੇਚਣ ਵਾਲੇ ਕੈਮਿਸਟਾਂ ਅਤੇ ਸਥਾਨਕ ਨਸ਼ਾ ਤਸਕਰਾਂ ਨੂੰ ਲੋਕਾਂ ਦੀ ਕਚਹਿਰੀ ਵਿੱਚ ਬੇਪਰਦ ਕੀਤਾ ਜਾ ਰਿਹਾ ਸੀ। ਉਸ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦੇਣਾ ਕੋਈ ਸਾਧਾਰਨ ਜੁਰਮ ਨਹੀਂ, ਸਗੋਂ ਲੋਕਤੰਤਰ ਵਿੱਚ ਨਸ਼ਾ ਵਿਰੋਧੀ ਲਹਿਰ ਦਾ ਗਲਾ ਘੁੱਟਣ ਦੀ ਕੋਸ਼ਿਸ਼ ਹੈ। ਇਸ ਘਟਨਾ ਦੇ ਵਿਰੋਧ ਵਿੱਚ ਪਟਿਆਲਾ ਵਿਖੇ ਸਿਹਤ ਮੰਤਰੀ ਦੀ ਰਿਹਾਇਸ਼, ਅੰਮ੍ਰਿਤਸਰ ਵਿੱਚ ਕੈਬਨਿਟ ਮੰਤਰੀ ਈ.ਟੀ.ਓ. ਦੇ ਘਰ ਬਾਹਰ ਅਤੇ ਭੰਡਾਰੀ ਪੁਲ 'ਤੇ ਮਹਿਲਾਵਾਂ ਵੱਲੋਂ ਕੀਤੇ ਗਏ ਚੱਕਾ ਜਾਮ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਹੁਣ ਇਸ ਧੱਕੇਸ਼ਾਹੀ ਨੂੰ ਚੁੱਪ-ਚਾਪ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ।

5. **ਪੰਜਾਬ ਬਚਾਓ:** ਤੁਰੰਤ ਲੋੜੀਂਦੇ ਕਦਮ

ਜੇਕਰ ਪੰਜਾਬ ਦੀ ਹੋਂਦ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਚਾਉਣਾ ਹੈ ਤਾਂ ਸਰਕਾਰ ਅਤੇ ਸਮਾਜ ਨੂੰ ਹੇਠ ਲਿਖੇ ਨਿਰਣਾਇਕ ਕਦਮ ਚੁੱਕਣੇ ਪੈਣਗੇ:

ਨਿਆਂਇਕ ਜਾਂਚ: ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਅਤੇ ਪੰਜਾਬ ਵਿੱਚ ਫੈਲੇ ਨਕਲੀ ਡਿਸਟਿਲਰੀ ਨੈੱਟਵਰਕ ਦੀ ਹਾਈਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਵਾਈ ਜਾਵੇ।

ਤਸਕਰਾਂ ਦੀ ਜਾਇਦਾਦ ਜ਼ਬਤ: ਨਸ਼ਾ ਤਸਕਰੀ ਅਤੇ ਜ਼ਹਿਰੀਲੀ ਸ਼ਰਾਬ ਦੇ ਧੰਦੇ ਵਿੱਚ ਸ਼ਾਮਲ ਵੱਡੇ ਮਗਰਮੱਛਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰਕੇ ਨਸ਼ਾ ਪੀੜਤ ਪਰਿਵਾਰਾਂ ਦੇ ਮੁੜ-ਵਸੇਬੇ ਲਈ ਵਰਤਿਆ ਜਾਵੇ।

ਸਰਹੱਦੀ ਚੌਕਸੀ: ਸਰਹੱਦੀ ਖੇਤਰਾਂ ਵਿੱਚ ਐਂਟੀ-ਡਰੋਨ ਸਿਸਟਮ ਤੁਰੰਤ ਪ੍ਰਭਾਵ ਨਾਲ ਲਗਾਏ ਜਾਣ ਅਤੇ ਸਥਾਨਕ ਪੁਲਿਸ ਨਾਕਿਆਂ 'ਤੇ ਬਾਇਓਮੈਟ੍ਰਿਕ ਤੇ ਸੀ.ਸੀ.ਟੀ.ਵੀ. ਲਾਜ਼ਮੀ ਹੋਵੇ।

ਪਿੰਡ ਪੱਧਰੀ ਪਹਿਰੇਦਾਰੀ: ਪੰਚਾਇਤਾਂ ਅਤੇ ਨੌਜਵਾਨ ਸਭਾਵਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕੀਤੀ ਜਾਵੇ ਤਾਂ ਜੋ ਉਹ ਬਿਨਾਂ ਖ਼ੌਫ਼ ਦੇ ਆਪਣੇ ਪਿੰਡਾਂ ਨੂੰ ਨਸ਼ਾ-ਮੁਕਤ ਕਰ ਸਕਣ।

ਪੁਲਿਸ ਸ਼ਹੀਦੀ ਯਾਦਗਾਰੀ ਦਿਵਸ ਮੌਕੇ ਅਮਰ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ; ਪਰਿਵਾਰਾਂ ਦੀਆਂ ਅੱਖਾਂ ਹੋਈਆਂ ਨਮ

ਦੇਸ਼ ਦੀ ਅਖੰਡਤਾ ਅਤੇ ਪੰਜਾਬ ਦੇ ਅਮਨ-ਚੈਨ ਲਈ ਜਾਨਾਂ ਵਾਰਨ ਵਾਲੇ ਪੁਲਿਸ ਜਵਾਨਾਂ ਦੀ ਕੁਰਬਾਨੀ ਅੱਗੇ ਸੀਸ ਝੁਕਾਇਆ; ਪੁਲਿਸ ਪ੍ਰਸ਼ਾਸਨ ਵੱਲੋਂ ਸ਼ਹੀਦ ਪਰਿਵਾਰਾਂ ਦੀ ਹਰ ਸੰਭਵ ਮਦਦ ਦਾ ਭਰੋਸਾ

ਅੰਮ੍ਰਿਤਸਰ : ਪੁਲਿਸ ਸ਼ਹੀਦੀ ਯਾਦਗਾਰੀ ਦਿਵਸ (Police Commemoration Day) ਮੌਕੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਸਥਿਤ ਪੁਲਿਸ ਸ਼ਹੀਦੀ ਸਮਾਰਕ 'ਤੇ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਪੰਜਾਬ ਅੰਦਰ ਅਮਨ-ਕਾਨੂੰਨ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਪੁਲਿਸ ਅਫ਼ਸਰਾਂ ਅਤੇ ਜਵਾਨਾਂ ਨੂੰ ਸਰਕਾਰੀ ਸਨਮਾਨਾਂ ਨਾਲ ਸ਼ਰਧਾਂਜਲੀ ਭੇਟ ਕੀਤੀ ਗਈ।

ਸਮਾਗਮ ਦੌਰਾਨ ਸ਼ਹੀਦ ਹੋਏ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਕ ਮੈਂਬਰਾਂ ਨੇ ਸ਼ਹੀਦੀ ਸਮਾਰਕ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ। ਇਸ ਦੌਰਾਨ ਆਪਣੇ ਲਖਤੇ-ਜਿਗਰਾਂ, ਪਤੀਆਂ ਅਤੇ ਪਿਤਾਵਾਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਪਰਿਵਾਰਾਂ ਦੀਆਂ ਅੱਖਾਂ ਨਮ ਹੋ ਗਈਆਂ। ਪੁਲਿਸ ਦੀ ਹਥਿਆਰਬੰਦ ਟੁਕੜੀ ਵੱਲੋਂ ਹਥਿਆਰ ਉਲਟੇ ਕਰਕੇ ਅਤੇ ਸ਼ੋਕ ਧੁਨ ਵਜਾ ਕੇ ਸ਼ਹੀਦਾਂ ਨੂੰ ਸਲਾਮੀ ਦਿੱਤੀ ਗਈ।

ਮੁੱਖ ਵੇਰਵੇ: ਪੁਲਿਸ ਸ਼ਹੀਦੀ ਯਾਦਗਾਰੀ ਦਿਵਸ (ਅੰਮ੍ਰਿਤਸਰ)

ਸਥਾਨ : ਪੁਲਿਸ ਸ਼ਹੀਦੀ ਸਮਾਰਕ, ਪੁਲਿਸ ਲਾਈਨਜ਼, ਅੰਮ੍ਰਿਤਸਰ

ਮੌਕਾ : ਕੌਮੀ ਪੁਲਿਸ ਸ਼ਹੀਦੀ ਯਾਦਗਾਰੀ ਦਿਵਸ (21 ਅਕਤੂਬਰ)

ਮੁੱਖ ਸ਼ਖ਼ਸੀਅਤਾਂ : ਪੁਲਿਸ ਕਮਿਸ਼ਨਰ ਅੰਮ੍ਰਿਤਸਰ, ਸੀਨੀਅਰ ਪੁਲਿਸ ਅਧਿਕਾਰੀ ਅਤੇ ਸ਼ਹੀਦ ਪਰਿਵਾਰ

ਮੁੱਖ ਰਸਮਾਂ ਸ਼ਹੀਦੀ ਸਮਾਰਕ 'ਤੇ ਗੀਥ (ਫੁੱਲ ਮਾਲਾਵਾਂ) ਭੇਟ ਕਰਨਾ, ਸ਼ੋਕ ਪਰੇਡ, ਸ਼ਹੀਦਾਂ ਦੇ ਨਾਵਾਂ ਦਾ ਪਾਠ

ਪ੍ਰਸ਼ਾਸਨਿਕ ਭਰੋਸਾ : ਸ਼ਹੀਦ ਪਰਿਵਾਰਾਂ ਦੀਆਂ ਪੈਂਡਿੰਗ ਪੈਨਸ਼ਨਾਂ, ਭਲਾਈ ਸਕੀਮਾਂ ਅਤੇ ਬੱਚਿਆਂ ਦੀ ਸਿੱਖਿਆ 'ਚ ਪਹਿਲ

'ਸ਼ਹੀਦਾਂ ਦਾ ਬਲਿਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ' – ਪੁਲਿਸ ਅਧਿਕਾਰੀ

ਸਮਾਰੋਹ ਨੂੰ ਸੰਬੋਧਨ ਕਰਦਿਆਂ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਪੁਲਿਸ ਦਾ ਇਤਿਹਾਸ ਅਣਗਿਣਤ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਅੱਤਵਾਦ ਦੇ ਕਾਲੇ ਦੌਰ ਤੋਂ ਲੈ ਕੇ ਅਜੋਕੇ ਸਮੇਂ ਅੰਦਰ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਦੇਸ਼ ਵਿਰੋਧੀ ਅੰਸਰਾਂ ਨਾਲ ਲੋਹਾ ਲੈਂਦੇ ਹੋਏ ਪੁਲਿਸ ਜਵਾਨਾਂ ਨੇ ਹਮੇਸ਼ਾ ਫ਼ਰਜ਼ ਨੂੰ ਮੂਹਰੇ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਆਪਣੇ ਸ਼ਹੀਦਾਂ ਦੇ ਪਰਿਵਾਰਾਂ ਦੇ ਨਾਲ ਹਮੇਸ਼ਾ ਚੱਟਾਨ ਵਾਂਗ ਖੜ੍ਹੀ ਹੈ ਅਤੇ ਪਰਿਵਾਰਾਂ ਨੂੰ ਦਰਪੇਸ਼ ਕਿਸੇ ਵੀ ਪ੍ਰਸ਼ਾਸਨਿਕ ਜਾਂ ਨਿੱਜੀ ਮੁਸ਼ਕਲ ਦਾ ਤੁਰੰਤ ਨਿਪਟਾਰਾ ਕਰਨਾ ਵਿਭਾਗ ਦੀ ਪਹਿਲੀ ਤਰਜੀਹ ਹੈ। ਸਮਾਗਮ ਦੇ ਅੰਤ ਵਿੱਚ ਅਧਿਕਾਰੀਆਂ ਨੇ ਸ਼ਹੀਦਾਂ ਦੇ ਵਾਰਸਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਸੁਣੀਆਂ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਨਸ਼ਾ-ਗੈਂਗਸਟਰ ਗੱਠਜੋੜ ਤੇ ਅੰਨ੍ਹੀ ਪਰਵਾਸ ਨਾਲ ਪੰਜਾਬ ਦੀ ਹੋਂਦ ਨੂੰ ਖ਼ਤਰਾ; 1 ਨਵੰਬਰ ਨੂੰ ਕਿਸਾਨ ਭਵਨ 'ਚ ਹੋਵੇਗੀ ਦਲ ਖ਼ਾਲਸਾ ਦੀ ਵਿਸ਼ੇਸ਼ ਕਨਵੈਨਸ਼ਨ : ਪਰਮਜੀਤ ਸਿੰਘ ਮੰਡ

ਸਿੱਧੂ ਮੂਸੇਵਾਲਾ ਤੇ ਪਰਵਿੰਦਰ ਝੋਟਾ ਦੇ ਪਰਿਵਾਰਾਂ ਨੂੰ ਮਹਿਜ਼ ਭਰੋਸੇ ਮਿਲੇ, ਇਨਸਾਫ਼ ਨਹੀਂ

2027 ਚੋਣਾਂ ਦੇ ਮੱਦੇਨਜ਼ਰ ਅਮਿਤ ਸ਼ਾਹ ਦਾ ਪੰਜਾਬ ਦੌਰਾ ਸਿਰਫ਼ ਸਿਆਸੀ ਸਟੰਟ : ਕਾਰਜਕਾਰੀ ਪ੍ਰਧਾਨ ਦੇ ਤਿੱਖੇ ਹਮਲੇ

ਅੰਮ੍ਰਿਤਸਰ (ਪੰਜਾਬ) : ਪੰਜਾਬ ਵਿੱਚ ਡੂੰਘੇ ਹੋ ਰਹੇ ਨਸ਼ਿਆਂ ਦੇ ਜਾਲ, ਬੇਲਗਾਮ ਹੁੰਦੇ ਗੈਂਗਸਟਰ ਕਲਚਰ, ਸੂਬੇ ਵਿੱਚ ਲਗਾਤਾਰ ਵੱਧ ਰਹੇ ਬਾਹਰੀ ਪਰਵਾਸ (Unchecked Migration) ਅਤੇ ਕੇਂਦਰ ਸਰਕਾਰ ਦੇ ਸਿਆਸੀ ਰੁਖ਼ 'ਤੇ ਦਲ ਖ਼ਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਅੰਮ੍ਰਿਤਸਰ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮਾਜਿਕ ਅਤੇ ਸਿਆਸੀ ਢਾਂਚੇ ਨੂੰ ਇੱਕ ਵੱਡੀ ਸਾਜ਼ਿਸ਼ ਤਹਿਤ ਖੋਖਲਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਦਿਵਸ ਮੌਕੇ 1 ਨਵੰਬਰ 2026 ਨੂੰ ਚੰਡੀਗੜ੍ਹ ਸਥਿਤ ਕਿਸਾਨ ਭਵਨ ਵਿਖੇ ਦਲ ਖ਼ਾਲਸਾ ਵੱਲੋਂ ਵਿਸ਼ੇਸ਼ ਕਨਵੈਨਸ਼ਨ ਬੁਲਾਈ ਜਾ ਰਹੀ ਹੈ, ਜਿਸ ਵਿੱਚ ਨਸ਼ਾ ਸਿੰਡੀਕੇਟ ਅਤੇ ਪੰਜਾਬ ਦੀ ਡੈਮੋਗ੍ਰਾਫ਼ੀ (ਵਸੋਂ ਦੇ ਅਨੁਪਾਤ) ਨੂੰ ਬਦਲਣ ਦੀਆਂ ਸਾਜ਼ਿਸ਼ਾਂ ਖ਼ਿਲਾਫ਼ ਅਗਲਾ ਠੋਸ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇਗਾ।

ਮੁੱਖ ਵੇਰਵੇ: ਦਲ ਖ਼ਾਲਸਾ ਪ੍ਰੈੱਸ ਕਾਨਫ਼ਰੰਸ

ਸਥਾਨ : ਅੰਮ੍ਰਿਤਸਰ, ਪੰਜਾਬ

ਬੁਲਾਰਾ : ਪਰਮਜੀਤ ਸਿੰਘ ਮੰਡ (ਕਾਰਜਕਾਰੀ ਪ੍ਰਧਾਨ, ਦਲ ਖ਼ਾਲਸਾ)

ਪ੍ਰਮੁੱਖ ਮੁੱਦੇ 1. ਸਿੱਧੂ ਮੂਸੇਵਾਲਾ ਤੇ ਪਰਵਿੰਦਰ ਝੋਟਾ ਕਤਲ ਕਾਂਡ (ਗੈਂਗਸਟਰ ਤੇ ਨਸ਼ਾ ਗੱਠਜੋੜ)

2. ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਦੌਰਾ ਤੇ ਸੀ.ਬੀ.ਆਈ. ਜਾਂਚ ਦੇ ਦਾਅਵੇ

3. ਬਾਹਰੀ ਸੂਬਿਆਂ ਤੋਂ ਅਣ-ਚੈੱਕਡ ਪਰਵਾਸ ਤੇ ਪੰਜਾਬ ਦੀ ਡੈਮੋਗ੍ਰਾਫ਼ੀ ਬਦਲਣ ਦੇ ਦੋਸ਼

4. ਸਰਕਾਰੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ, ਬਿਜਲੀ/ਪਾਣੀ ਚੋਰੀ ਅਤੇ ਜਾਅਲੀ ਦਸਤਾਵੇਜ਼

ਵੱਡਾ ਐਲਾਨ : 1 ਨਵੰਬਰ (ਪੰਜਾਬ ਦਿਵਸ) ਨੂੰ ਕਿਸਾਨ ਭਵਨ (ਚੰਡੀਗੜ੍ਹ) ਵਿਖੇ ਸੂਬਾਈ ਕਨਵੈਨਸ਼ਨ

ਪਰਮਜੀਤ ਸਿੰਘ ਮੰਡ ਦੇ ਪ੍ਰਮੁੱਖ ਤਰਕ ਅਤੇ ਗੰਭੀਰ ਦੋਸ਼

ਸਿੱਧੂ ਮੂਸੇਵਾਲਾ ਤੇ ਪਰਵਿੰਦਰ ਝੋਟਾ ਦੋ ਵੱਖਰੇ ਜ਼ੁਲਮਾਂ ਦੇ ਸ਼ਿਕਾਰ:

ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦੇ ਬਿਆਨ ਦਾ ਹਵਾਲਾ ਦਿੰਦਿਆਂ ਮੰਡ ਨੇ ਕਿਹਾ ਕਿ ਪੰਜਾਬ ਅੰਦਰ ਦੋ ਮਾਰੂ ਤੰਦਾਂ ਸਮਾਜ ਨੂੰ ਨਿਗਲ ਰਹੀਆਂ ਹਨ। ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਗੈਂਗਸਟਰਵਾਦ ਦਾ ਸ਼ਿਕਾਰ ਹੋਏ ਅਤੇ ਪਰਵਿੰਦਰ ਸਿੰਘ ਝੋਟਾ ਨਸ਼ਾ ਮਾਫ਼ੀਆ ਅਤੇ ਪ੍ਰਸ਼ਾਸਨਿਕ ਮਿਲੀਭੁਗਤ ਦਾ ਸ਼ਿਕਾਰ ਹੋਏ। ਦੋਵਾਂ ਦੇ ਪਿਤਾਵਾਂ ਨੂੰ ਸਰਕਾਰਾਂ ਨੇ ਸਿਰਫ਼ ਭਰੋਸੇ ਦਿੱਤੇ, ਪਰ ਇਨਸਾਫ਼ ਨਹੀਂ ਮਿਲਿਆ। ਸਿਰਫ਼ ਸੀ.ਬੀ.ਆਈ. ਜਾਂਚ ਬਿਠਾ ਕੇ ਕੇਂਦਰ ਜਾਂ ਸੂਬਾ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

ਅਮਿਤ ਸ਼ਾਹ ਦੀ ਫੇਰੀ 2027 ਚੋਣਾਂ ਦਾ ਪੈਂਤੜਾ:

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪੰਜਾਬ ਦੌਰੇ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਵਿੱਚ ਵਿਚਕਾਰਲੇ ਸਮੇਂ ਕਤਲ ਹੁੰਦੇ ਰਹੇ ਤਾਂ ਗ੍ਰਹਿ ਮੰਤਰੀ ਨਹੀਂ ਆਏ। ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਨੇੜੇ ਵੇਖ ਕੇ ਕੇਂਦਰ ਸਰਕਾਰ ਸੀ.ਬੀ.ਆਈ. ਜਾਂਚ ਦਾ ਲਾਲੀਪੌਪ ਦੇ ਕੇ ਖ਼ੁਦ ਨੂੰ ਬਰੀ ਕਰਨਾ ਚਾਹੁੰਦੀ ਹੈ। ਉਨ੍ਹਾਂ ਸਵਾਲ ਕੀਤਾ ਕਿ ਜਿਨ੍ਹਾਂ ਗੈਂਗਸਟਰਾਂ ਨੇ ਮੂਸੇਵਾਲਾ ਦਾ ਕਤਲ ਕਰਵਾਇਆ, ਉਨ੍ਹਾਂ ਨੂੰ ਕੇਂਦਰ ਸਰਕਾਰ ਨੇ ਆਪਣੀਆਂ ਜੇਲ੍ਹਾਂ ਵਿੱਚ ਸੁਰੱਖਿਅਤ ਕਿਉਂ ਰੱਖਿਆ ਹੋਇਆ ਹੈ ਅਤੇ ਉਨ੍ਹਾਂ 'ਤੇ ਸਖ਼ਤ ਅਦਾਲਤੀ ਕਾਰਵਾਈ ਕਿਉਂ ਨਹੀਂ ਹੋ ਰਹੀ?

ਪੰਜਾਬ ਦੀ ਡੈਮੋਗ੍ਰਾਫ਼ੀ ਬਦਲਣ ਦੀ ਕਥਿਤ ਸਾਜ਼ਿਸ਼:

ਮੰਡ ਨੇ ਦੋਸ਼ ਲਾਇਆ ਕਿ ਬਾਹਰੀ ਸੂਬਿਆਂ ਤੋਂ ਗ਼ੈਰ-ਪੰਜਾਬੀਆਂ ਨੂੰ ਬੇਰੋਕ-ਟੋਕ ਲਿਆ ਕੇ ਵਸਾਇਆ ਜਾ ਰਿਹਾ ਹੈ। ਜੇਕਰ ਕੋਈ ਪੰਜਾਬੀ ਸਰਕਾਰੀ ਜ਼ਮੀਨ 'ਤੇ ਇੰਚ ਭਰ ਕਬਜ਼ਾ ਕਰੇ ਜਾਂ ਬਿਜਲੀ ਦੀ ਇੱਕ ਯੂਨਿਟ ਚੋਰੀ ਕਰੇ ਤਾਂ ਉਸ 'ਤੇ ਤੁਰੰਤ ਪਰਚਾ ਅਤੇ ਲੱਖਾਂ ਦਾ ਜੁਰਮਾਨਾ ਹੁੰਦਾ ਹੈ। ਪਰ ਦੂਜੇ ਪਾਸੇ ਝੁੱਗੀਆਂ-ਝੌਂਪੜੀਆਂ ਅਤੇ ਸਲੱਮ ਖੇਤਰਾਂ ਵਿੱਚ ਬਿਜਲੀ-ਪਾਣੀ ਦੀ ਸ਼ਰੇਆਮ ਚੋਰੀ ਹੁੰਦੀ ਹੈ, ਪੱਕੇ ਕਬਜ਼ੇ ਕੀਤੇ ਜਾ ਰਹੇ ਹਨ ਅਤੇ ਸਰਕਾਰਾਂ ਉਨ੍ਹਾਂ ਦੇ ਤੁਰੰਤ ਰਾਸ਼ਨ ਕਾਰਡ ਤੇ ਵੋਟਰ ਕਾਰਡ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੰਜਾਬ ਦੇ ਸਿਆਸੀ ਢਾਂਚੇ ਅਤੇ ਪਛਾਣ ਨੂੰ ਬਦਲਣ ਦਾ ਇੱਕ ਵੱਡਾ ਏਜੰਡਾ ਹੈ।

ਵਾਸੀ ਮੇਰਠ (ਉੱਤਰ ਪ੍ਰਦੇਸ਼) ਵਜੋਂ ਹੋਈ ਹੈ।

ਪੁਲਿਸ ਪ੍ਰੈਸ ਨੋਟ ਮੁਤਾਬਕ, ਨੌਖੇਜ਼ ਪਹਿਲਾਂ ਵੀ ਸਾਲ 2014 ਵਿੱਚ ਅੰਮ੍ਰਿਤਸਰ ਵਿਖੇ 100 ਗ੍ਰਾਮ ਹੈਰੋਇਨ ਅਤੇ ਸਾਲ 2019 ਵਿੱਚ 300 ਕਿੱਲੋ ਹੈਰੋਇਨ ਦੀ ਤਸਕਰੀ ਵਿੱਚ ਸ਼ਾਮਲ ਰਿਹਾ ਸੀ।

ਉੱਥੇ ਹੀ ਅਲਵੀ ਵੀ ਛੇੜਛਾੜ, ਮਨੁੱਖੀ ਤਸਕਰੀ ਅਤੇ ਧੋਖਾਧੜੀ ਸਮੇਤ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਰਿਹਾ ਹੈ।

ਇਸ ਤੋਂ ਇਲਾਵਾ, ਅਹਿਮਦ ਨੂੰ ਪਹਿਲਾਂ ਜੈਪੁਰ ਵਿੱਚ 18.5 ਕਿੱਲੋ ਚਰਸ ਜ਼ਬਤ ਹੋਣ ਦੇ ਮਾਮਲੇ ਵਿੱਚ, ਅਹਿਮਦਾਬਾਦ ਵਿੱਚ 100 ਗ੍ਰਾਮ ਮੈਫੇਡਰੋਨ ਨਾਲ ਅਤੇ ਰਾਜਸਥਾਨ ਵਿੱਚ ਪੈਰੋਲ ਦੌਰਾਨ 3 ਕਿੱਲੋ ਐਲਪਰਾਜ਼ੋਲਮ (Alprazolam) ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਦਲੇਰ ਮਹਿੰਦੀ ਤੇ ਮੀਕਾ ਮੇਰੇ ਚੰਗੇ ਦੋਸਤ, ਵਿਵਾਦ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ : ਪੁਸ਼ਕਰ ਸਿੰਘ ਧਾਮੀ

ਗਾਇਕ ਦੀ ਤਬੀਅਤ ਖ਼ਰਾਬ ਹੋਣ ਬਾਰੇ ਪਤਾ ਨਹੀਂ ਸੀ

ਦੇਹਰਾਦੂਨ : ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੱਲੋਂ ਪੰਜਾਬੀ ਗਾਇਕ ਦਲੇਰ ਮਹਿੰਦੀ ਨਾਲ ਸਬੰਧਤ ਵਿਵਾਦ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉੱਤਰਾਖੰਡ ਸਾਰੇ ਕਲਾਕਾਰਾਂ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਬਾਰੇ ਦਲੇਰ ਮਹਿੰਦੀ ਅਤੇ ਮੀਕਾ ਸਿੰਘ ਨਾਲ ਖ਼ੁਦ ਗੱਲ ਕਰਨਗੇ। ਉਨ੍ਹਾਂ ਨੇ ਦੋਵਾਂ ਗਾਇਕਾਂ ਨੂੰ ਆਪਣੇ ਚੰਗੇ ਦੋਸਤ ਦੱਸਿਆ। ਜ਼ਿਕਰਯੋਗ ਹੈ ਕਿ ਮੰਤਰੀ ਸੁਬੋਧ ਉਨਿਯਾਲ ਵੱਲੋਂ ਗਾਇਕ ਦਲੇਰ ਮਹਿੰਦੀ ਨੂੰ ਜਨਤਕ ਤੌਰ 'ਤੇ ਕਿਹਾ ਗਿਆ ਸੀ ਕਿ ਤੁਹਾਡੇ ਕੋਲੋਂ ਸਟੇਜ 'ਤੇ ਬੋਲਿਆ ਤਾਂ ਜਾ ਨਹੀਂ ਰਿਹਾ, ਤੁਸੀਂ ਗੀਤ ਕੀ ਗਾਓਗੇ।

ਇਹ ਵਿਵਾਦ ਐਤਵਾਰ ਰਾਤ ਨੂੰ ਸਿੱਧਪੀਠ ਮਾਂ ਕੁੰਜਪੁਰੀ ਮੇਲੇ ਦੌਰਾਨ ਪੈਦਾ ਹੋਇਆ ਸੀ। ਇਸ ਮੇਲੇ ਵਿੱਚ ਮੰਤਰੀ ਸਬੋਧ ਉਨਿਯਾਲ ਨੇ ਸਟੇਜ 'ਤੇ ਦਲੇਰ ਮਹਿੰਦੀ ਨੂੰ ਪੁੱਛਿਆ ਸੀ ਕਿ ਕੀ ਉਹ ਨਸ਼ੇ ਵਿੱਚ ਹਨ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਬੌਲੀਵੁੱਡ ਦੀਆਂ ਕਈ ਹਸਤੀਆਂ ਅਤੇ ਗਾਇਕ ਮੀਕਾ ਸਿੰਘ ਨੇ ਮੰਤਰੀ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ ਸੀ।

ਮੰਤਰੀ ਸੁਬੋਧ ਉਨਿਯਾਲ ਨੇ ਇਸ ਮਾਮਲੇ 'ਤੇ ਆਪਣਾ ਪੱਖ ਰੱਖਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਲੋਕਾਂ ਦੇ ਦਬਾਅ ਕਾਰਨ ਗਾਇਕ ਨੂੰ ਸਵਾਲ ਪੁੱਛਿਆ ਸੀ। ਉਨ੍ਹਾਂ ਮੁਤਾਬਕ ਦਲੇਰ ਮਹਿੰਦੀ ਉਸ ਸਮੇਂ ਠੀਕ ਤਰ੍ਹਾਂ ਬੋਲ ਜਾਂ ਤੁਰ ਨਹੀਂ ਰਹੇ ਸਨ, ਜਿਸ ਕਾਰਨ ਉਨ੍ਹਾਂ ਨੂੰ ਇਹ ਸਵਾਲ ਕਰਨਾ ਪਿਆ।

ਮੰਤਰੀ ਦੀ ਇਸ ਕਾਰਵਾਈ ਨੂੰ ਲੈ ਕੇ ਵਿਵਾਦ ਵਧਣ ਮਗਰੋਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਮਾਮਲੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ।

ਧਾਮੀ ਨੇ ਕਿਹਾ, ਮੰਤਰੀ ਨੂੰ ਗਾਇਕ ਦੀ ਤਬੀਅਤ ਬਾਰੇ ਜਾਣਕਾਰੀ ਨਹੀਂ ਸੀ

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਮੀ ਨੇ ਕਿਹਾ ਕਿ ਸੰਭਵ ਹੈ ਕਿ ਮੰਤਰੀ ਉਸ ਸਮੇਂ ਲੋਕਾਂ ਦੇ ਦਬਾਅ ਹੇਠ ਹੋਣ। ਉਨ੍ਹਾਂ ਕਿਹਾ ਕਿ ਮੰਤਰੀ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਦਲੇਰ ਮਹਿੰਦੀ ਦੀ ਤਬੀਅਤ ਠੀਕ ਨਹੀਂ ਹੈ। ਮੁੱਖ ਮੰਤਰੀ ਨੇ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਕਿ ਹੁਣ ਇਸ ਮਾਮਲੇ ਨੂੰ ਇੱਥੇ ਹੀ ਖ਼ਤਮ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਾਰੇ ਕਲਾਕਾਰਾਂ ਦਾ ਸਤਿਕਾਰ ਕਰਦਾ ਹੈ ਅਤੇ ਉਹ ਦੋਵਾਂ ਗਾਇਕਾਂ ਨਾਲ ਗੱਲਬਾਤ ਕਰਕੇ ਇਸ ਵਿਵਾਦ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨਗੇ।

ਗੁਜਰਾਤ 'ਚ ਵੱਡਾ ਨਸ਼ਾ ਤਸਕਰੀ ਨੈੱਟਵਰਕ ਬੇਨਕਾਬ

25 ਕਰੋੜ ਦੀ ਹੈਰੋਇਨ ਸਮੇਤ 3 ਅੰਤਰ-ਰਾਜੀ ਤਸਕਰ ਗ੍ਰਿਫ਼ਤਾਰ

ਅਹਿਮਦਾਬਾਦ : ਪੁਲਿਸ ਨੇ ਇੱਥੇ ਅਹਿਮਦਾਬਾਦ-ਵਡੋਦਰਾ ਐਕਸਪ੍ਰੈਸਵੇਅ 'ਤੇ ਇੱਕ ਟੋਲ ਪਲਾਜ਼ਾ ਨੇੜਿਓਂ ਲਗਭਗ 25 ਕਰੋੜ ਰੁਪਏ ਮੁੱਲ ਦੇ ਨਸ਼ੀਲੇ ਪਦਾਰਥ ਬਰਾਮਦ ਕਰਕੇ ਇਸ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਆਫ਼ ਪੁਲਿਸ (ਕ੍ਰਾਈਮ) ਅਜੀਤ ਰਾਜੀਅਨ ਨੇ ਦੱਸਿਆ ਕਿ ਸੂਰਤ ਅਤੇ ਅਹਿਮਦਾਬਾਦ ਕ੍ਰਾਈਮ ਬ੍ਰਾਂਚ ਦੀ ਸਾਂਝੀ ਟੀਮ ਨੇ ਇੱਕ ਅੰਤਰ-ਰਾਜੀ ਨਸ਼ਾ ਤਸਕਰੀ ਨੈੱਟਵਰਕ ਦਾ ਪਰਦਾਫ਼ਾਸ਼ ਕਰਨ ਲਈ ਬੁੱਧਵਾਰ ਨੂੰ ਰਾਮੋਲ ਪੁਲਿਸ ਥਾਣੇ ਦੇ ਅਧਿਕਾਰ ਖੇਤਰ ਵਿੱਚ ਇਹ ਕਾਰਵਾਈ ਅਮਲ ਵਿੱਚ ਲਿਆਂਦੀ।

ਜਾਰੀ ਕੀਤੇ ਗਏ ਪ੍ਰੈਸ ਨੋਟ ਅਨੁਸਾਰ, ਪੁਲਿਸ ਨੇ ਹਾਈਵੇਅ 'ਤੇ ਸਥਿਤ ਸੀਟੀਐਮ ਟੋਲ ਪਲਾਜ਼ਾ ਨੇੜਿਓਂ 4.53 ਕਿੱਲੋ ਹੈਰੋਇਨ ਅਤੇ 2.49 ਕਿੱਲੋ ਮੈਫੇਡਰੋਨ ਬਰਾਮਦ ਕੀਤੀ, ਜਿਸ ਦੀ ਕੁੱਲ ਕੀਮਤ ਕੌਮਾਂਤਰੀ ਬਾਜ਼ਾਰ ਵਿੱਚ ਲਗਭਗ 25 ਕਰੋੜ ਰੁਪਏ ਦੱਸੀ ਜਾ ਰਹੀ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤਿੰਨ ਵਿਅਕਤੀਆਂ ਦੀ ਪਛਾਣ ਤਿਫੇਲ ਨੌਖੇਜ਼ (44) ਅਤੇ ਕਫੀਲ ਅਹਿਮਦ (59)—ਦੋਵੇਂ ਵਾਸੀ ਨਵੀਂ ਦਿੱਲੀ—ਅਤੇ ਮੁਹੰਮਦ ਇਮਰਾਨ ਅਲਵੀ (38),

ਜਲੰਧਰ ਵਿੱਚ ਪੁਲਿਸ ਯਾਦਗਾਰੀ ਦਿਵਸ ਮਨਾਇਆ

1,804 ਪੁਲੀਸ ਮੁਲਾਜ਼ਮਾਂ ਦੀ ਕੁਰਬਾਨੀ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ: ਡੀ ਜੀ ਪੀ

ਜਲੰਧਰ : ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਪੁਲੀਸ ਮੁਲਾਜ਼ਮਾਂ ਦੇ ਸਨਮਾਨ 'ਚ ਜਲੰਧਰ ਸਥਿਤ ਪੰਜਾਬ ਆਰਮਡ ਪੁਲੀਸ ਹੈੱਡਕੁਆਰਟਰ ਜਲੰਧਰ ਵਿੱਚ ਰਾਜ-ਪੱਧਰੀ ਪੁਲੀਸ ਯਾਦਗਾਰੀ ਦਿਵਸ ਮਨਾਇਆ ਗਿਆ। ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲੀਸ ਗੌਰਵ ਯਾਦਵ ਨੇ ਸਮਾਗਮ ਦੀ ਅਗਵਾਈ ਕੀਤੀ ਅਤੇ ਪੁਲੀਸ ਸ਼ਹੀਦ ਸਮਾਰਕ 'ਤੇ ਫੁੱਲ-ਮਾਲਾਵਾਂ ਭੇਟ ਕੀਤੀਆਂ। ਇਸ ਮੌਕੇ ਉਨ੍ਹਾਂ ਦੇ ਨਾਲ ਸਪੈਸ਼ਲ ਡੀ ਜੀ ਪੀ ਪ੍ਰਵੀਨ ਕੁਮਾਰ ਸਿਨਹਾ ਅਤੇ ਏ ਡੀ ਜੀ ਪੀ ਐੱਮ ਐੱਫ ਫਾਰੂਕੀ ਵੀ ਸਨ।

ਡੀ ਜੀ ਪੀ ਨੇ ਕਿਹਾ ਕਿ ਸਤੰਬਰ 1981 ਤੋਂ ਹੁਣ ਤੱਕ ਪੰਜਾਬ ਪੁਲੀਸ ਦੇ 1,804 ਬਹਾਦਰ ਜਵਾਨਾਂ ਨੇ ਆਪਣੀ ਡਿਊਟੀ ਨਿਭਾਉਂਦੇ ਹੋਏ ਕੁਰਬਾਨੀ ਦਿੱਤੀ ਹੈ। ਇਨ੍ਹਾਂ ਸ਼ਹੀਦਾਂ ਦੀ ਬਦੌਲਤ ਹੀ ਅੱਜ ਅਸੀਂ ਸ਼ਾਂਤੀ ਦੇ ਮਾਹੌਲ ਵਿੱਚ ਸਾਹ ਲੈ ਰਹੇ ਹਾਂ। ਸਮਾਗਮ ਦੀ ਸਮਾਪਤੀ ਦੋ ਮਿੰਟ ਦਾ ਮੌਨ ਰੱਖ ਕੇ ਕੀਤੀ ਗਈ ਅਤੇ ਸ਼ਹੀਦ ਨਾਇਕਾਂ ਦੇ ਸਨਮਾਨ ਵਿੱਚ ਸੀਨੀਅਰ ਅਧਿਕਾਰੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਡੀਜੀਪੀ ਨੇ ਕਿਹਾ ਕਿ ਪੰਜਾਬ ਪੁਲੀਸ ਨੇ ਨਸ਼ਿਆਂ ਦੇ ਕਾਰੋਬਾਰ 'ਤੇ ਕਰਾਰੀ ਸੱਟ ਮਾਰੀ ਹੈ। 16 ਮਾਰਚ 2022 ਤੋਂ ਹੁਣ ਤੱਕ ਐੱਨ ਡੀ ਪੀ ਐੱਸ ਐਕਟ ਤਹਿਤ 95,000 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ, ਜਿਸ ਦੇ ਨਤੀਜੇ ਵਜੋਂ 1,27,000 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ ਹਨ ਅਤੇ 7,260 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ ਹੈ। ਪੰਜਾਬ ਪੁਲੀਸ ਨੇ ਨਸ਼ਾ ਤਸਕਰਾਂ ਦੀ 902 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ।

ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼

ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੂੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ

ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-21)

ਵਿਆਹ ਵਾਲੀ ਕੁੜੀ ਦੇ ਅੱਟਾ ਬੰਨ੍ਹਣ ਤੋਂ ਬਆਦ ਸਭ ਦੇ ਗੁੱਟਾਂ ਤੇ ਗਾਨਾ (ਅੱਟਾ) ਬੰਨਿਆਂ ਜਾਂਦਾ ਹੈ। ਗਾਨਾ ਬੰਨ੍ਹਣ ਤੋਂ ਬਾਅਦ 7 ਸੁਹਾਗਣਾਂ ਵਾਰੀ-ਵਾਰੀ ਚੱਕੀ ਦੀ ਚੁੰਗ ਪਾ ਕੇ ਸੁੱਕੇ ਮਾਂਹ ਪੀਂਹਦੀਆਂ ਹਨ ਅਤੇ ਵਡੇਰਿਆਂ ਦੀ ਯਾਦ ਵਿਚ ਇਹ ਲੋਕ ਗੀਤ ਗਾਇਆ ਜਾਂਦਾ ਹੈ।

ਵੱਜ ਸੰਧੂਰਿਆ ਵੱਜ ਵਾਰੇ,
ਸਾਡੇ ਵੱਡਿਆਂ ਦੇ ਵਾਰੇ।
ਕਿਸ ਲੁਹਾਰੇ ਦੀਏ ਚੱਕੜੀਏ,
ਕਿਸ ਤਰਖਾਣੇ ਦਾ ਹੱਥਾ।
ਅਮਰੂ ਲੁਹਾਰੇ ਦੀਏ ਚੱਕੜੀਏ,
ਵਰਿਆਮੇ ਤਰਖਾਣੇ ਦਾ ਹੱਥਾ।
ਸੱਤ ਸੁਹਾਗਣਾਂ ਸੱਤ ਗਲ਼ੇ ਪਾ ਕੇ ਵਾਰੀ-ਵਾਰੀ ਚੱਕੀ ਪੀਂਹਦੀਆਂ ਹਨ ਅਤੇ ਇਸਦੇ ਨਾਲ ਹੀ ਇਹ ਗੀਤ ਗਾਉਣਾ ਸ਼ੁਰੂ ਕਰ ਦਿੰਦੀਆਂ ਹਨ:
ਕਿੱਥੋਂ ਲਿਆਂਦੀ ਚੱਕੀ ਨੀ ਰਾਣੀਏਂ,
ਕਿੱਥੋਂ ਲਿਆਂਦਾ ਹੱਥਾ।
ਕਿਸ ਸੁਦਾਗਰ ਚੱਕੀ ਲਿਆਂਦੀ,
ਕਿਸ ਲਿਆਂਦਾ ਹੱਥਾ।
ਵੀਰ ਸੁਦਾਗਰ ਚੱਕੀ ਲਿਆਂਦੀ,
ਵਣੋਂ ਕਰੀਰੋਂ ਹੱਥਾ।
ਘੁੰਡਣੀਆਂ ਉਬਾਲਣਾ-ਕਣਕ ਉਬਾਲਣਾ

ਮਾਂਹ ਭਿਉਂਣ ਦੀ ਰਸਮ ਅਤੇ ਗੀਤ

ਇਸ ਉਪਰੰਤ ਮਾਂਹ ਭਿਉਂਣ ਦੀ ਰਸਮ ਕੀਤੀ ਜਾਂਦੀ ਸੀ। ਵਿਆਹ ਵਾਲੇ ਘਰ ਇੱਕਠੀਆਂ ਹੋਈਆਂ ਔਰਤਾਂ ਵਿਚੋਂ ਪੰਜ ਸੁਹਾਗਣਾਂ ਵਲੋਂ ਵਾਰੀ-ਵਾਰੀ ਇਕ ਮੁੱਠੀ ਮਾਂਹ ਕੱਚੇ ਭਾਂਡੇ ਵਿਚ ਪਾ ਕੇ ਪਾਣੀ ਵਿਚ ਭਿਉਂ ਦਿੱਤੇ ਜਾਂਦੇ ਸਨ। ਇਸ ਰਸਮ ਦਾ ਅਸਲੀ ਮੰਤਵ ਤਾਂ ਵਿਆਹ ਵਾਲੇ ਘਰ 'ਕੱਠੀਆਂ ਹੋ ਕੇ ਵਿਆਹ ਦੇ ਕੰਮ-ਕਾਜ ਵਿਚ ਹੱਥ ਵਟਾਉਣਾ ਸੀ। ਇਸ ਰਸਮ ਤੋਂ ਬਾਅਦ ਸੁਹਾਗ/ਘੋੜੀਆਂ ਅਤੇ ਗੀਤ ਗਾਏ ਜਾਂਦੇ ਸਨ। ਟਿੱਕੀਆਂ ਅਤੇ ਘੁੰਡਣੀਆਂ ਵੰਡੀਆਂ ਜਾਂਦੀਆਂ ਸਨ। ਇਹ ਮਾਂਹ ਬਾਅਦ ਵਿਚ ਵੜੇ ਬਣਾਉਣ ਲਈ ਵਰਤੇ ਜਾਂਦੇ ਸਨ। ਮੁੰਡੇ ਦੇ ਸ਼ਗਨ ਦੀ ਰਸਮ ਅਤੇ ਗੀਤ: ਵਿਆਂਦੜ ਮੁੰਡੇ ਵਾਲੇ ਘਰ ਵੀ ਪਲਕਾ ਖੋਲ੍ਹਣ ਦੀ ਰਸਮ ਨੂੰ ਛੱਡ ਕੇ ਬਾਕੀ ਸਾਰੀਆਂ ਰਸਮਾਂ ਕੀਤੀਆਂ ਜਾਂਦੀਆਂ ਸਨ। ਸ਼ਗਨਾਂ ਵਾਲੀ ਚੌਂਕੀ ਤੇ ਬਿਠਾ ਕੇ ਉਸਦੀ ਝੋਲੀ ਵਿਚ 5/7 ਟਿੱਕੀਆਂ ਪਾ ਕੇ ਸ਼ਗਨ ਕੀਤਾ ਜਾਂਦਾ ਸੀ। ਇਹ ਰਸਮ ਵੀ ਵਿਰਲੀ-ਟਾਵੀਂ ਹੋ ਰਹੀ ਹੈ।

ਸ਼ਗਨ ਕਰਦੇ ਵਕਤ ਗਾਏ ਜਾਣ ਵਾਲੇ ਗੀਤ:

ਚੌਂਕੀ ਵੇ ਵੀਰਾ ਤੇਰੀ ਮੈਂ ਡਾਹੀ,
ਕੋਈ ਚਾਰੇ ਪਾਵੇ ਵੇ ਰੰਗੀਨ।
ਚੌਂਕੀ ਤੇ ਤੂੰ ਇਓਂ ਬੈਠਾ,
ਜਿਓਂ ਰਾਜੇ ਮੂਹਰੇ,
ਵੇ ਅੰਤੋਂ ਪਿਆਰਿਆ ਵਜੀਰ!
ਮਾਂ ਦੀਏ ਇੰਦਰੋਂ-ਨੀ ਬਿੰਦਰੋਂ,
ਬਿੰਦਰੋ ਨੀ-ਬੰਤੀਏ।
ਆ ਕੇ ਸਾਹਾ ਨੀ ਸੁਧਾ,
ਰਾਜੇ ਦੀਏ ਨੀ ਬੇਟੀਏ।
ਸਾਹਾ ਸੁਧਾਵੇ ਤੇਰੀ ਮਾਂ,
ਮੱਲਾ ਤਾਈਆਂ ਵੇ ਚਾਚੀਆਂ।
ਸਕੀਆਂ ਵੇ ਭਾਬੀਆਂ,
ਨਣਦਾਂ ਵੇ ਸਾਡੀਆਂ।
ਜਿਨ੍ਹਾਂ ਦੇ ਮਨ ਚਾਅ,
ਰਾਜੇ ਦਿਆ ਵੇ ਬੇਟਿਆ।

ਮਾਂ ਦੀਏ ਇੰਦਰੋਂ-ਨੀ ਬਿੰਦਰੋਂ,
ਬਿੰਦਰੋ ਨੀ-ਬੰਤੀਏ।
ਆ ਕੇ ਵੜੀਆਂ ਟਿਕਾ,
ਰਾਜੇ ਦੀਏ ਨੀ ਬੇਟੀਏ।
ਵੜੀਆਂ ਟਿਕਾਵੇ ਤੇਰੀ ਮਾਂ,
ਮੱਲਾ ਤਾਈਆਂ ਵੇ ਚਾਚੀਆਂ।
ਸਕੀਆਂ ਵੇ ਭਾਬੀਆਂ,
ਨਣਦਾਂ ਵੇ ਸਾਡੀਆਂ।
ਜਿਨ੍ਹਾਂ ਦੇ ਮਨ ਚਾਅ,
ਰਾਜੇ ਦਿਆ ਵੇ ਬੇਟਿਆ।
ਮਾਂ ਦੀਏ ਇੰਦਰੋਂ-ਨੀ ਬਿੰਦਰੋਂ,
ਬਿੰਦਰੋ ਨੀ-ਬੰਤੀਏ।
ਆ ਕੇ ਤਾਂ ਸੂਹੇ ਰੰਗਾ,
ਰਾਜੇ ਦੀਏ ਨੀ ਬੇਟੀਏ।
ਸੂਹੇ ਰੰਗਾਵੇ ਤੇਰੀ ਮਾਂ,
ਮੱਲਾ ਤਾਈਆਂ ਵੇ ਚਾਚੀਆਂ।
ਸਕੀਆਂ ਵੇ ਭਾਬੀਆਂ,
ਨਣਦਾਂ ਵੇ ਸਾਡੀਆਂ।
ਜਿਨ੍ਹਾਂ ਦੇ ਮਨ ਚਾਅ,
ਰਾਜੇ ਦਿਆ ਵੇ ਬੇਟਿਆ।
ਸਾਡੇ ਤਾਂ ਮਹਿਲੀਂ ਤੈਨੂੰ ਸੱਦ ਹੋਈ,
ਸਾਲੂ ਵਾਲੀਏ ਨੀ।
ਆ ਕੇ ਤਾਂ ਸਾਹਾ ਨੀ ਸੁਧਾ,
ਦਿਲਾਂ ਵਿਚ ਵਸ ਰਹੀਏ।
ਸਾਹਾ ਸੁਧਾਵਣ ਤੇਰੇ ਦਾਦੇ-ਪੜਦਾਦੇ,
ਚੀਰੇ ਵਾਲਿਆ ਵੇ।
ਜਿਨ੍ਹਾਂ ਦੇ ਮਨ ਵਿਚ ਚਾਅ,
ਦਿਲਾਂ ਵਿਚ ਵਸ ਰਹੀਏ।
ਸਾਡੇ ਤਾਂ ਮਹਿਲੀਂ ਤੈਨੂੰ ਸੱਦ ਹੋਈ,
ਸਾਲੂ ਵਾਲੀਏ ਨੀ।
ਆ ਕੇ ਤਾਂ ਗਲ਼ਾ ਨੀ ਪਵਾ,
ਦਿਲਾਂ ਵਿਚ ਵਸ ਰਹੀਏ।
ਗਲ਼ਾ ਪਵਾਵਣ ਤੇਰੀਆਂ ਮਾਵਾਂ ਤੇ ਭੈਣਾਂ,
ਚੀਰੇ ਵਾਲਿਆ ਵੇ।
ਜਿਨ੍ਹਾਂ ਦੇ ਮਨ ਵਿਚ ਚਾਅ,
ਦਿਲਾਂ ਵਿਚ ਵਸ ਰਹੀਏ।
ਸਾਡੇ ਤਾਂ ਮਹਿਲੀਂ ਤੈਨੂੰ ਸੱਦ ਹੋਈ,
ਆ ਕੇ ਤਾਂ ਵੜੀਆਂ ਟਿਕਾ।
ਦਿਲਾਂ ਵਿਚ ਵਸ ਰਹੀਏ,
ਵੜੀਆਂ ਟਿਕਾਵਣ ਤੇਰੀਆਂ ਚਾਚੀਆਂ ਤਾਈਆਂ।
ਜਿਨ੍ਹਾਂ ਦੇ ਮਨ ਵਿਚ ਚਾਅ,
ਦਿਲਾਂ ਵਿਚ ਵਸ ਰਹੀਏ।

ਪਰਦੇਸਾਂ ਵਿਚ ਸ਼ਗਨ ਨਾਲ ਸੰਬੰਧਿਤ ਇਹ ਰਸਮਾਂ ਅਤੇ ਗੀਤ ਅਲੋਪ ਹੋ ਰਹੇ ਹਨ। ਇਥੇ ਵਰਣਨਯੋਗ ਹੈ ਕਿ ਸਾਡੇ ਸਭਿਆਚਾਰ ਵਿਚ ਇਕ ਸਮਾਜਿਕ ਬੁਰਾਈ ਵੀ ਪ੍ਰਚੱਲਿਤ ਰਹੀ ਹੈ। ਕਿਸੇ ਵੀ ਵਿਧਵਾ ਔਰਤ ਨੂੰ ਇਨ੍ਹਾਂ ਰਸਮਾਂ ਵਿਚ ਭਾਗ ਲੈਣ ਦੀ ਮਨਾਹੀ ਹੁੰਦੀ ਸੀ। ਇਸ ਨੂੰ ਅਸ਼ੁੱਭ ਮੰਨਿਆਂ ਜਾਂਦਾ ਸੀ। ਅਜੋਕੇ ਸਮੇਂ ਵਿਚ ਇਸ ਬੁਰਾਈ ਨੂੰ ਵੀ ਨੱਥ ਪਾਈ ਜਾ ਰਹੀ ਹੈ।

ਵਟਣੇ ਦੀ ਰਸਮ ਅਤੇ ਗੀਤ

ਕੁੜੀ ਵਾਲੇ ਘਰ ਵਟਣਾ ਅਤੇ ਗੀਤ:

ਵਿਆਹ ਵਾਲ਼ੇ ਘਰੋਂ ਨਾਈ ਭੇਜ ਕੇ ਸ਼ਗੀਕੇ-ਭਾਈਚਾਰੇ ਨੂੰ ਮਾਈਏਂ ਅਤੇ ਰਾਤ ਦੇ ਗਾਉਣ ਦਾ ਸੱਦਾ ਇੱਕਠਾ ਭੇਜਿਆ ਜਾਂਦਾ ਸੀ। ਵਿਆਹ ਤੋਂ ਦੋ ਦਿਨ ਪਹਿਲਾਂ ਦੋਵੇਂ ਪਾਸੇ ਵਟਣਾ ਲੱਗਦਾ ਸੀ। ਇਸ ਨੂੰ ਮਾਈਆਂ ਲਾਉਣਾ ਵੀ ਕਹਿੰਦੇ ਹਨ। ਇਹ ਰਸਮ ਅੱਜ ਵੀ ਹਰ ਥਾਂ ਹਰਮਨ ਪਿਆਰੀ ਹੈ। ਤੇਲ, ਹਲਦੀ, ਵਟਣੇ ਦੇ ਫੁੱਲ, ਵੇਸਣ ਅਤੇ ਕੇਸਰ ਮਿਲਾ ਕੇ ਵਟਣਾ ਤਿਆਰ ਕੀਤਾ ਜਾਂਦਾ ਹੈ। ਮਾਈਆਂ ਲਗਾਉਣ ਲਈ ਮਾਂ, ਭਾਬੀਆਂ, ਭੈਣਾਂ, ਚਾਚੀਆਂ, ਤਾਈਆਂ ਅਤੇ ਹੋਰ ਸਭ ਮਿੱਥੇ ਹੋਏ ਸਮੇਂ ਤੇ ਇਕੱਠੀਆਂ ਹੋ ਜਾਂਦੀਆਂ ਹਨ। ਪਹਿਲਾ ਮਾਈਆਂ ਸਵੇਰ ਨੂੰ ਅਤੇ ਦੂਜਾ ਮਾਈਆਂ ਸ਼ਾਮ ਨੂੰ ਸੂਰਜ ਢਲਣ ਤੋਂ ਪਹਿਲਾਂ ਲਗਾਇਆ ਜਾਂਦਾ ਹੈ। ਇਹ ਵਟਣਾ ਕੁੜੀ ਅਤੇ ਮੁੰਡੇ ਦਾ ਰੂਪ ਨਿਖਾਰਨ ਲਈ ਲਗਾਇਆ ਜਾਂਦਾ ਹੈ।

(ਚਲਦਾ)

ਪ੍ਰਵਾਸੀਆਂ ਨੂੰ ਲੱਭ-ਲੱਭ ਕੇ ਡਿਪੋਰਟ ਕਰੇਗਾ ਆਸਟ੍ਰੇਲੀਆ

ਅਮਰੀਕਾ-ਕੈਨੇਡਾ ਤੋਂ ਬਾਅਦ ਹੁਣ ਆਸਟ੍ਰੇਲੀਆ ਨੇ ਵੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਆਸਟ੍ਰੇਲੀਆਈ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਦਿਆਂ ਐਲਾਨ ਕੀਤਾ ਹੈ ਕਿ ਵੀਜ਼ਾ ਐਕਸਪਾਇਰ ਹੋਣ ਤੋਂ ਬਾਅਦ ਵੀ ਗੈਰ-ਕਾਨੂੰਨੀ ਤੌਰ 'ਤੇ ਇੱਥੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਅਤੇ ਸੈਲਾਨੀਆਂ ਨੂੰ ਹਿਰਾਸਤ 'ਚ ਲੈ ਕੇ ਉਨ੍ਹਾਂ ਨੂੰ ਡਿਪੋਰਟ ਕਰ ਦਿੱਤਾ ਜਾਵੇਗਾ। ਆਸਟ੍ਰੇਲੀਆ ਦੇ ਗ੍ਰਹਿ ਮੰਤਰੀ ਟੋਨੀ ਬਰਕ ਅਨੁਸਾਰ, ਇਸ ਸਮੇਂ ਆਸਟ੍ਰੇਲੀਆ 'ਚ ਲਗਭਗ 77,000 ਲੋਕ ਬਿਨਾਂ ਵੈਲਿਡ ਵੀਜ਼ੇ ਦੇ ਰਹਿ ਰਹੇ ਹਨ। ਸਰਕਾਰ ਦਾ ਮਕਸਦ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ ਨਜਿੱਠਣਾ ਹੈ। ਆਸਟ੍ਰੇਲੀਅਨ ਬਾਰਡਰ ਫੋਰਸ 'ਚ 100 ਨਵੇਂ ਕੰਪਲਾਇੰਸ ਅਫ਼ਸਰ ਭਰਤੀ ਕੀਤੇ ਜਾ ਰਹੇ ਹਨ ਤਾਂ ਜੋ ਵੀਜ਼ਾ ਓਵਰਸਟੇਅ ਕਰਨ ਵਾਲਿਆਂ ਨੂੰ ਪਛਾਣ ਕੇ ਉਨ੍ਹਾਂ ਨੂੰ ਡਿਟੇਨ ਕੀਤਾ ਜਾ ਸਕੇ। ਇਸ ਦੇ ਨਾਲ ਹੀ ਡਿਟੈਂਸ਼ਨ ਸੈਂਟਰਾਂ 'ਚ 250 ਨਵੇਂ ਬੈੱਡ ਤਿਆਰ ਕੀਤੇ ਜਾ ਰਹੇ ਹਨ ਅਤੇ ਮੈਲਬੌਰਨ 'ਚ ਇੱਕ ਪੁਰਾਣੇ ਕੁਆਰੰਟੀਨ ਸੈਂਟਰ ਨੂੰ ਵੀ ਵਰਤੋਂ ਵਿੱਚ ਲਿਆਉਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

ਸਰਕਾਰ ਨੇ ਟੂਰਿਸਟ ਵੀਜ਼ੇ 'ਤੇ ਆ ਕੇ ਦੇਸ਼ ਦੇ ਅੰਦਰ ਹੀ ਨਵਾਂ ਵੀਜ਼ਾ ਅਪਲਾਈ ਕਰਨ ਵਾਲੇ 'ਨੋ ਫਰਦਰ ਸਟੇਅ' ਪ੍ਰਬੰਧ ਨੂੰ ਵੀ ਹੋਰ ਸਖ਼ਤ ਬਣਾ ਦਿੱਤਾ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਵਿਦਿਆਰਥੀਆਂ ਵੱਲੋਂ ਵਾਰ-ਵਾਰ ਹੇਠਲੇ ਪੱਧਰ ਦੇ ਕੋਰਸ ਬਦਲ ਕੇ ਸਟੇਅ ਵਧਾਉਣ 'ਤੇ ਵੀ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।

ਹਾਲਾਂਕਿ ਸਰਕਾਰ ਦੇ ਇਸ ਪ੍ਰਸਤਾਵ ਦਾ ਵਿਰੋਧ ਵੀ ਕੀਤਾ ਜਾ ਰਿਹਾ ਹੈ। 'ਆਸਟ੍ਰੇਲੀਅਨ ਟੂਰਿਜ਼ਮ ਇੰਡਸਟਰੀ ਕੌਂਸਲ' ਨੇ ਚਿੰਤਾ ਪ੍ਰਗਟਾਈ ਹੈ ਕਿ ਸੈਲਾਨੀਆਂ ਨੂੰ ਡਿਟੇਨ ਕੀਤੇ ਜਾਣ ਵਰਗੀ ਕਾਰਵਾਈ ਨਾਲ ਦੇਸ਼ ਦੇ ਟੂਰਿਜ਼ਮ ਸੈਕਟਰ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉੱਥੇ ਹੀ 'ਹਿਊਮਨ ਰਾਈਟਸ ਲਾਅ ਸੈਂਟਰ' ਅਤੇ ਰਿਫੀਊਜੀ ਕੌਂਸਲ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਨਾਲ ਬਿਨਾਂ ਵੈਲਿਡ ਵੀਜ਼ਾ ਵਾਲੇ ਮਜ਼ਦੂਰ ਆਪਣਾ ਸ਼ੋਸ਼ਣ ਹੋਣ ਦੇ ਬਾਵਜੂਦ ਵੀ ਸ਼ਿਕਾਇਤ ਕਰਨ ਤੋਂ ਡਰਨਗੇ ਕਿ ਕਿਤੇ ਉਨ੍ਹਾਂ ਨੂੰ ਫੜ ਕੇ ਡਿਪੋਰਟ ਨਾ ਕਰ ਦਿੱਤਾ ਜਾਵੇ।

ਕੈਨੇਡਾ 'ਚ 4 ਲੱਖ ਲੋਕਾਂ ਲਈ PR ਦੇ ਵਧੇ ਮੌਕੇ

ਕੈਨੇਡਾ ਵਿੱਚ ਸਥਾਈ ਨਿਵਾਸ (PR) ਦੀ ਉਡੀਕ ਕਰ ਰਹੇ ਪੰਜਾਬੀਆਂ ਅਤੇ ਪ੍ਰਵਾਸੀਆਂ ਲਈ ਆਉਣ ਵਾਲਾ ਸਮਾਂ ਬਹੁਤ ਮਹੱਤਵਪੂਰਨ ਹੋ ਸਕਦਾ ਹੈ। ਕੈਨੇਡਾ ਸਰਕਾਰ ਦਾ ਸਾਲਾਨਾ 400,000 ਜਾਂ ਇਸ ਤੋਂ ਵੱਧ ਪ੍ਰਵਾਸੀਆਂ ਨੂੰ ਸਥਾਈ ਨਿਵਾਸ ਦੇਣ ਦਾ ਸੰਭਾਵੀ ਟੀਚਾ ਹੈ।

ਭਾਰਤ ਅਤੇ ਕੈਨੇਡਾ ਵਿਚਕਾਰ ਸਬੰਧਾਂ ਨੂੰ ਬਿਹਤਰ ਬਣਾਉਣ ਦੀਆਂ ਕੋਸ਼ਿਸ਼ਾਂ ਨਾਲ ਸਹਿਯੋਗ ਲਈ ਨਵੀਆਂ ਸੰਭਾਵਨਾਵਾਂ ਖੁੱਲ੍ਹ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਵਿਚਕਾਰ ਮੁਲਾਕਾਤ ਨੂੰ ਇਸ ਦੇ ਇੱਕ ਮਹੱਤਵਪੂਰਨ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਦੋਵੇਂ ਦੇਸ਼ ਵਪਾਰ, ਊਰਜਾ, ਸਿੱਖਿਆ, ਤਕਨਾਲੋਜੀ, ਸੁਰੱਖਿਆ ਅਤੇ ਲੋਕਾਂ-ਤੋਂ-ਲੋਕਾਂ ਦੇ ਸੰਪਰਕ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਭਾਰਤ ਅਤੇ ਕੈਨੇਡਾ ਵਿਚਾਲੇ ਵਿਆਪਕ ਇੱਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੱਗੇ ਵਧਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਇਹ ਦਰਸਾਉਂਦਾ ਹੈ ਕਿ ਦੋਵੇਂ ਦੇਸ਼ ਤਣਾਅਪੂਰਨ ਸਬੰਧਾਂ ਨੂੰ ਆਮ ਬਣਾਉਣ ਲਈ ਕੰਮ ਕਰ ਰਹੇ ਹਨ। ਇਸ ਸੁਧਰੇ ਹੋਏ ਸਬੰਧਾਂ ਦਾ ਇਮੀਗ੍ਰੇਸ਼ਨ ਨੀਤੀ 'ਤੇ ਪ੍ਰਭਾਵ ਪੈਣ ਦੀ ਉਮੀਦ ਹੈ। ਇਸਦਾ ਖਾਸ ਤੌਰ 'ਤੇ ਪੰਜਾਬ ਅਤੇ ਹਰਿਆਣਾ ਦੇ ਉਨ੍ਹਾਂ ਨੌਜਵਾਨਾਂ 'ਤੇ ਅਸਰ ਪਵੇਗਾ ਜੋ ਕੈਨੇਡਾ ਜਾਣ ਦਾ ਸੁਪਨਾ ਦੇਖਦੇ ਹਨ। ਸਖ਼ਤ ਇਮੀਗ੍ਰੇਸ਼ਨ ਨਿਯਮਾਂ ਦੇ ਕਾਰਨ, ਉਹ ਪੜ੍ਹਾਈ ਅਤੇ ਹੋਰ ਵੀਜ਼ਾ ਸਹੂਲਤਾਂ ਤੋਂ ਵਾਂਝੇ ਹਨ।

ਲੰਬਿਤ ਅਰਜ਼ੀਆਂ ਅਤੇ ਦੇਸ਼ ਨਿਕਾਲੇ

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅੰਕੜਿਆਂ ਅਨੁਸਾਰ 2025 ਵਿੱਚ 3,779 ਭਾਰਤੀ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਹ ਗਿਣਤੀ 31 ਅਗਸਤ, 2026 ਤੱਕ ਵਧ ਕੇ 4,227 ਹੋ ਗਈ। ਉਸ ਮਿਤੀ ਤੱਕ, 10,295 ਭਾਰਤੀ ਨਾਗਰਿਕ ਦੇਸ਼ ਨਿਕਾਲੇ ਦੇ ਅਧੀਨ ਸਨ। ਮਈ 2026 ਤੱਕ, ਪੀਆਰ ਦੀ ਕੁੱਲ 1,007,400 ਅਰਜ਼ੀਆਂ ਪ੍ਰਕਿਰਿਆ ਅਧੀਨ ਸਨ। ਇਹਨਾਂ ਵਿੱਚੋਂ, ਲਗਭਗ 537,000 ਅਰਜ਼ੀਆਂ ਸਮਾਂ ਸੀਮਾ ਤੋਂ ਬਾਅਦ ਲੰਬਿਤ ਸਨ। ਇਹ ਅੰਕੜਾ ਸਾਰੇ ਦੇਸ਼ਾਂ ਦੇ ਬਿਨੈਕਾਰਾਂ ਨੂੰ ਦਰਸਾਉਂਦਾ ਹੈ। ਇਮੀਗ੍ਰੇਸ਼ਨ ਮਾਹਿਰ ਦੇ ਅਨੁਸਾਰ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਵਧਾਉਣਾ ਮਹੱਤਵਪ

ਲਾਸ਼ਾਂ 'ਤੇ ਸਿਆਸਤ ਨਾ ਕਰਨ ਅਮਿਤ ਸ਼ਾਹ : ਭਗਵੰਤ ਮਾਨ

• ਮੁੱਖ ਮੰਤਰੀ ਨੇ ਵੀਡੀਓ ਸੰਦੇਸ਼ ਜਾਰੀ ਕਰਕੇ ਭਾਜਪਾ ਨੂੰ ਘੇਰਿਆ, ਕਿਹਾ - ਚੋਣਾਂ ਵੇਲੇ ਹੀ ਕਿਉਂ ਯਾਦ ਆਉਂਦਾ ਹੈ ਪੰਜਾਬ

• ਪੰਜਾਬ ਸਰਕਾਰ ਵਲੋਂ ਪਰਵਿੰਦਰ ਸਿੰਘ ਝੋਟਾ ਹੱਤਿਆਕਾਂਡ ਦੀ ਜਾਂਚ ਸੀ.ਬੀ.ਆਈ. ਹਵਾਲੇ

ਚੰਡੀਗੜ੍ਹ : ਪੰਜਾਬ 'ਚ ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਸਮਾਜਿਕ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ 'ਚ ਪੰਜਾਬ ਸਰਕਾਰ ਨੇ ਅਹਿਮ ਫ਼ੈਸਲਾ ਲੈਂਦਿਆਂ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਝੋਟਾ ਦੇ ਪਰਿਵਾਰ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਇਹ ਕੇਸ ਸੀ.ਬੀ.ਆਈ. ਨੂੰ ਸੌਂਪਿਆ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਇਸ ਦੁੱਖ ਦੀ ਘੜੀ 'ਚ ਪਰਿਵਾਰ ਦੇ ਨਾਲ ਡਟ ਕੇ ਖੜ੍ਹੀ ਹੈ ਅਤੇ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਹਰ ਸੰਭਵ ਸਖ਼ਤ ਕਦਮ ਚੁੱਕੇ ਜਾਣਗੇ। ਮੁੱਖ ਮੰਤਰੀ ਨੇ ਭਾਜਪਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਤਿੱਖਾ ਹਮਲਾ ਬੋਲਦਿਆਂ ਚੁਣੌਤੀ ਦਿੱਤੀ ਕਿ ਉਹ ਚੋਣਾਂ 'ਚ ਸਿਆਸੀ ਲਾਹਾ ਖੱਟਣ ਲਈ ਪੰਜਾਬ ਦੇ ਨਸ਼ਿਆਂ ਦੇ ਸੰਕਟ ਅਤੇ ਪੀੜਤ ਪਰਿਵਾਰਾਂ ਦੇ ਦੁੱਖ-ਦਰਦ ਦਾ ਫਾਇਦਾ ਚੁੱਕਣ ਦੀ ਬਜਾਏ ਆਪਣੇ ਸਾਲਾਂ ਦੇ ਸ਼ਾਸਨ ਦੌਰਾਨ ਨਸ਼ਾ ਤਸਕਰੀ ਨੂੰ ਰੋਕਣ 'ਚ ਆਪਣੀ ਨਾਕਾਮੀ ਦਾ ਜਵਾਬ ਦੇਣ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਜਵਾਬ ਦੇਣ ਕਿ ਭਾਜਪਾ ਆਪਣੇ ਕਾਰਜਕਾਲ ਦੌਰਾਨ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ 'ਚ ਨਾਕਾਮ ਕਿਉਂ ਰਹੀ। ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਨਸ਼ਿਆਂ ਦੇ ਮੁੱਖ ਸਰੋਤਾਂ 'ਤੇ ਰੋਕ ਲਾਉਣ, ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਤਸਕਰੀ ਦੇ ਨੈੱਟਵਰਕ ਵਿਰੁੱਧ ਕਾਰਵਾਈ ਕਰਨ ਵਿਚ ਅਸਫਲ ਰਹਿਣ 'ਤੇ ਸਵਾਲ ਚੁੱਕੇ। ਮੁੱਖ ਮੰਤਰੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪਾਈ ਪੋਸਟ 'ਚ ਕਿਹਾ ਕਿ ਨਸ਼ਿਆਂ ਖ਼ਿਲਾਫ਼ ਲੜ ਰਹੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਅਸੀਂ ਹਰ ਸਮੇਂ ਡਟ ਕੇ ਖੜ੍ਹੇ ਹਾਂ। ਪਰਿਵਾਰ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਅਸੀਂ ਇਹ ਕੇਸ ਸੀ.ਬੀ.ਆਈ. ਨੂੰ ਸੌਂਪ ਰਹੇ ਹਾਂ। ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਸਾਡੀ ਲੜਾਈ ਆਰ-ਪਾਰ ਦੀ ਹੈ। ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਸਾਨੂੰ ਜੋ ਵੀ ਸਖ਼ਤ ਕਦਮ ਚੁੱਕਣਾ ਪਿਆ, ਅਸੀਂ ਪਿੱਛੇ ਨਹੀਂ ਹਟਾਂਗੇ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਪੰਜਾਬ 'ਚ ਨਸ਼ਿਆਂ ਦੇ ਕਾਰੋਬਾਰ ਨੂੰ ਖ਼ਤਮ ਕਰਨਾ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਦੇ ਇਸ ਬਿਆਨ ਨੂੰ ਨਸ਼ਿਆਂ ਵਿਰੁੱਧ ਸਰਕਾਰ ਦੀ ਕਾਰਵਾਈ ਨੂੰ ਹੋਰ ਸਖ਼ਤ ਕਰਨ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਦੇਸ਼ ਦੇ ਗ੍ਰਹਿ ਮੰਤਰੀ ਹਨ ਅਤੇ ਉਹ ਜਦੋਂ ਚਾਹੁਣ ਪੰਜਾਬ ਆ ਸਕਦੇ ਹਨ, ਪਰ ਪੰਜਾਬ ਨੂੰ ਬਚਾਉਣ ਦੇ ਨਾਂਅ 'ਤੇ ਸਿਆਸੀ ਪ੍ਰਚਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਸੂਬੇ ਦੇ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਉਨ੍ਹਾਂ ਸਵਾਲ ਕੀਤਾ ਕਿ 2007 ਤੋਂ 2017 ਤੱਕ ਪੰਜਾਬ 'ਚ ਅਕਾਲੀ ਦਲ ਨਾਲ ਗੱਠਜੋੜ ਸਰਕਾਰ ਦੌਰਾਨ ਨਸ਼ਿਆਂ ਦਾ ਕਾਰੋਬਾਰ ਵਧਣ ਸਮੇਂ ਨਸ਼ਾ ਤਸਕਰਾਂ ਵਿਰੁੱਧ ਠੋਸ ਕਾਰਵਾਈ ਕਿਉਂ ਨਹੀਂ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਵਿਚ ਸੀ.ਬੀ.ਆਈ. ਜਾਂਚ ਦੀ ਮੰਗ ਉੱਠਣ ਦੇ ਬਾਵਜੂਦ ਜਾਂਚ ਨਹੀਂ ਕਰਵਾਈ ਗਈ। ਉਨ੍ਹਾਂ ਇਹ ਵੀ ਪੁੱਛਿਆ ਕਿ 2014 'ਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਕਿਉਂ ਨਹੀਂ ਚੁੱਕੇ ਗਏ।

ਕਾਂਡਲਾ ਬੰਦਰਗਾਹ ਅਤੇ ਗੁਆਂਢੀ ਸੂਬਿਆਂ ਦੀ ਸਥਿਤੀ ਬਾਰੇ ਚੁੱਕੇ ਸਵਾਲ : ਭਗਵੰਤ ਮਾਨ ਨੇ ਕਿਹਾ ਕਿ ਰਾਜਸਥਾਨ ਵਿਚ ਨਸ਼ਿਆਂ ਦੀ ਸਮੱਸਿਆ ਗੰਭੀਰ ਹੈ, ਜਦਕਿ ਹਰਿਆਣਾ 'ਚ ਗੈਂਗਸਟਰਾਂ ਦੀਆਂ ਸਰਗਰਮੀਆਂ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਗੁਜਰਾਤ ਦੀ ਕਾਂਡਲਾ ਬੰਦਰਗਾਹ ਤੋਂ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਫੜੇ ਜਾਣ ਦਾ ਜ਼ਿਕਰ ਕਰਦਿਆਂ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਨਸ਼ਿਆਂ ਦੀ ਤਸਕਰੀ ਦੇ ਅਜਿਹੇ ਰਸਤਿਆਂ ਨੂੰ ਬੰਦ ਕਰਨ ਲਈ ਕੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਸਵਾਲ ਚੁੱਕਣ ਵਾਲੀ ਭਾਜਪਾ ਨੂੰ ਆਪਣੇ ਸ਼ਾਸਿਤ ਸੂਬਿਆਂ 'ਚ ਅਪਰਾਧ ਅਤੇ ਗੈਂਗਸਟਰਵਾਦ ਦੀ ਸਥਿਤੀ ਬਾਰੇ ਵੀ ਜਵਾਬ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਪਾਕਿਸਤਾਨ ਨਾਲ ਲਗਦੀ ਪੰਜਾਬ ਦੀ 532 ਕਿਲੋਮੀਟਰ ਲੰਬੀ ਸਰਹੱਦ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਗ੍ਰਹਿ ਮੰਤਰੀ ਨਾਲ ਮੀਟਿੰਗਾਂ ਦੌਰਾਨ ਸਰਹੱਦ 'ਤੇ ਐਂਟੀ-ਡਰੋਨ ਪ੍ਰਣਾਲੀ ਲਗਾਉਣ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਬੀ.ਐੱਸ.ਐੱਫ. ਨਾਲ ਤਾਲਮੇਲ ਕਰਕੇ ਇਸ ਦਿਸ਼ਾ ਵਿਚ ਕਦਮ ਚੁੱਕੇ ਹਨ, ਪਰ ਕੇਂਦਰ ਸਰਕਾਰ ਵਲੋਂ ਉਮੀਦ ਮੁਤਾਬਕ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਕੇਂਦਰ ਅਤੇ ਸੂਬਾ ਸਰਕਾਰ ਨੂੰ ਮਿਲ ਕੇ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।

ਕਿਸਾਨ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦਾ ਵੀ ਚੁੱਕਿਆ ਮੁੱਦਾ : ਮੁੱਖ ਮੰਤਰੀ ਨੇ ਕਿਸਾਨ ਅੰਦੋਲਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਲੰਬੇ ਸਮੇਂ ਤੱਕ ਚੱਲੇ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਮੌਤ ਹੋਈ ਸੀ। ਉਨ੍ਹਾਂ ਸਵਾਲ ਕੀਤਾ ਕਿ ਕੇਂਦਰ ਸਰਕਾਰ ਨੇ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਣ ਅਤੇ ਉਨ੍ਹਾਂ ਦੀ ਸਾਰ ਲੈਣ ਲਈ ਕੀ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੇ ਨਾਲ ਸਰਕਾਰੀ ਨੌਕਰੀਆਂ ਵੀ ਮੁਹੱਈਆ ਕਰਵਾਈਆਂ। ਉਨ੍ਹਾਂ ਮੁੰਬਈ 'ਚ ਇਕ ਫ਼ਿਲਮ ਅਦਾਕਾਰ 'ਤੇ ਹੋਈ ਗੋਲੀਬਾਰੀ ਦੀ ਘਟਨਾ ਦਾ ਹਵਾਲਾ ਦਿੰਦਿਆਂ ਵੀ ਭਾਜਪਾ ਸ਼ਾਸਿਤ ਸੂਬਿਆਂ 'ਚ ਅਮਨ-ਕਾਨੂੰਨ ਦੀ ਸਥਿਤੀ ਬਾਰੇ ਸਵਾਲ ਉਠਾਏ। ਉਨ੍ਹਾਂ ਗੰਭੀਰ ਅਪਰਾਧਾਂ 'ਚ ਸ਼ਾਮਿਲ ਗੈਂਗਸਟਰਾਂ ਦੀਆਂ ਜੇਲ੍ਹਾਂ 'ਚੋਂ ਸਰਗਰਮੀਆਂ ਅਤੇ ਵੱਖ-ਵੱਖ ਮਾਮਲਿਆਂ 'ਚ ਜ਼ਿੰਮੇਵਾਰੀ ਲੈਣ ਦੇ ਮੁੱਦੇ 'ਤੇ ਵੀ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ।

ਪੰਜਾਬ ਦੇ ਹੱਕਾਂ ਬਾਰੇ ਵੀ ਕੇਂਦਰ ਨੂੰ ਘੇਰਿਆ : ਮੁੱਖ ਮੰਤਰੀ ਨੇ ਚੰਡੀਗੜ੍ਹ, ਪੰਜਾਬ ਦੇ ਪਾਣੀਆਂ ਅਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) 'ਚ ਸੂਬੇ ਦੀ ਹਿੱਸੇਦਾਰੀ ਨਾਲ ਜੁੜੇ ਮੁੱਦੇ ਵੀ ਉਠਾਏ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦੇ ਹੱਕਾਂ ਦੀ ਗੱਲ ਆਉਂਦੀ ਹੈ ਤਾਂ ਭਾਜਪਾ ਸੂਬੇ ਦੀ ਚਿੰਤਾ ਨਹੀਂ ਕਰਦੀ, ਪਰ ਚੋਣਾਂ ਨੇੜੇ ਆਉਣ 'ਤੇ ਪੰਜਾਬ ਨੂੰ ਬਚਾਉਣ ਦੇ ਨਾਅਰੇ ਦਿੱਤੇ ਜਾਣ ਲਗਦੇ ਹਨ। ਝੋਟਾ ਕਤਲ ਮਾਮਲੇ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਪਰਿਵਾਰ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਲਈ ਤਿਆਰ ਹੈ ਤੇ ਉਸ ਨੂੰ ਕੇਂਦਰੀ ਜਾਂਚ ਏਜੰਸੀ ਵਲੋਂ ਜਾਂਚ ਕੀਤੇ ਜਾਣ 'ਤੇ ਕੋਈ ਇਤਰਾਜ਼ ਨਹੀਂ। ਉਨ੍ਹਾਂ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੌਰੇ ਦੌਰਾਨ ਸਿਆਸੀ ਬਿਆਨਬਾਜ਼ੀ ਕਰਨ ਦੀ ਬਜਾਏ ਨਸ਼ਿਆਂ ਕਾਰਨ ਪ੍ਰਭਾਵਿਤ ਪਰਿਵਾਰਾਂ ਨੂੰ ਮਿਲਣ ਅਤੇ ਉਨ੍ਹਾਂ ਦੇ ਦੁੱਖ 'ਚ ਸ਼ਾਮਿਲ ਹੋਣ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸਾਨ ਅੰਦੋਲਨ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਭੁੱਲੇ ਨਹੀਂ ਹਨ।

ਪੈਰਿਸ 'ਚ ਮਿਲਣਗੇ ਮਾਰਕਫੈੱਡ ਦੇ ਸੋਹਣਾ ਬਰਾਂਡ ਦੇ ਛੋਲੇ ਤੇ ਰਾਜਮਾਂਹ

ਭਗਵੰਤ ਮਾਨ ਨੇ ਨਵੇਂ ਉਤਪਾਦ ਲਾਂਚ ਕੀਤੇ; ਕਿਸਾਨਾਂ ਦੀ ਆਮਦਨ ਵਧਾਉਣ ਲਈ ਕੌਮਾਂਤਰੀ ਬਾਜ਼ਾਰਾਂ 'ਚ ਪਹੁੰਚ ਵਧਾਉਣ 'ਤੇ ਜ਼ੋਰ

ਚੰਡੀਗੜ੍ਹ : ਹੁਣ ਪੈਰਿਸ ਵਿਚ ਮਾਰਕਫੈੱਡ ਦੇ ਸੋਹਣਾ ਬਰਾਂਡ ਦੇ ਛੋਲੇ ਤੇ ਰਾਜਮਾਂਹ ਮਿਲਣਗੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਪੈਰਿਸ ਵਿੱਚ ਕੌਮਾਂਤਰੀ ਖੁਰਾਕ ਅਤੇ ਪੀਣ ਵਾਲੇ ਪਦਾਰਥਾਂ ਦੀ ਪ੍ਰਦਰਸ਼ਨੀ 'ਸਿਆਲ ਪੈਰਿਸ-2026' ਦੌਰਾਨ ਮਾਰਕਫੈੱਡ ਦੇ 'ਸੋਹਣਾ' ਬ੍ਰਾਂਡ ਹੇਠ ਦੋ ਨਵੇਂ ਉਤਪਾਦ ਲਾਂਚ ਕੀਤੇ। ਇਨ੍ਹਾਂ ਵਿੱਚ ਪਾਣੀ ਤੇ ਨਮਕ ਦੇ ਘੋਲ ਵਿੱਚ ਡੱਬਾਬੰਦ ਚਿੱਟੇ ਛੋਲੇ ਅਤੇ ਰਾਜਮਾਂਹ ਸ਼ਾਮਲ ਹਨ। ਪੰਜਾਬ ਸਰਕਾਰ ਦਾ ਉਦੇਸ਼ ਸੂਬੇ ਦੇ ਖੇਤੀ ਉਤਪਾਦਾਂ ਨੂੰ ਕੌਮਾਂਤਰੀ ਬਾਜ਼ਾਰਾਂ ਤੱਕ ਪਹੁੰਚਾਉਣਾ ਅਤੇ ਖੁਰਾਕੀ ਵਸਤਾਂ ਦੀ ਬਰਾਮਦ ਵਧਾਉਣਾ ਹੈ।

ਮੁੱਖ ਮੰਤਰੀ ਨੇ ਪ੍ਰਦਰਸ਼ਨੀ ਵਿੱਚ ਭਾਰਤ ਮੰਡਪ ਵਿਚ ਮਾਰਕਫੈੱਡ ਦੇ ਸਟਾਲ ਦਾ ਉਦਘਾਟਨ ਵੀ ਕੀਤਾ। ਇਸ ਸਟਾਲ 'ਤੇ ਪੰਜਾਬ ਦੇ ਖੇਤੀ ਉਤਪਾਦਾਂ, ਰਵਾਇਤੀ ਪਕਵਾਨਾਂ ਅਤੇ ਖੁਰਾਕੀ ਵਸਤਾਂ ਦੀ ਪ੍ਰੋਸੈਸਿੰਗ ਨਾਲ ਸਬੰਧਤ ਸਮਰੱਥਾ ਨੂੰ ਪੇਸ਼ ਕੀਤਾ ਗਿਆ ਹੈ। ਸਿਆਲ ਦੁਨੀਆ ਦੀਆਂ ਪ੍ਰਮੁੱਖ ਖੁਰਾਕ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਪ੍ਰਦਰਸ਼ਨੀਆਂ ਵਿੱਚੋਂ ਇਕ ਹੈ।

ਕਿਸਾਨਾਂ ਦੀ ਆਮਦਨ ਵਧਾਉਣ ਲਈ ਮੁੱਲ ਵਧਾਉਣ 'ਤੇ ਜ਼ੋਰ

ਭਗਵੰਤ ਮਾਨ ਨੇ ਕਿਹਾ ਕਿ ਨਵੇਂ ਉਤਪਾਦਾਂ ਦੀ ਸ਼ੁਰੂਆਤ ਨਾਲ ਪੰਜਾਬ ਦੇ ਸੁਆਦ ਨੂੰ ਦੁਨੀਆ ਭਰ ਦੇ ਖਪਤਕਾਰਾਂ ਤੱਕ ਪਹੁੰਚਾਉਣ ਵਿੱਚ ਮਦਦ ਮਿਲੇਗੀ। ਇਸ ਨਾਲ ਕਿਸਾਨਾਂ, ਸਹਿਕਾਰੀ ਸੰਸਥਾਵਾਂ, ਖੁਰਾਕੀ ਵਸਤਾਂ ਤਿਆਰ ਕਰਨ ਵਾਲੀਆਂ ਇਕਾਈਆਂ ਅਤੇ ਬਰਾਮਦਕਾਰਾਂ ਲਈ ਨਵੇਂ ਮੌਕੇ ਵੀ ਪੈਦਾ ਹੋਣਗੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਖੇਤੀ ਉਤਪਾਦਾਂ ਦਾ ਮੁੱਲ ਵਧਾਉਣਾ, ਆਧੁਨਿਕ ਪੈਕਿੰਗ, ਬ੍ਰਾਂਡਿੰਗ ਅਤੇ ਕੌਮਾਂਤਰੀ ਬਾਜ਼ਾਰਾਂ ਨਾਲ ਮਜ਼ਬੂਤ ਸੰਪਰਕ ਬਣਾਉਣਾ ਜ਼ਰੂਰੀ ਹੈ।

'ਸੋਹਣਾ' ਬ੍ਰਾਂਡ ਹੇਠ ਪਹਿਲਾਂ ਹੀ ਸਰ੍ਹੋਂ ਦਾ ਸਾਗ, ਦਾਲ ਮਖਣੀ, ਰਾਜਮਾਂਹ, ਕੜੀ ਪਕੌੜਾ ਅਤੇ ਅੰਮ੍ਰਿਤਸਰੀ ਛੋਲੇ ਵਰਗੇ ਪੰਜਾਬੀ ਪਕਵਾਨ ਉਪਲਬਧ ਹਨ। ਇਸ ਤੋਂ ਇਲਾਵਾ ਮਾਰਕਫੈੱਡ ਸਰ੍ਹੋਂ ਦਾ ਤੇਲ, ਅਚਾਰ, ਮੁਰੱਬੇ, ਜੂਸ ਅਤੇ ਹੋਰ ਤਿਆਰ ਖੁਰਾਕੀ ਉਤਪਾਦ ਵੀ ਵੇਚਦਾ ਹੈ।

20 ਤੋਂ ਵੱਧ ਦੇਸ਼ਾਂ ਵਿੱਚ ਭੇਜੇ ਜਾਂਦੇ ਹਨ ਉਤਪਾਦ

ਪ੍ਰਦਰਸ਼ਨੀ ਵਿੱਚ ਮਾਰਕਫੈੱਡ, ਮਿਲਕਫੈੱਡ ਦੇ 'ਵੇਰਕਾ' ਬ੍ਰਾਂਡ ਅਤੇ ਪੰਜਾਬ ਐਗਰੋ ਵੱਲੋਂ 'ਪੰਜਾਬ ਮਾਰਟ' ਦੇ ਸਾਂਝੇ ਮੰਚ ਹੇਠ ਆਪਣੇ ਉਤਪਾਦ ਪੇਸ਼ ਕੀਤੇ ਜਾ ਰਹੇ ਹਨ। ਇਸ ਸਾਂਝੀ ਭਾਗੀਦਾਰੀ ਦਾ ਮਕਸਦ ਬਾਜ਼ਾਰਾਂ ਤੱਕ ਪਹੁੰਚ ਵਧਾਉਣਾ, ਖੁਰਾਕੀ ਵਸਤਾਂ ਦੀ ਪ੍ਰੋਸੈਸਿੰਗ ਨੂੰ ਉਤਸ਼ਾਹਿਤ ਕਰਨਾ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹ ਦੇਣਾ ਹੈ।

ਮਾਰਕਫੈੱਡ ਵੱਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ, ਸੰਸਥਾ ਦਾ ਸਾਲਾਨਾ ਕਾਰੋਬਾਰ 21,248 ਕਰੋੜ ਰੁਪਏ ਤੋਂ ਵੱਧ ਹੈ ਅਤੇ ਇਹ ਲਗਪਗ 20 ਲੱਖ ਕਿਸਾਨਾਂ ਨਾਲ ਜੁੜੀ ਹੋਈ ਹੈ। ਇਸ ਦੇ ਉਤਪਾਦ ਮੱਧ ਪੂਰਬ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਸਮੇਤ 20 ਤੋਂ ਵੱਧ ਦੇਸ਼ਾਂ ਵਿੱਚ ਭੇਜੇ ਜਾਂਦੇ ਹਨ।

ਮਾਰਕਫੈੱਡ ਵਿਦੇਸ਼ੀ ਖਰੀਦਦਾਰਾਂ ਨਾਲ ਸੰਪਰਕ ਵਧਾਉਣ ਦੇ ਨਾਲ ਦੂਜੀਆਂ ਕੰਪਨੀਆਂ ਦੇ ਬ੍ਰਾਂਡਾਂ ਹੇਠ ਉਤਪਾਦ ਤਿਆਰ ਕਰਨ ਦੇ ਮੌਕੇ ਵੀ ਲੱਭ ਰਿਹਾ ਹੈ। ਸੰਸਥਾ ਕੋਲ ਡੱਬਾਬੰਦ ਸਰ੍ਹੋਂ ਦਾ ਸਾਗ ਅਤੇ ਹੋਰ ਤਿਆਰ ਪਕਵਾਨ ਬਣਾਉਣ ਦੀ ਸਾਲਾਨਾ ਸਮਰੱਥਾ 2,700 ਮੀਟ੍ਰਿਕ ਟਨ ਹੈ, ਜਦਕਿ ਸ਼ਹਿਦ ਦੀ ਪ੍ਰੋਸੈਸਿੰਗ ਸਮਰੱਥਾ 3,000 ਮੀਟ੍ਰਿਕ ਟਨ ਹੈ।

ਦੌਰੇ ਦੌਰਾਨ ਪੰਜਾਬ ਦੇ ਵਫ਼ਦ ਨੇ ਫਰਾਂਸ ਅਤੇ ਹੋਰ ਦੇਸ਼ਾਂ ਦੀਆਂ ਖੁਰਾਕੀ ਕੰਪਨੀਆਂ ਨਾਲ ਵੀ ਕਾਰੋਬਾਰੀ ਗੱਲਬਾਤ ਕੀਤੀ। ਇਸ ਦੌਰਾਨ ਬਰਾਮਦ, ਖੁਰਾਕੀ ਵਸਤਾਂ ਦੀ ਪ੍ਰੋਸੈਸਿੰਗ ਤਕਨਾਲੋਜੀ, ਪੈਕਿੰਗ, ਕੋਲਡ-ਚੇਨ ਸਹੂਲਤਾਂ ਅਤੇ ਵੈਂਡ ਸਬੰਧੀ ਭਾਈਵਾਲੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਨਸ਼ਿਆਂ ਦਾ ਮੁੱਦਾ ਭਖਾਏਗਾ ਪੰਜਾਬ ਚੋਣਾਂ ਦਾ ਮੈਦਾਨ

ਪਰਵਿੰਦਰ ਦੀ ਹੱਤਿਆ ਮਗਰੋਂ ਨਸ਼ੇ ਦਾ ਮੁੱਦਾ ਸਿਆਸਤ ਦਾ ਕੇਂਦਰ ਬਿੰਦੂ ਬਣਿਆ

ਚੰਡੀਗੜ੍ਹ : ਪੰਜਾਬ ਦੀ ਸਿਆਸਤ 'ਚ ਹੁਣ ਅਗਾਮੀ ਚੋਣਾਂ ਦੇ ਮੱਦੇਨਜ਼ਰ ਨਸ਼ਾ ਇੱਕ ਕੇਂਦਰੀ ਮੁੱਦੇ ਵਜੋਂ ਗੂੰਜੇਗਾ। ਕਰੀਬ ਬਾਰਾਂ ਸਾਲਾਂ ਤੋਂ ਪੰਜਾਬ ਦੀ ਹਰ ਛੋਟੀ ਵੱਡੀ ਚੋਣ 'ਚ ਨਸ਼ਾ ਇੱਕ ਮੁੱਦੇ ਵਜੋਂ ਉੱਭਰਿਆ ਹੈ। ਜਦੋਂ ਹੁਣ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ ਤਾਂ ਠੀਕ ਉਸ ਤੋਂ ਪਹਿਲਾਂ ਮਾਨਸਾ 'ਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਨੇ ਨਸ਼ੇ ਦੇ ਮੁੱਦੇ ਨੂੰ ਸਿਆਸਤ ਦੇ ਕੇਂਦਰ 'ਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਕ

ਬੇਅ ਏਰੀਆ ਕਮਿਊਨਿਟੀ ਵੱਲੋਂ ਫਰੀਮਾਂਟ ਵਿਖੇ ਪ੍ਰਭਾਵਸ਼ਾਲੀ 'ਮੀਟ ਐਂਡ ਗ੍ਰੀਟ' ਸਮਾਗਮ

ਮੇਲਿਸਾ ਹਰਨੈਂਡੇਜ਼ ਨੇ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਹੱਕਾਂ ਲਈ ਡੱਟ ਕੇ ਖੜ੍ਹਨ ਦਾ ਦਿੱਤਾ ਭਰੋਸਾ

ਇਸ ਵਾਰ ਪਿਛਲੇ ਲੰਭੇ ਸਮੇ ਤੋਂ ਕਮਿਊਨਟੀ ਦੀ ਦੋਸਤ ਅਤੇ ਚਟਾਨ ਵਾਂਗ ਸਿੱਖਾਂ ਨਾਲ ਖੜ੍ਹੀ

ਮੇਲਿਸਾ ਹਰਨੈਂਡੇਜ਼ ਦੀ ਜਿੱਤ ਯਕੀਨੀ : ਸ. ਬਲਕਾਰ ਸਿੰਘ, (ਰਾਇਲ ਸਕੂਨ), ਬੰਬੇ ਗਾਰਡਨ

ਫਰੀਮਾਂਟ, ਕੈਲੀਫੋਰਨੀਆ: ਬੇਅ ਏਰੀਆ ਵਿੱਚ ਆਪਸੀ ਭਾਈਚਾਰਕ ਸਾਂਝ, ਏਕਤਾ ਅਤੇ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਸਕੂਨ ਰੈਸਟੋਰੈਂਟ (ਫਰੀਮਾਂਟ) ਵਿਖੇ ਇੱਕ ਵਿਸ਼ੇਸ਼ 'ਮੀਟ ਐਂਡ ਗ੍ਰੀਟ' ਪ੍ਰੋਗਰਾਮ ਕਰਵਾਇਆ ਗਿਆ। ਇਹ ਸਮਾਗਮ ਬਿਜਨਸ ਟਾਈਕੂਨ ਸ.ਬਲਕਾਰ ਸਿੰਘ ਤਾਂਬਰ ਬੰਬੇ ਗਾਰਡਨ, (ਰਾਇਲ ਸਕੂਨ), ਸਕੂਨ) ਚੇਨ ਦੇ ਮਾਲਕ, ਕਮਿਸ਼ਨਰ ਟੀਜੇ ਧਾਮੀ ਅਤੇ ਡਾਇਮੰਡ ਕਲੱਬ ਬੇਅ ਏਰੀਆ ਦੇ ਸਾਂਝੇ ਯਤਨਾਂ ਸਦਕਾ ਮੰਗਲਵਾਰ, 13 ਅਕਤੂਬਰ ਨੂੰ ਆਯੋਜਿਤ ਹੋਇਆ, ਜਿਸ ਵਿੱਚ ਭਾਈਚਾਰੇ ਦੇ ਆਗੂਆਂ, ਕਾਰੋਬਾਰੀਆਂ ਅਤੇ ਪਤਵੰਤੇ ਸੱਜਣਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਪ੍ਰਬੰਧਕਾਂ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਕਿ ਇਹ ਸ਼ਾਮ ਕੋਈ ਫੰਡ ਇਕੱਠਾ ਕਰਨ ਵਾਲੀ ਮੁਹਿੰਮ ਨਹੀਂ ਸੀ, ਸਗੋਂ ਲੋਕ ਮੁੱਦਿਆਂ, ਅੰਤਰ-ਧਰਮ ਦੋਸਤੀ ਅਤੇ ਸਮਾਜਿਕ ਤਰੱਕੀ ਲਈ ਇੱਕ ਸਾਂਝਾ ਮੰਚ ਸੀ।

ਪਾਕਿਸਤਾਨੀ ਪੰਜਾਬ ਦੇ ਰਾਜਪਾਲ ਦੇ ਸਲਾਹਕਾਰ ਸ਼੍ਰੀ ਮੁਹੰਮਦ ਫਾਰੂਕ ਦਾ ਸਵਾਗਤ ਸਮਾਗਮ ਦੌਰਾਨ ਪੰਜਾਬ (ਲਾਹੌਰ) ਦੇ ਰਾਜਪਾਲ ਦੇ ਸੀਨੀਅਰ ਸਲਾਹਕਾਰ ਸ਼੍ਰੀ ਮੁਹੰਮਦ ਫਾਰੂਕ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਨੇ ਪਾਕਿਸਤਾਨ ਵਿੱਚ ਸਿੱਖ ਵਿਰਾਸਤ ਅਤੇ ਪਵਿੱਤਰ ਗੁਰਧਾਮਾਂ ਦੀ ਸਾਂਭ-ਸੰਭਾਲ ਬਾਰੇ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ, ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਇਤਿਹਾਸਕ ਅਸਥਾਨਾਂ ਦੇ ਦਰਸ਼ਨਾਂ ਵਾਸਤੇ ਈ-ਵੀਜ਼ਾ (e-visa) ਪ੍ਰਣਾਲੀ ਨੂੰ ਬਹੁਤ ਸਰਲ ਬਣਾਇਆ ਗਿਆ ਹੈ।

ਕਾਂਗਰਸ ਉਮੀਦਵਾਰ ਮੇਲਿਸਾ ਹਰਨੈਂਡੇਜ਼ ਵੱਲੋਂ ਮੁੱਖ ਮੁੱਦਿਆਂ 'ਤੇ ਸਪੱਸ਼ਟ ਗੱਲਬਾਤ ਕਾਂਗਰਸ ਜ਼ਿਲ੍ਹਾ 14 ਤੋਂ ਉਮੀਦਵਾਰ ਸੁਸ਼੍ਰੀ ਮੇਲਿਸਾ ਹਰਨੈਂਡੇਜ਼ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਵਾਸ਼ਿਗਟਨ ਡੀ.ਸੀ. ਵਿੱਚ ਆਮ ਨਾਗਰਿਕਾਂ ਅਤੇ ਸਥਾਨਕ ਕਾਰੋਬਾਰੀਆਂ ਦੀ ਆਵਾਜ਼ ਬਣਨ ਦਾ ਵਾਅਦਾ ਕੀਤਾ। ਆਪਣੇ ਪਰਿਵਾਰਕ ਪਿਛੋਕੜ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਇੱਕ ਖੇਤ ਮਜ਼ਦੂਰ ਤੋਂ ਆਪਣਾ ਕਾਰੋਬਾਰ ਖੜ੍ਹਾ ਕਰਨ ਵਿੱਚ ਸਫ਼ਲ ਹੋਏ ਸਨ, ਇਸ ਲਈ ਉਹ ਸਮਝਦੇ ਹਨ ਕਿ ਛੋਟੇ ਕਾਰੋਬਾਰ ਅਮਰੀਕੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਨੇ ਕਈ ਅਹਿਮ ਤਰਜੀਹਾਂ ਸਾਂਝੀਆਂ ਕੀਤੀਆਂ:

ਛੋਟੇ ਕਾਰੋਬਾਰਾਂ ਦੀ ਸਹਾਇਤਾ: ਆਰਥਿਕ ਵਿਕਾਸ ਨੂੰ ਮਜ਼ਬੂਤ ਕਰਨਾ ਅਤੇ ਸਥਾਨਕ ਕਾਰੋਬਾਰੀਆਂ ਨੂੰ ਉਤਸ਼ਾਹਿਤ ਕਰਨਾ।

ਸਿਹਤ ਸਹੂਲਤਾਂ ਅਤੇ ਸੀਨੀਅਰਜ਼ ਦੀ ਭਲਾਈ: ਸਿਹਤ ਖਰਚਿਆਂ ਨੂੰ ਕਾਬੂ ਵਿੱਚ ਰੱਖਣਾ ਤਾਂ ਜੋ ਕੋਈ ਵੀ ਪਰਿਵਾਰ ਮੈਡੀਕਲ ਬਿੱਲਾਂ ਦੇ ਬੋਝ ਹੇਠ ਨਾ ਦੱਬਿਆ ਜਾਵੇ ਅਤੇ ਬਜ਼ੁਰਗਾਂ

ਬੇਅ ਏਰੀਆ ਕਮਿਊਨਿਟੀ ਵੱਲੋਂ ਫਰੀਮਾਂਟ ਵਿਖੇ ਪ੍ਰਭਾਵਸ਼ਾਲੀ 'ਮੀਟ ਐਂਡ ਗ੍ਰੀਟ' ਸਮਾਗਮ

ਮੇਲਿਸਾ ਹਰਨੈਂਡੇਜ਼ ਨੇ ਸਿੱਖ ਭਾਈਚਾਰੇ ਦੀ ਸੁਰੱਖਿਆ ਅਤੇ ਹੱਕਾਂ ਲਈ ਡੱਟ ਕੇ ਖੜ੍ਹਨ ਦਾ ਦਿੱਤਾ ਭਰੋਸਾ

ਇਸ ਵਾਰ ਪਿਛਲੇ ਲੰਭੇ ਸਮੇ ਤੋਂ ਕਮਿਊਨਟੀ ਦੀ ਦੋਸਤ ਅਤੇ ਚਟਾਨ ਵਾਂਗ ਸਿੱਖਾਂ ਨਾਲ ਖੜ੍ਹੀ

ਮੇਲਿਸਾ ਹਰਨੈਂਡੇਜ਼ ਦੀ ਜਿੱਤ ਯਕੀਨੀ : ਸ. ਬਲਕਾਰ ਸਿੰਘ, (ਰਾਇਲ ਸਕੂਨ), ਬੰਬੇ ਗਾਰਡਨ

ਨੂੰ ਪੂਰੀਆਂ ਮੈਡੀਕਲ ਸਹੂਲਤਾਂ ਮੁਹੱਈਆ ਕਰਵਾਉਣਾ।

ਕਿਫ਼ਾਇਤੀ ਚਾਈਲਡ ਕੇਅਰ: ਮਾਪਿਆਂ ਦੀ ਸਹੂਲਤ ਲਈ ਡੇ-ਕੇਅਰ ਸਹੂਲਤਾਂ ਦਾ ਵਿਸਥਾਰ ਅਤੇ ਚਾਈਲਡ ਕੇਅਰ ਟੈਕਸ ਕ੍ਰੈਡਿਟ ਯਕੀਨੀ ਬਣਾਉਣਾ ਤਾਂ ਜੋ ਪਰਿਵਾਰਾਂ 'ਤੇ ਵਿੱਤੀ ਬੋਝ ਘੱਟ ਹੋ ਸਕੇ।

ਸਿੱਖ ਭਾਈਚਾਰੇ ਦੀ ਸੁਰੱਖਿਆ ਬਾਰੇ ਗੰਭੀਰ ਚਰਚਾ ਸਮਾਗਮ ਦੌਰਾਨ ਸਿੱਖ ਭਾਈਚਾਰੇ ਦੇ ਪ੍ਰਤੀਨਿਧੀਆਂ ਵੱਲੋਂ ਅਮਰੀਕਾ ਵਿੱਚ ਸਿੱਖਾਂ ਦੀ ਸੁਰੱਖਿਆ, ਨਫ਼ਰਤੀ ਹਮਲਿਆਂ (hate crimes), ਦਸਤਾਰ ਤੇ ਦਾੜ੍ਹੀ ਕਾਰਨ ਨਿਸ਼ਾਨਾ ਬਣਾਏ ਜਾਣ ਅਤੇ ਲਾਪਤਾ ਵਿਅਕਤੀਆਂ ਨਾਲ ਜੁੜੀਆਂ ਹਾਲੀਆ ਘਟਨਾਵਾਂ ਬਾਰੇ ਚਿੰਤਾ ਜ਼ਾਹਰ ਕੀਤੀ ਗਈ ਅਤੇ ਠੋਸ ਕਦਮ ਚੁੱਕਣ ਦੀ ਮੰਗ ਕੀਤੀ ਗਈ। ਇਸ ਦੇ ਜਵਾਬ ਵਿੱਚ ਮੇਲਿਸਾ ਹਰਨੈਂਡੇਜ਼ ਨੇ ਸਪੱਸ਼ਟ ਭਰੋਸਾ ਦਿੱਤਾ ਕਿ ਉਹ ਸਮੂਹ ਭਾਈਚਾਰਿਆਂ ਦੀ ਸੁਰੱਖਿਆ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਡਬਲਿਨ ਦੀ ਮੇਅਰ ਵਜੋਂ ਉਨ੍ਹਾਂ ਨੇ ਹਮੇਸ਼ਾ 'ਨੋ ਹੇਟ' (ਕਿਸੇ ਵੀ ਨਫ਼ਰਤ ਲਈ ਕੋਈ ਥਾਂ ਨਹੀਂ) ਦੀ ਨੀਤੀ ਅਪਣਾਈ ਹੈ ਅਤੇ ਕਾਂਗਰਸ ਵਿੱਚ ਪਹੁੰਚ ਕੇ ਉਹ ਸਿੱਖ ਭਾਈਚਾਰੇ ਦੇ ਹੱਕਾਂ, ਧਾਰਮਿਕ ਆਜ਼ਾਦੀ ਅਤੇ ਜਾਨ-ਮਾਲ ਦੀ ਸੁਰੱਖਿਆ ਲਈ ਡੱਟ ਕੇ ਪਹਿਰਾ ਦੇਣਗੇ।

ਸਥਾਨਕ ਲੀਡਰਾਂ ਅਤੇ ਉਮੀਦਵਾਰਾਂ ਦੀ ਸ਼ਮੂਲੀਅਤ

ਇਸ ਮੌਕੇ ਹੋਰ ਪ੍ਰਮੁੱਖ ਆਗੂਆਂ ਨੇ ਵੀ ਵਿਚਾਰ ਪੇਸ਼ ਕੀਤੇ:

ਮਿਲਪੀਟਾਸ ਦੀ ਮੇਅਰ ਕਾਰਮੇਨ ਮੋਂਟਾਨੋ: ਬੇਅ ਏਰੀਆ ਦੀ ਅਨੇਕਤਾ, ਵਿਭਿੰਨਤਾ ਅਤੇ ਆਪਸੀ ਭਾਈਚਾਰਕ ਸਾਂਝ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਓਹਲੋਨ ਕਾਲਜ ਦੀ ਟਰੱਸਟੀ ਸੋਨੀਆ ਸਲਵਾਨ: ਮਿਆਰੀ ਸਿੱਖਿਆ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਦੀ ਲੋੜ ਦੱਸੀ।

ਡਬਲਿਨ ਸਿਟੀ ਕੌਂਸਲ (ਜ਼ਿਲ੍ਹਾ 4) ਦੇ ਉਮੀਦਵਾਰ ਸ਼ਿਵਰਾਜ ਸਿੰਘ: ਸੰਤੁਲਿਤ ਸ਼ਹਿਰੀ ਵਿਕਾਸ, ਜਨਤਕ ਸੁਰੱਖਿਆ ਅਤੇ ਬਿਹਤਰ ਨਾਗਰਿਕ ਸੁਵਿਧਾਵਾਂ ਨੂੰ ਆਪਣੀ ਤਰਜੀਹ ਦੱਸਦਿਆਂ ਸਮਰਥਨ ਦੀ ਅਪੀਲ ਕੀਤੀ।

ਫਰੀਮਾਂਟ ਸਿਟੀ ਕੌਂਸਲ (ਜ਼ਿਲ੍ਹਾ 3) ਦੀ ਉਮੀਦਵਾਰ ਕੈਥੀ ਕਿੰਬਰਲਿਨ: ਵਸਨੀਕਾਂ ਨਾਲ ਸਥਾਨਕ ਮੁੱਦਿਆਂ 'ਤੇ ਸਿੱਧੀ ਗੱਲਬਾਤ ਕੀਤੀ।

ਮਿਲਪੀਟਾਸ ਸਿਟੀ ਕੌਂਸਲ ਦੇ ਉਮੀਦਵਾਰ ਦੀਪਕ ਅਵਸਥੀ ਅਤੇ ਸ਼੍ਰੀ ਈ.ਡੀ.: ਸ਼ਹਿਰੀ ਭਾਗੀਦਾਰੀ ਅਤੇ ਆਂਢ-ਗੁਆਂਢ ਦੀ ਮਜ਼ਬੂਤੀ ਬਾਰੇ ਆਪਣੇ ਨਜ਼ਰੀਏ ਸਾਂਝੇ ਕੀਤੇ।

ਪੰਜਾਬ ਵਿਧਾਨ ਸਭਾ: ਕੁਖ਼ਿਆਤ ਗੈਂਗਸਟਰ ਅੰਮ੍ਰਿਤਪਾਲ ਬਾਠ ਦੀ ਕੈਨੇਡਾ 'ਚ ਗ੍ਰਿਫ਼ਤਾਰੀ ਦੀਆਂ ਖ਼ਬਰਾਂ ਨਾਲ ਹਾਊਸ 'ਚ ਹਲਚਲ

'ਆਪ' ਵਿਧਾਇਕ ਹਰਮੀਤ ਸੰਧੂ ਵੱਲੋਂ ਅਕਾਲੀ ਦਲ 'ਤੇ ਗੰਭੀਰ ਦੋਸ਼

ਅਕਾਲੀ ਦਲ ਨੇ ਗੈਂਗਸਟਰ ਦੇ ਪਰਿਵਾਰ ਨੂੰ ਟਿਕਟਾਂ ਦਿੱਤੀਆਂ ਤੇ ਪਤਨੀ ਨੂੰ ਹਲਕਾ ਇੰਚਾਰਜ ਥਾਪਿਆ; ਦੋ ਸਰਪੰਚਾਂ ਤੇ ਕਜ਼ਨ ਦਾ ਕਾਤਲ ਬਾਠ ਹੁਣ ਕੈਨੇਡਾ 'ਚ ਦਬੋਚਿਆ ਗਿਆ, ਪੰਜਾਬ ਸਰਕਾਰ ਤੁਰੰਤ ਡਿਪੋਰਟ ਕਰਵਾਏ : ਹਰਮੀਤ ਸਿੰਘ ਸੰਧੂ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਤਰਨਤਾਰਨ ਜ਼ਿਲ੍ਹੇ ਦੇ ਬਦਨਾਮ ਗੈਂਗਸਟਰ ਅੰਮ੍ਰਿਤਪਾਲ ਬਾਠ (Amritpal Bath) ਨਾਲ ਜੁੜਿਆ ਬੇਹੱਦ ਸੰਵੇਦਨਸ਼ੀਲ ਮੁੱਦਾ ਉਠਾਉਂਦਿਆਂ ਸ਼੍ਰੋਮਣੀ ਅਕਾਲੀ ਦਲ 'ਤੇ ਗੈਂਗਸਟਰਾਂ ਨੂੰ ਸਿਆਸੀ ਸਰਪ੍ਰਸਤੀ ਦੇਣ ਦੇ ਤਿੱਖੇ ਹਮਲੇ ਕੀਤੇ। ਵਿਧਾਇਕ ਸੰਧੂ ਨੇ ਦਾਅਵਾ ਕੀਤਾ ਕਿ ਭਰੋਸੇਯੋਗ ਸੂਤਰਾਂ ਤੋਂ ਜਾਣਕਾਰੀ ਮਿਲੀ ਹੈ ਕਿ ਵਿਦੇਸ਼ ਬੈਠ ਕੇ ਪੰਜਾਬ ਵਿੱਚ ਖ਼ੂਨੀ ਵਾਰਦਾਤਾਂ ਨੂੰ ਅੰਜਾਮ ਦਿਵਾਉਣ ਵਾਲੇ ਗੈਂਗਸਟਰ ਅੰਮ੍ਰਿਤਪਾਲ ਬਾਠ ਨੂੰ ਕੈਨੇਡਾ ਦੀ ਸਰਕਾਰ/ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਮੌਜੂਦਗੀ ਵਿੱਚ ਹਾਊਸ ਨੂੰ ਸੰਬੋਧਨ ਕਰਦਿਆਂ ਹਰਮੀਤ ਸਿੰਘ ਸੰਧੂ ਨੇ ਸਰਕਾਰ ਦੇ ਵਜ਼ੀਰਾਂ—ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ—ਨੂੰ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਤੁਰੰਤ ਕੇਂਦਰ ਸਰਕਾਰ ਅਤੇ ਵਿਦੇਸ਼ ਮੰਤਰਾਲੇ ਰਾਹੀਂ ਕੈਨੇਡਾ ਪ੍ਰਸ਼ਾਸਨ ਕੋਲ ਉਠਾਇਆ ਜਾਵੇ ਤਾਂ ਜੋ ਇਸ ਖ਼ਤਰਨਾਕ ਗੈਂਗਸਟਰ ਨੂੰ ਤੁਰੰਤ ਭਾਰਤ ਹਵਾਲੇ (Extradite/Deport) ਕਰਵਾ ਕੇ ਪੰਜਾਬ ਦੀਆਂ ਅਦਾਲਤਾਂ ਵਿੱਚ ਪੇਸ਼ ਕੀਤਾ ਜਾ ਸਕੇ।

ਮੁੱਖ ਵੇਰਵੇ: ਵਿਧਾਨ ਸਭਾ ਬਿਆਨ

ਸਥਾਨ : ਪੰਜਾਬ ਵਿਧਾਨ ਸਭਾ, ਚੰਡੀਗੜ੍ਹ

ਬੁਲਾਰਾ : ਹਰਮੀਤ ਸਿੰਘ ਸੰਧੂ (ਵਿਧਾਇਕ, ਤਰਨ ਤਾਰਨ – ਆਮ ਆਦਮੀ ਪਾਰਟੀ)

ਮੁੱਖ ਮਾਮਲਾ : ਗੈਂਗਸਟਰ ਅੰਮ੍ਰਿਤਪਾਲ ਬਾਠ ਦੀ ਕੈਨੇਡਾ ਵਿੱਚ ਕਥਿਤ ਗ੍ਰਿਫ਼ਤਾਰੀ ਅਤੇ ਅਕਾਲੀ ਦਲ ਨਾਲ ਸਿਆਸੀ ਗੱਠਜੋੜ

ਦੋਸ਼ਾਂ ਦੇ ਘੇਰੇ 'ਚ : ਸ਼੍ਰੋਮਣੀ ਅਕਾਲੀ ਦਲ (ਬਾਦਲ) ਲੀਡਰਸ਼ਿਪ

ਵਾਰਦਾਤਾਂ ਦਾ ਵੇਰਵਾ : ਤਰਨ ਤਾਰਨ ਹਲਕੇ ਦੇ ਦੋ ਮੌਜੂਦਾ ਸਰਪੰਚਾਂ ਦੇ ਕਤਲ ਅਤੇ ਪਿੰਡ ਮੀਆਂਪੁਰ ਵਿਖੇ ਆਪਣੇ ਕਜ਼ਨ ਦਾ ਕਤਲ

ਸਰਕਾਰ ਅੱਗੇ ਮੰਗ : ਕੈਨੇਡਾ ਤੋਂ ਡਿਪੋਰਟ ਕਰਵਾ ਕੇ ਪੰਜਾਬ ਲਿਆਉਣ ਅਤੇ ਮੁਕੱਦਮੇ ਚਲਾਉਣ ਦੀ ਪੁਰਜ਼ੋਰ ਵਕਾਲਤ

ਵਿਧਾਇਕ ਹਰਮੀਤ ਸਿੰਘ ਸੰਧੂ ਵੱਲੋਂ ਵਿਧਾਨ ਸਭਾ 'ਚ ਉਠਾਏ ਗਏ ਪ੍ਰਮੁੱਖ ਨੁਕਤੇ

'ਅਕਾਲੀ ਦਲ ਨੇ ਗੈਂਗਸਟਰ ਪਰਿਵਾਰ ਨੂੰ ਸਿਆਸਤ ਦੀ ਕਮਾਨ ਸੌਂਪੀ':

ਮਨਪ੍ਰੀਤ ਸਿੰਘ ਅਯਾਲੀ ਸਮੇਤ ਵਿਰੋਧੀ ਧਿਰ ਵੱਲ ਇਸ਼ਾਰਾ ਕਰਦਿਆਂ ਹਰਮੀਤ ਸਿੰਘ ਸੰਧੂ ਨੇ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਅਕਾਲੀ ਦਲ ਨੇ ਇੱਕ ਬਦਨਾਮ ਗੈਂਗਸਟਰ ਦੇ ਪਰਿਵਾਰ ਨੂੰ ਟਿਕਟ ਦਿੱਤੀ। ਪਹਿਲਾਂ ਗੈਂਗਸਟਰ ਦੀ ਮਾਤਾ ਦਾ ਨਾਂ ਸਾਹਮਣੇ ਆਇਆ ਅਤੇ ਫਿਰ ਉਸ ਦੀ ਪੱਸ ਨੂੰ ਉਮੀਦਵਾਰ ਬਣਾਇਆ ਗਿਆ। ਹੁਣ ਅਕਾਲੀ ਦਲ ਨੇ ਉਸੇ ਗੈਂਗਸਟਰ ਦੀ ਪਤਨੀ ਨੂੰ ਹਲਕੇ ਦਾ ਅਧਿਕਾਰਤ 'ਹਲਕਾ ਇੰਚਾਰਜ' ਥਾਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪੰਜਾਬ ਦੇ ਅਮਨ-ਕਾਨੂੰਨ ਅਤੇ ਭਵਿੱਖ ਦੀ ਕੋਈ ਪਰਵਾਹ ਨਹੀਂ ਕੀਤੀ। 'ਦੋ ਸਰਪੰਚਾਂ ਅਤੇ ਆਪਣੇ ਕਜ਼ਨ ਦਾ ਕਾਤਲ ਹੈ ਅੰਮ੍ਰਿਤਪਾਲ ਬਾਠ':

ਵਿਧਾਇਕ ਨੇ ਦੱਸਿਆ ਕਿ ਇਸ ਗੈਂਗਸਟਰ ਨੇ ਤਰਨ ਤਾਰਨ ਖੇਤਰ ਵਿੱਚ ਦਹਿਸ਼ਤ ਦਾ ਮਾਹੌਲ ਬਣਾ ਕੇ ਰੱਖਿਆ ਹੋਇਆ ਸੀ। ਉਸ ਨੇ ਦੋ ਮੌਜੂਦਾ ਸਰਪੰਚਾਂ ਦੇ ਟਾਰਗੇਟ ਮਰਡਰ ਕਰਵਾਏ ਅਤੇ ਆਪਣੇ ਹੀ ਜੱਦੀ ਪਿੰਡ ਮੀਆਂਪੁਰ ਵਿਖੇ ਆਪਣੇ ਰਿਸ਼ਤੇਦਾਰ (ਕਜ਼ਨ) ਨੂੰ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕੀਤਾ।

ਕੈਨੇਡਾ ਵਿੱਚ ਗ੍ਰਿਫ਼ਤਾਰੀ ਦਾ ਦਾਅਵਾ ਤੇ ਤੁਰੰਤ ਡਿਪੋਰਟੇਸ਼ਨ ਦੀ ਮੰਗ:

ਸੰਧੂ ਨੇ ਕਿਹਾ ਕਿ ਪੁਖ਼ਤਾ ਵਸੀਲਿਆਂ ਤੋਂ ਖ਼ਬਰ ਮਿਲੀ ਹੈ ਕਿ ਕੈਨੇਡਾ ਦੀ ਸਰਕਾਰ ਨੇ ਅੰਮ੍ਰਿਤਪਾਲ ਬਾਠ ਨੂੰ ਉੱਥੇ ਕਾਬੂ ਕਰ ਲਿਆ ਹੈ। ਉਨ੍ਹਾਂ ਹਾਊਸ ਵਿੱਚ ਮੌਜੂਦ ਕੈਬਨਿਟ ਮੰਤਰੀਆਂ ਨੂੰ ਬੇਨਤੀ ਕੀਤੀ: 'ਮੁੱਖ ਮੰਤਰੀ ਸਾਹਿਬ ਭਾਵੇਂ ਹਾਊਸ ਵਿੱਚ ਨਹੀਂ ਹਨ, ਪਰ ਕੈਬਨਿਟ ਵਜ਼ੀਰ ਸਾਹਿਬਾਨ ਇੱਥੇ ਬੈਠੇ ਹਨ। ਇਹ ਯਕੀਨੀ ਬਣਾਇਆ ਜਾਵੇ ਕਿ ਕੈਨੇਡਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਅਜਿਹੇ ਸਮਾਜ ਵਿਰੋਧੀ ਅੰਸਰਾਂ ਨੂੰ ਤੁਰੰਤ ਪੰਜਾਬ ਵਾਪਸ ਲਿਆਂਦਾ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਮਿਲ ਸਕੇ।'

ਆਧੁਨਿਕ ਰਾਜਨੀਤੀ ਵਿੱਚ ਬਹੁਤ ਘੱਟ ਸਵਾਲ ਅਜਿਹੇ ਹਨ ਜੋ ਸਵੈ-ਨਿਰਣੇ ਦੀ ਮੰਗ ਜਿੰਨਾ ਤਣਾਅ ਅਤੇ ਬਹਿਸ ਖੜ੍ਹੀ ਕਰਦੇ ਹਨ। ਇਸ ਡੂੰਘਾਈ ਭਰੇ ਲੇਖ ਵਿੱਚ, ਡਾ. ਗੁਰਿੰਦਰ ਸਿੰਘ ਗਰੇਵਾਲ ਆਮ ਰਾਜਨੀਤਿਕ ਬਿਆਨਬਾਜ਼ੀ ਤੋਂ ਪਰ੍ਹੇ ਜਾ ਕੇ ਸਿੱਖ ਰਾਜਨੀਤਿਕ ਹੋਂਦ ਦੀ ਚਰਚਾ ਨੂੰ ਉਸੇ ਥਾਂ ਸਥਾਪਿਤ ਕਰਦੇ ਹਨ ਜਿੱਥੇ ਇਹ ਅਸਲ ਵਿੱਚ ਬਣਦੀ ਹੈ: ਅੰਤਰਰਾਸ਼ਟਰੀ ਕਾਨੂੰਨ, ਪ੍ਰਤੀਨਿਧ ਸਹਿਮਤੀ, ਅਤੇ ਸੰਵਿਧਾਨਕ ਨੈਤਿਕਤਾ ਦੇ ਢਾਂਚੇ ਵਿੱਚ। ਇਤਿਹਾਸਕ ਦਾਅਵਿਆਂ ਨੂੰ ਬੰਦ ਪੰਨੇ ਸਮਝਣ ਜਾਂ ਜਮਹੂਰੀ ਅਕਾਂਖਿਆਵਾਂ ਨੂੰ ਸਿਰਫ਼ ਸੁਰੱਖਿਆ ਚਿੰਤਾਵਾਂ ਤੱਕ ਸੀਮਤ ਕਰਨ ਦੀ ਬਜਾਏ, ਲੇਖਕ ਇੱਕ ਠੋਸ ਦਲੀਲ ਪੇਸ਼ ਕਰਦੇ ਹਨ ਕਿ ਇੱਕ ਇਤਿਹਾਸਕ ਕੌਮ ਦੀ ਆਵਾਜ਼ ਨੂੰ ਸਿਰਫ਼ ਜ਼ਬਰਦਸਤੀ ਚੁੱਪ ਕਰਵਾ ਕੇ ਦਬਾਇਆ ਨਹੀਂ ਜਾ ਸਕਦਾ। ਅਸੀਂ ਇਹ ਰਚਨਾ ਬਹਿਸ ਨੂੰ ਖ਼ਤਮ ਕਰਨ ਲਈ ਨਹੀਂ, ਸਗੋਂ ਇੱਕ ਅਜਿਹਾ ਨਿਰਪੱਖ ਅਤੇ ਸਿਧਾਂਤਕ ਮੰਚ ਖੋਲ੍ਹਣ ਲਈ ਪ੍ਰਕਾਸ਼ਿਤ ਕਰ ਰਹੇ ਹਾਂ ਜਿੱਥੇ ਅੰਤਰਰਾਸ਼ਟਰੀ ਇਕਰਾਰਨਾਮਿਆਂ, ਬਰਾਬਰ ਨਾਗਰਿਕਤਾ, ਅਤੇ ਸ਼ਾਂਤਮਈ ਅਸਹਿਮਤੀ ਬਾਰੇ ਉਸ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਸਕੇ ਜਿਸ ਦੀ ਇਹ ਮੰਗ ਕਰਦੇ ਹਨ।

ਸਿੱਖ ਸਵੈ-ਨਿਰਣੇ ਦਾ ਅਧਿਕਾਰ: ਇਤਿਹਾਸਕ ਕੌਮੀਅਤ, ਜਮਹੂਰੀ ਸਹਿਮਤੀ ਅਤੇ ਖ਼ਾਲਿਸਤਾਨ ਦਾ ਪੱਖ

ਕੌਮਾਂਤਰੀ ਕਾਨੂੰਨ, ਰਾਜਨੀਤਿਕ ਬਰਾਬਰੀ ਅਤੇ ਪੁਰਅਮਨ ਸੰਵਿਧਾਨਕ ਤਬਦੀਲੀ 'ਤੇ ਆਧਾਰਿਤ ਇੱਕ ਸੰਤੁਲਿਤ ਦਲੀਲ

ਇਹ ਲੇਖ ਇੱਕ ਬੁਨਿਆਦੀ ਸੰਵਿਧਾਨਕ ਅਤੇ ਜਮਹੂਰੀ ਦਲੀਲ ਪੇਸ਼ ਕਰਦਾ ਹੈ ਕਿ ਸਿੱਖਾਂ ਕੋਲ ਕੌਮਾਂਤਰੀ ਕਾਨੂੰਨ ਅਧੀਨ ਸਵੈ-ਨਿਰਣੇ (Self-Determination) ਦੇ ਹੱਕਦਾਰ ਇੱਕ ਵਿਲੱਖਣ ਲੋਕ/ਕੌਮ (People) ਵਜੋਂ ਮਾਨਤਾ ਪ੍ਰਾਪਤ ਕਰਨ ਦਾ ਠੋਸ ਦਾਅਵਾ ਹੈ। ਖ਼ਾਲਿਸਤਾਨ ਲਈ ਪੁਰਅਮਨ ਵਕਾਲਤ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਸਿਆਸੀ ਪ੍ਰਗਟਾਵਾ ਹੈ, ਜਿਸ ਨੂੰ ਮਹਿਜ਼ ਅਪਰਾਧਿਕ ਦਾਇਰੇ ਵਿੱਚ ਬੰਨ੍ਹ ਕੇ ਰੱਦ ਕਰਨਾ ਇਸ ਵਿਚਲੇ ਜਮਹੂਰੀ ਤੱਤ ਨੂੰ ਅਣਸੁਲਝਿਆ ਛੱਡ ਦਿੰਦਾ ਹੈ। ਇਹ ਦਲੀਲ ਸਿੱਖਾਂ ਦੀ ਸਮੂਹਿਕ ਪਛਾਣ, ਇਤਿਹਾਸਕ ਪ੍ਰਭੂਸੱਤਾ, ਸੰਯੁਕਤ ਰਾਸ਼ਟਰ ਦੇ ਚਾਰਟਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਧੀਆਂ 'ਤੇ ਟਿਕੀ ਹੋਈ ਹੈ। ਲੇਖ ਸਵੈ-ਨਿਰਣੇ ਦੇ ਵਿਆਪਕ ਸਿਧਾਂਤ ਅਤੇ ਇਕਪਾਸੜ ਵੱਖਰੇਵੇਂ (Secession) ਦੇ ਵਿਵਾਦਪੂਰਨ ਹੱਕ ਵਿਚਲੇ ਫ਼ਰਕ ਨੂੰ ਸਪੱਸ਼ਟ ਕਰਦਿਆਂ ਬਹੁਗਿਣਤੀ ਰਾਸ਼ਟਰਵਾਦ, ਸਰਹੱਦੋਂ ਪਾਰ ਦਮਨ (Transnational Repression) ਅਤੇ ਪੰਜਾਬ ਦੇ ਕੁਦਰਤੀ ਸਰੋਤਾਂ ਤੇ ਵਿੱਦਿਅਕ ਖ਼ੁਦਮੁਖ਼ਤਿਆਰੀ ਦੇ ਮਸਲਿਆਂ ਦੀ ਗੰਭੀਰ ਪੜਚੋਲ ਕਰਦਾ ਹੈ।

ਕੌਮਾਂਤਰੀ ਕਾਨੂੰਨੀ ਆਧਾਰ: 'ਲੋਕ' (People) ਵਜੋਂ ਸਿੱਖਾਂ ਦਾ ਦਾਅਵਾ

ਸੰਯੁਕਤ ਰਾਸ਼ਟਰ ਚਾਰਟਰ ਦਾ ਅਨੁਛੇਦ1(2) ਸਾਰੇ ਲੋਕਾਂ ਦੇ ਬਰਾਬਰ ਅਧਿਕਾਰਾਂ ਅਤੇ ਸਵੈ-ਨਿਰਣੇ ਨੂੰ ਸੰਸਥਾ ਦੇ ਬੁਨਿਆਦੀ ਉਦੇਸ਼ਾਂ ਵਿੱਚ ਸ਼ਾਮਲ ਕਰਦਾ ਹੈ। ਨਾਗਰਿਕ ਤੇ ਰਾਜਨੀਤਿਕ ਅਧਿਕਾਰਾਂ ਬਾਰੇ ਕੌਮਾਂਤਰੀ ਇਕਰਾਰਨਾਮੇ (ICCPR) ਅਤੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਅਧਿਕਾਰਾਂ ਬਾਰੇ ਇਕਰਾਰਨਾਮੇ (ICESCR) ਦਾ ਸਾਂਝਾ ਅਨੁਛੇਦ 1 ਸਪੱਸ਼ਟ ਕਰਦਾ ਹੈ: 'ਸਾਰੇ ਲੋਕਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਹੈ।' ਇਹ ਅਧਿਕਾਰ ਉਨ੍ਹਾਂ ਨੂੰ ਆਪਣਾ ਸਿਆਸੀ ਰੁਤਬਾ ਖ਼ੁਦ ਤੈਅ ਕਰਨ ਅਤੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਵਿਕਾਸ ਨੂੰ ਅੱਗੇ ਵਧਾਉਣ ਦੀ ਖੁੱਲ੍ਹ ਦਿੰਦਾ ਹੈ।

ਯੂ.ਐੱਨ. ਦੀ ਮਨੁੱਖੀ ਅਧਿਕਾਰ ਕਮੇਟੀ ਅਨੁਸਾਰ ਵਿਅਕਤੀਗਤ ਮਨੁੱਖੀ ਅਧਿਕਾਰਾਂ ਦੀ ਰਾਖੀ ਸਮੂਹਿਕ ਸਵੈ-ਨਿਰਣੇ ਤੋਂ ਬਿਨਾਂ ਅਸੰਭਵ ਹੈ। ਸਿੱਖਾਂ ਦੇ ਦਾਅਵੇ ਨੂੰ ਇਸੇ ਕਾਨੂੰਨੀ ਚੌਖਟੇ ਵਿੱਚ ਦੇਖਣ ਦੀ ਲੋੜ ਹੈ:

ਸਿੱਖ ਪਛਾਣ ਸਿਰਫ਼ ਨਿੱਜੀ ਧਾਰਮਿਕ ਪਾਲਣਾ ਤੱਕ ਸੀਮਤ ਨਹੀਂ ਹੈ; ਇਸ ਵਿੱਚ ਵਿਲੱਖਣ ਇਤਿਹਾਸਕ ਯਾਦ, ਭਾਈਚਾਰਕ ਸ਼ਾਸਨ ਦੀਆਂ ਸੰਸਥਾਵਾਂ ਅਤੇ ਪੰਜਾਬ ਨਾਲ ਅਟੁੱਟ ਖੇਤਰੀ ਸਾਂਝ ਸ਼ਾਮਲ ਹੈ।

ਖ਼ਾਲਸਾ, ਗੁਰਦੁਆਰਾ, ਸੰਗਤ-ਪੰਗਤ ਅਤੇ ਮੀਰੀ-ਪੀਰੀ ਦਾ ਸੰਕਲਪ ਸਿੱਖ ਕੌਮ ਨੂੰ ਇੱਕ ਸੰਸਥਾਗਤ ਰਾਜਨੀਤਿਕ ਹੋਂਦ (agency) ਪ੍ਰਦਾਨ ਕਰਦਾ ਹੈ।

ਇਸ ਲਈ ਸਿੱਖਾਂ ਨੂੰ ਮਹਿਜ਼ ਇੱਕ ਧਰਮ ਦੇ ਵਿਅਕਤੀਗਤ ਪੈਰੋਕਾਰ ਕਹਿਣਾ ਕਾਨੂੰਨੀ ਤੌਰ 'ਤੇ ਨਾਕਾਫ਼ੀ ਹੈ; ਉਹ ਸਵੈ-ਨਿਰਣੇ ਦੇ ਉਦੇਸ਼ਾਂ ਲਈ ਇੱਕ ਮੁਕੰਮਲ 'ਕੌਮ/ਲੋਕ' (People) ਵਜੋਂ ਮਾਨਤਾ ਦੇ ਹੱਕਦਾਰ ਹਨ।

ਇਤਿਹਾਸਕ ਪ੍ਰਭੂਸੱਤਾ ਅਤੇ ਸਮਕਾਲੀ ਜਮਹੂਰੀ ਸਹਿਮਤੀ : ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠਲਾ ਸਿੱਖ ਸਾਮਰਾਜ (ਸਰਕਾਰ-ਏ-ਖ਼ਾਲਸਾ) ਸਿੱਖਾਂ ਦੀ ਸਿਆਸੀ ਖ਼ੁਦਮੁਖ਼ਤਿਆਰੀ ਦਾ ਅਟੱਲ ਇਤਿਹਾਸਕ ਸਬੂਤ ਹੈ। 1849 ਵਿੱਚ ਐਂਗਲੋ-ਸਿੱਖ ਯੁੱਧਾਂ ਮਗਰੋਂ ਬ੍ਰਿਟਿਸ਼ ਕਬਜ਼ੇ ਤੋਂ ਪਹਿਲਾਂ ਸਿੱਖ ਪ੍ਰਭੂਸੱਤਾ ਇੱਕ ਸਥਾਪਿਤ ਕੌਮਾਂਤਰੀ ਹਕੀਕਤ ਸੀ।

ਇਤਿਹਾਸਕ ਜਾਇਜ਼ਤਾ: ਇਹ ਇਤਿਹਾਸ ਸਾਬਤ ਕਰਦਾ ਹੈ ਕਿ ਸਿੱਖਾਂ ਦੀਆਂ ਸਿਆਸੀ ਖ਼ਾਹਿਸ਼ਾਂ ਕੋਈ ਨਕਲੀ ਜਾਂ ਬਾਹਰੋਂ ਥੋਪੀ ਗਈ ਮੰਗ ਨਹੀਂ ਹਨ।

ਸਮਕਾਲੀ ਸੀਮਾਵਾਂ: ਹਾਲਾਂਕਿ ਇਤਿਹਾਸਕ ਪ੍ਰਭੂਸੱਤਾ ਮਾਨਤਾ ਦੇ ਦਾਅਵੇ ਨੂੰ ਮਜ਼ਬੂਤ ਕਰਦੀ ਹੈ, ਪਰ ਇਹ ਆਪਣੇ ਆਪ ਆਧੁਨਿਕ ਸਰਹੱਦਾਂ ਜਾਂ ਮੌਜੂਦਾ ਆਬਾਦੀ 'ਤੇ ਸਿੱਧਾ ਅਧਿਕਾਰ ਨਹੀਂ ਦਿੰਦੀ। ਭਵਿੱਖੀ ਸਮਝੌਤੇ ਦੀ ਜਾਇਜ਼ਤਾ ਸਿਰਫ਼ ਅਤੇ ਸਿਰਫ਼ ਆਧੁਨਿਕ ਜਮਹੂਰੀ ਸਹਿਮਤੀ (Democratic Consent) ਰਾਹੀਂ ਹੀ ਤੈਅ ਹੋਵੇਗੀ।

ਬਸਤੀਵਾਦੀ ਵਿਰਾਸਤ ਦੀ ਸਮੀਖਿਆ: ਬ੍ਰਿਟਿਸ਼ ਰਾਜ ਤੋਂ ਵਿਰਾਸਤ ਵਿੱਚ ਮਿਲੇ ਰਾਜਨੀਤਿਕ ਢਾਂਚੇ ਸਦਾ ਲਈ ਲੋਕਾਂ ਦੀਆਂ ਨੁਮਾਇੰਦਾ ਅਕਾਂਖਿਆਵਾਂ ਦਾ ਰਾਹ ਬੰਦ ਨਹੀਂ ਕਰ ਸਕਦੇ।

ਸਵੈ-ਨਿਰਣੇ ਦਾ ਹੱਕ, ਖੇਤਰੀ ਅਖੰਡਤਾ ਅਤੇ ਵੱਖ ਹੋਣ ਦਾ ਸੰਕਲਪ

ਕੌਮਾਂਤਰੀ ਕਾਨੂੰਨ ਸਵੈ-ਨਿਰਣੇ ਦੇ ਨਾਲ-ਨਾਲ ਮੁਲਕਾਂ ਦੀ ਖੇਤਰੀ ਅਖੰਡਤਾ (Territorial Integrity) ਦੀ ਵੀ ਰਾਖੀ ਕਰਦਾ ਹੈ। ਸੰਯੁਕਤ ਰਾਸ਼ਟਰ ਮਹਾਸਭਾ ਦਾ 1970 ਦਾ ਮਿੱਤਰਤਾਪੂਰਨ ਸਬੰਧਾਂ ਦਾ ਐਲਾਨਨਾਮਾ (Friendly Relations Declaration) ਸਪੱਸ਼ਟ ਸ਼ਰਤ ਤੈਅ ਕਰਦਾ ਹੈ: ਖੇਤਰੀ ਅਖੰਡਤਾ ਦੀ ਰਾਖੀ ਸਿਰਫ਼ ਉਨ੍ਹਾਂ ਰਾਜਾਂ ਨੂੰ ਮਿਲਦੀ ਹੈ ਜੋ ਬਰਾਬਰ ਅਧਿਕਾਰਾਂ ਦੀ ਪਾਲਣਾ ਕਰਦੇ ਹਨ ਅਤੇ ਜਿਨ੍ਹਾਂ ਦੀਆਂ ਸਰਕਾਰਾਂ ਬਿਨਾਂ ਕਿਸੇ ਨਸਲੀ ਜਾਂ ਧਾਰਮਿਕ ਵਿਤਕਰੇ ਦੇ ਸਮੁੱਚੀ ਆਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ।

ਕਾਨੂੰਨੀ ਤੌਰ 'ਤੇ ਇਸ ਦੇ ਦੋ ਰੂਪ ਹਨ:

ਅੰਦਰੂਨੀ ਸਵੈ-ਨਿਰਣੇ (Internal Self-Determination): ਮੌਜੂਦਾ ਸੰਵਿਧਾਨਕ ਢਾਂਚੇ ਅੰਦਰ ਅਸਲ ਸੰਘੀ ਖ਼ੁਦਮੁਖ਼ਤਿਆਰੀ, ਸੰਸਥਾਗਤ ਪ੍ਰਤੀਨਿਧਤਾ ਅਤੇ ਭਾਗੀਦਾਰੀ।

ਬਾਹਰੀ ਸਵੈ-ਨਿਰਣੇ (External Self-Determination): ਜਦੋਂ ਕਿਸੇ ਸਮੂਹ ਨੂੰ ਅੰਦਰੂਨੀ ਸਵੈ-ਨਿਰਣੇ ਅਤੇ ਮਨੁੱਖੀ ਹੱਕਾਂ ਤੋਂ ਪੂਰੀ ਤਰ੍ਹਾਂ ਵਾਂਝਾ ਕਰ ਦਿੱਤਾ ਜਾਵੇ, ਤਾਂ 'ਉਪਚਾਰਕ ਵੱਖਰੇਵੇਂ' (Remedial Secession) ਰਾਹੀਂ ਸੁਤੰਤਰ ਰਾਜ ਦਾ ਦਰਜਾ ਹਾਸਲ ਕਰਨਾ।

ਕੈਨੇਡਾ ਦੀ ਸੁਪਰੀਮ ਕੋਰਟ ਨੇ ਕਿਊਬੈਕ ਰੈਫ਼ਰੈਂਸ (Quebec Reference) ਵਿੱਚ ਇਹ ਸਿਧਾਂਤ ਦਰਜ ਕੀਤਾ ਸੀ ਕਿ ਜੇਕਰ ਲੋਕਾਂ ਦੀ ਸਪਸ਼ਟ ਜਮਹੂਰੀ ਬਹੁਮਤ ਸਾਹਮਣੇ ਆਉਂਦੀ ਹੈ, ਤਾਂ ਰਾਜ ਗੱਲਬਾਤ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਭਾਵੇਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਦਾਖ਼ਲ ਹੋਣ ਵੇਲੇ ਸਵੈ-ਨਿਰਣੇ ਨੂੰ ਸਿਰਫ਼ ਬਾਹਰੀ ਬਸਤੀਵਾਦ ਤੱਕ ਸੀਮਤ ਕਰਨ ਦੀ ਸ਼ਰਤ ਰੱਖੀ ਸੀ, ਪਰ ਨੀਦਰਲੈਂਡਜ਼ ਸਮੇਤ ਕਈ ਜਮਹੂਰੀ ਮੁਲਕਾਂ ਨੇ ਇਸ ਸ਼ਰਤ 'ਤੇ ਇਤਰਾਜ਼ ਜਤਾਇਆ ਸੀ। ਇਸ ਲਈ ਸ਼ਾਂਤਮਈ ਗੱਲਬਾਤ ਰਾਹੀਂ ਆਜ਼ਾਦੀ ਦਾ ਮਸਲਾ ਹੱਲ ਕਰਨਾ ਇੱਕ ਜਾਇਜ਼ ਸਿਆਸੀ ਟੀਚਾ ਹੈ।

ਬਹੁਗਿਣਤੀ ਰਾਸ਼ਟਰਵਾਦ ਬਨਾਮ ਬਰਾਬਰ ਰਾਜਨੀਤਿਕ ਦਰਜਾ

ਮੌਜੂਦਾ ਦੌਰ ਵਿੱਚ ਆਰ.ਐੱਸ.ਐੱਸ. (RSS) ਅਤੇ ਭਾਜਪਾ (BJP) ਵੱਲੋਂ ਖੁੱਲ੍ਹੇਆਮ 'ਹਿੰਦੂ ਰਾਸ਼ਟਰ' ਦੀ ਵਕਾਲਤ ਕੀਤੀ ਜਾ ਰਹੀ ਹੈ। ਇੱਥੇ ਇੱਕ

ਡਾ. ਗੁਰਵਿੰਦਰ ਸਿੰਘ
604 825 1550

ਗੰਭੀਰ ਜਮਹੂਰੀ ਵਿਰੋਧਾਭਾਸ ਖੜ੍ਹਾ ਹੁੰਦਾ ਹੈ: ਜਦੋਂ ਬਹੁਗਿਣਤੀ ਦੀ ਧਾਰਮਿਕ-ਰਾਸ਼ਟਰੀ ਪਛਾਣ ਨੂੰ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਖੁੱਲ੍ਹੀ ਥਾਂ ਮਿਲਦੀ ਹੈ, ਪਰ ਘੱਟ-ਗਿਣਤੀਆਂ ਦੀਆਂ ਸਮਾਨ ਸਿਆਸੀ ਖ਼ਾਹਿਸ਼ਾਂ ਨੂੰ ਸਿੱਧਾ 'ਦੇਸ਼-ਧ੍ਰੋਹ' ਜਾਂ ਅਪਰਾਧ ਕਰਾਰ ਦੇ ਦਿੱਤਾ ਜਾਂਦਾ ਹੈ।

ਸਿੱਖਾਂ ਨੂੰ ਆਪਣੀ ਸਮੂਹਿਕ ਪਛਾਣ ਨੂੰ ਪਰਿਭਾਸ਼ਿਤ ਕਰਨ ਦਾ ਪੂਰਾ ਹੱਕ ਹੈ ਤਾਂ ਜੋ ਉਨ੍ਹਾਂ ਦੀ ਪਛਾਣ ਕਿਸੇ ਵੱਡੇ ਧਾਰਮਿਕ ਢਾਂਚੇ ਵਿੱਚ ਜਜ਼ਬ ਨਾ ਹੋ ਜਾਵੇ।

ਖ਼ਾਲਿਸਤਾਨ ਦੇ ਹਮਾਇਤੀਆਂ ਦੀ ਜ਼ਿੰਮੇਵਾਰੀ: ਇਹੀ ਜਮਹੂਰੀ ਸਿਧਾਂਤ ਖ਼ਾਲਿਸਤਾਨ ਦੇ ਹੱਕ ਵਿੱਚ ਖੜ੍ਹਨ ਵਾਲਿਆਂ 'ਤੇ ਵੀ ਬਰਾਬਰ ਲਾਗੂ ਹੁੰਦਾ ਹੈ। ਪ੍ਰਸਤਾਵਿਤ ਰਾਜ ਅੰਦਰ ਹਿੰਦੂ, ਮੁਸਲਿਮ, ਈਸਾਈ, ਦਲਿਤ, ਗ਼ੈਰ-ਧਾਰਮਿਕ ਅਤੇ ਅਸਹਿਮਤ ਸਿੱਖਾਂ ਦੇ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਰਾਜਨੀਤਿਕ ਵਿਰੋਧ ਦੀ ਮੁਕੰਮਲ ਰਾਖੀ ਹੋਣੀ ਲਾਜ਼ਮੀ ਹੈ। ਦਬਦਬੇ ਤੋਂ ਮੁਕਤੀ ਦੀ ਮੰਗ ਕਰਨ ਵਾਲੀ ਲਹਿਰ ਤਾਂ ਹੀ ਭਰੋਸੇਯੋਗ ਬਣ ਸਕਦੀ ਹੈ ਜੇਕਰ ਉਹ ਆਪਣੇ ਪ੍ਰਸਤਾਵਿਤ ਪ੍ਰਬੰਧ ਵਿੱਚ ਹਰ ਤਰ੍ਹਾਂ ਦੇ ਦਬਦਬੇ ਨੂੰ ਰੋਕਣ ਲਈ ਵਚਨਬੱਧ ਹੋਵੇ।

ਸਰਹੱਦੋਂ ਪਾਰ ਦਮਨ (Transnational Repression) ਅਤੇ ਰਾਜਨੀਤਿਕ ਹੋਂਦ

ਵਿਦੇਸ਼ਾਂ ਵਿੱਚ ਵਸਦੇ ਸਿੱਖ ਕਾਰਕੁੰਨਾਂ ਦੀ ਸੁਰੱਖਿਆ ਹੁਣ ਇੱਕ ਗੰਭੀਰ ਕੌਮਾਂਤਰੀ ਮੁੱਦਾ ਬਣ ਚੁੱਕੀ ਹੈ:

ਹਰਦੀਪ ਸਿੰਘ ਨਿੱਝਰ ਕਤਲ (ਕੈਨੇਡਾ): ਅਕਤੂਬਰ 2024 ਵਿੱਚ ਕੈਨੇਡੀਅਨ ਅਧਿਕਾਰੀਆਂ ਨੇ ਜਾਂਚ ਦੌਰਾਨ ਭਾਰਤ ਸਰਕਾਰ ਦੇ ਏਜੰਟਾਂ ਦੇ ਸੰਪਰਕਾਂ ਦਾ ਦਾਅਵਾ ਕੀਤਾ ਅਤੇ ਛੇ ਕੂਟਨੀਤਕਾਂ/ਵਿਅਕਤੀਆਂ ਦੀ ਸ਼ਨਾਖ਼ਤ ਕੀਤੀ (ਹਾਲਾਂਕਿ ਭਾਰਤ ਨੇ ਇਸ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ)।

ਗੁਰਪਤਵੰਤ ਸਿੰਘ ਪੰਨੂੰ ਕਤਲ ਸਾਜ਼ਿਸ਼ (ਅਮਰੀਕਾ): 13 ਫ਼ਰਵਰੀ 2026 ਨੂੰ ਨਿਊਯਾਰਕ ਦੀ ਸੰਘੀ ਅਦਾਲਤ ਵਿੱਚ ਨਿਖਿਲ ਗੁਪਤਾ ਨੇ ਭਾਰਤੀ ਸਰਕਾਰੀ ਕਰਮਚਾਰੀ ਦੇ ਨਿਰਦੇਸ਼ਾਂ 'ਤੇ ਸੁਪਾਰੀ ਦੇ ਕੇ ਕਤਲ ਕਰਵਾਉਣ ਦੀ ਸਾਜ਼ਿਸ਼ ਦਾ ਗੁਨਾਹ ਕਬੂਲਿਆ। 15 ਅਕਤੂਬਰ ਨੂੰ ਪੰਨੂੰ ਨੇ ਐੱਫ.ਬੀ.ਆਈ. ਵੱਲੋਂ ਮਿਲੀ ਤਾਜ਼ਾ ਧਮਕੀ ਚੇਤਾਵਨੀ ਦਾ ਵੀ ਹਵਾਲਾ ਦਿੱਤਾ।

ਇਹ ਘਟਨਾਵਾਂ ਸਪੱਸ਼ਟ ਕਰਦੀਆਂ ਹਨ ਕਿ ਸਿਆਸੀ ਅਸਹਿਮਤੀ ਨੂੰ ਦਬਾਉਣ ਲਈ ਸਰਹੱਦੋਂ ਪਾਰ ਹਿੰਸਾ ਜਾਂ ਕਤਲ ਦਾ ਸਹਾਰਾ ਲੈਣਾ ਕੌਮਾਂਤਰੀ ਕਾਨੂੰਨ ਦੀ ਘੋਰ ਉਲੰਘਣਾ ਹੈ। ਭਾਰਤ ਵੱਲੋਂ 'ਸਿੱਖਸ ਫ਼ਾਰ ਜਸਟਿਸ' (SFJ) 'ਤੇ ਲਗਾਈ ਗਈ ਘਰੇਲੂ ਪਾਬੰਦੀ ਆਪਣੇ ਆਪ ਵਿਦੇਸ਼ਾਂ ਵਿੱਚ ਸ਼ਾਂਤਮਈ ਵਕਾਲਤ ਦੇ ਅਧਿਕਾਰ ਨੂੰ ਗ਼ੈਰ-ਕਾਨੂੰਨੀ ਨਹੀਂ ਬਣਾਉਂਦੀ। ਪੁਰਅਮਨ ਇਕੱਠ, ਵਿਚਾਰ ਪ੍ਰਗਟਾਵੇ ਅਤੇ ਜਥੇਬੰਦੀ ਦੀ ਆਜ਼ਾਦੀ ਮਨੁੱਖੀ ਅਧਿਕਾਰਾਂ ਦਾ ਅਨਿੱਖੜਵਾਂ ਅੰਗ ਹੈ।

ਪੰਜਾਬ ਦੇ ਸਰੋਤ, ਸਿੱਖਿਆ ਅਤੇ ਜ਼ਮੀਨੀ ਸਵੈ-ਸ਼ਾਸਨ

ਸਵੈ-ਨਿਰਣੇ ਦੀ ਦਲੀਲ ਸਿਰਫ਼ ਅਮੂਰਤ ਸੰਕਲਪ ਨਹੀਂ ਹੈ; ਇਸ ਦਾ ਸਿੱਧਾ ਸੰਬੰਧ ਲੋਕਾਂ ਦੀ ਰੋਜ਼ੀ-ਰੋਟੀ, ਪਾਣੀ, ਵਾਤਾਵਰਣ ਅਤੇ ਸੱਭਿਆਚਾਰਕ ਹੋਂਦ ਨਾਲ ਹੈ:

ਦਰਿਆਈ ਪਾਣੀਆਂ ਦਾ ਵਿਵਾਦ: ਰਾਵੀ-ਬਿਆਸ ਦੇ ਪਾਣੀਆਂ ਦੀ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਵੰਡ ਪੰਜਾਬ ਦੇ ਵਾਤਾਵਰਣਕ ਭਵਿੱਖ ਅਤੇ ਸੰਘੀ ਨਿਰਪੱਖਤਾ 'ਤੇ ਵੱਡਾ ਸਵਾਲ ਖੜ੍ਹਾ ਕਰਦੀ ਹੈ।

ਖੇਤੀਬਾੜੀ ਅਤੇ ਐੱਮ.ਐੱਸ.ਪੀ. (MSP): ਤਿੰਨ ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਨੇ ਸਾਬਤ ਕੀਤਾ ਕਿ ਕੇਂਦਰੀਕਰਨ ਪੰਜਾਬ ਦੀ ਕਿਸਾਨੀ ਆਰਥਿਕਤਾ ਲਈ ਕਿੰਨਾ ਘਾਤਕ ਹੈ।

ਸਿੱਖਿਆ 'ਤੇ ਕੇਂਦਰੀ ਗਲਬਾ: ਪੰਜਾਬ ਯੂਨੀਵਰਸਿਟੀ ਸਮੇਤ ਵਿੱਦਿਅਕ ਅਦਾਰਿਆਂ ਵਿੱਚ ਨਵੀਂ ਸਿੱਖਿਆ ਨੀਤੀ (NEP) ਲਾਗੂ ਕਰਨ ਦੇ ਫ਼ੈਸਲੇ ਨਾਲ ਪੰਜਾਬੀ ਭਾਸ਼ਾ, ਸਿੱਖ ਅਧਿਐਨ ਅਤੇ ਯੂਨੀਵਰਸਿਟੀਆਂ ਦੀ ਅਕਾਦਮਿਕ ਖ਼ੁਦਮੁਖ਼ਤਿਆਰੀ ਨੂੰ ਖ਼ੋਰਾ ਲੱਗਣ ਦਾ ਖ਼ਦਸ਼ਾ ਹੈ। ਇਸ ਵਿੱਦਿਅਕ ਨਿਆਂ ਲਈ ਪੰਜਾਬ ਤੋਂ ਬਾਹਰ ਵੀ ਸਾਂਝੀ ਆਵਾਜ਼ ਉੱਠੀ ਹੈ। ਪ੍ਰੋਫ਼ੈਸਰ ਜਵਾਹਰ ਨੇਸਨ ਦੀ ਅਗਵਾਈ ਹੇਠ ਨੀਟ (NEET) ਅਤੇ ਐੱਨ.ਈ.ਪੀ. ਵਿਰੁੱਧ ਕੱਢੀ ਗਈ 2,300 ਕਿਲੋਮੀਟਰ ਦੀ ਸਾਈਕਲ ਰੈਲੀ ਅਤੇ ਐਡਵੋਕੇਟ ਸਰਦਾਰ ਜੀਵਨ ਸਿੰਘ (ਬਹੁਜਨ ਦ੍ਰਾਵਿੜ ਪਾਰਟੀ) ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗਤ-ਪੰਗਤ ਅਤੇ ਮੀਰੀ-ਪੀਰੀ ਸੰਕਲਪਾਂ ਤੋਂ ਪ੍ਰੇਰਿਤ ਸਿੱਖਿਆ ਦੀ ਵਕਾਲਤ ਇਹ ਦਰਸਾਉਂਦੀ ਹੈ ਕਿ ਸਿੱਖ ਦਰਸ਼ਨ ਸਮਾਜਿਕ ਬਰਾਬਰੀ ਦੇ ਵਿਆਪਕ ਅੰਦੋਲਨਾਂ ਨੂੰ ਕਿਵੇਂ ਸੇਧ ਦਿੰਦਾ ਹੈ।

ਭਰੋਸੇਯੋਗ ਜਮਹੂਰੀ ਪ੍ਰਕਿਰਿਆ: ਲੋਕ-ਰਾਏ (Referendum) ਦੀ ਲੋੜ

ਵਿਦੇਸ਼ਾਂ ਵਿੱਚ ਵਸਦੇ ਸਿੱਖਾਂ (ਡਾਇਸਪੋਰਾ) ਵੱਲੋਂ ਕਰਵਾਈ ਜਾਣ ਵਾਲੀ ਵੋਟਿੰਗ ਜਨਤਕ ਚੇਤਨਾ ਅਤੇ ਵਚਨਬੱਧਤਾ ਨੂੰ ਤਾਂ ਪ੍ਰਗਟ ਕਰਦੀ ਹੈ, ਪਰ ਇਹ ਸਮੁੱਚੇ ਪੰਜਾਬ ਦੀਆਂ ਅਸਲ ਤਰਜੀਹਾਂ ਦਾ ਅੰਤਿਮ ਫ਼ੈਸਲਾ ਨਹੀਂ ਕਰ ਸਕਦੀ।

ਇਸ ਲਈ ਇੱਕ ਅ

ਪੈਡਲਾਂ ਦੀ ਘੂਕਰ ਅਤੇ ਵਿਚਾਰਾਂ ਦੀ ਚਿਣਗ

ਕਰਮਕਾਂਡਾਂ ਤੋਂ ਮੁਕਤੀ ਵੱਲ ਸਰਦਾਰ ਜੀਵਨ ਸਿੰਘ ਅਤੇ ਸਾਥੀਆਂ ਦਾ ਇੱਕ ਦ੍ਰਿੜ੍ਹ ਕਦਮ

ਕਿਸੇ ਵੀ ਸਮਾਜ ਵਿੱਚ ਜਦੋਂ ਅੰਧਵਿਸ਼ਵਾਸਾਂ, ਜਾਤੀ ਵਖਰੇਵਿਆਂ ਅਤੇ ਪਿਛਾਂਹਖਿੱਚੂ ਕਰਮਕਾਂਡਾਂ ਨੂੰ 'ਸੱਭਿਆਚਾਰ' ਦਾ ਨਾਂ ਦੇ ਕੇ ਪਰੋਸਿਆ ਜਾਣ ਲੱਗੇ, ਤਾਂ ਉੱਥੇ ਤਰਕਸ਼ੀਲਤਾ ਅਤੇ ਮਨੁੱਖੀ ਆਜ਼ਾਦੀ ਦਮ ਤੋੜਨ ਲੱਗਦੀ ਹੈ। ਅਜੋਕੇ ਯੁੱਗ ਵਿੱਚ, ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਆਧੁਨਿਕ ਵਿਗਿਆਨ ਮਨੁੱਖੀ ਚੇਤਨਾ ਦੇ ਨਵੇਂ ਦਿਸਹੱਦੇ ਤੈਅ ਕਰ ਰਹੇ ਹਨ, ਸਾਡੇ ਦੇਸ਼ ਦੇ ਦੱਬੇ-ਕੁਚਲੇ ਤੇ ਹਾਸ਼ੀਏ 'ਤੇ ਧੱਕੇ ਵਰਗਾਂ ਦੇ ਨੌਜਵਾਨਾਂ ਨੂੰ ਭਾਵਨਾਤਮਕ ਭੀੜਾਂ ਵਿੱਚ ਬਦਲ ਕੇ ਸਿਆਸੀ ਤੇ ਧਾਰਮਿਕ ਗ਼ੁਲਾਮੀ ਦੇ ਜਾਲ ਵਿੱਚ ਫਸਾਉਣਾ ਬੇਹੱਦ ਚਿੰਤਾਜਨਕ ਵਰਤਾਰਾ ਹੈ। ਇਸੇ ਗ਼ੁਲਾਮੀ ਦੇ ਸੰਗਲਾਂ ਨੂੰ ਤੋੜਨ ਲਈ ਬਹੁਜਨ ਦ੍ਰਾਵਿੜ ਪਾਰਟੀ (BDP) ਵੱਲੋਂ ਵਿੱਢੀ ਗਈ 2,300 ਕਿਲੋਮੀਟਰ ਲੰਮੀ 'ਸਿੱਖਿਆ ਦਾ ਅਧਿਕਾਰ ਸਾਈਕਲ ਰੈਲੀ' ਸਿਰਫ਼ ਸਰੀਰਕ ਸਫ਼ਰ ਨਹੀਂ, ਸਗੋਂ ਲੋਕ-ਮਨਾਂ ਵਿੱਚ ਸਵਾਲ ਪੁੱਛਣ ਦੀ ਹਿੰਮਤ ਪੈਦਾ ਕਰਨ ਵਾਲੀ ਇੱਕ ਵਿਚਾਰਧਾਰਕ ਕ੍ਰਾਂਤੀ ਸੀ। ਕੰਨਿਆਕੁਮਾਰੀ ਤੋਂ ਮਦੁਰਾਈ ਤੱਕ ਦੇ ਇਸ 21 ਦਿਨਾਂ ਦੇ ਲੰਮੇ ਪੈਂਡੇ ਦੌਰਾਨ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨਰੀ ਰਾਹ 'ਤੇ ਚੱਲਦਿਆਂ ਇਹ ਹੋਕਾ ਦਿੱਤਾ ਗਿਆ ਹੈ ਕਿ ਜਦੋਂ ਤੱਕ ਨੌਜਵਾਨ ਕਰਮਕਾਂਡੀ ਪਖੰਡਾਂ ਦਾ ਤਿਆਗ ਕਰਕੇ ਵਿਗਿਆਨਕ ਸੋਚ, ਸੰਵਿਧਾਨਕ ਹੱਕਾਂ ਅਤੇ ਆਪਣੀ ਸਿਆਸੀ ਤਾਕਤ ਨੂੰ ਨਹੀਂ ਪਛਾਣਦੇ, ਉਦੋਂ ਤੱਕ ਸੱਚੀ ਸਮਾਜਿਕ ਬਰਾਬਰੀ ਇੱਕ ਸੁਪਨਾ ਹੀ ਰਹੇਗੀ। ਇਹ ਦਸਤਾਵੇਜ਼ ਸਿਰਫ਼ ਇੱਕ ਰੈਲੀ ਦਾ ਧੰਨਵਾਦ ਮਤਾ ਨਹੀਂ, ਸਗੋਂ ਹਰ ਉਸ ਨੌਜਵਾਨ ਲਈ ਇੱਕ ਜਾਗਰੂਕਤਾ ਦਾ ਮੈਨੀਫ਼ੈਸਟੋ ਹੈ ਜੋ 21ਵੀਂ ਸਦੀ ਵਿੱਚ ਆਪਣੇ ਸਵੈ-ਮਾਣ ਅਤੇ ਆਜ਼ਾਦ ਹੋਂਦ ਦੀ ਤਲਾਸ਼ ਵਿੱਚ ਹੈ। ਆਓ, ਇਸ ਲੇਖ ਨੂੰ ਡੂੰਘਾਈ ਨਾਲ ਵਿਚਾਰੀਏ ਅਤੇ ਸਮਝੀਏ ਕਿ ਪੈਡਲਾਂ ਦੀ ਹਰ ਫੇਰੀ ਪਿੱਛੇ ਦੱਬੇ-ਕੁਚਲੇ ਵਰਗਾਂ ਦੀ ਆਜ਼ਾਦੀ ਦਾ ਕਿਹੜਾ ਸੁਨੇਹਾ ਛੁਪਿਆ ਹੋਇਆ ਸੀ। -ਸਤਨਾਮ ਸਿੰਘ ਖਾਲਸਾ

ਅੰਧਵਿਸ਼ਵਾਸਾਂ ਦੀਆਂ ਜ਼ੰਜੀਰਾਂ ਤੋੜੋ, ਸਿੱਖਿਆ ਅਤੇ ਸਵੈ-ਮਾਣ ਦਾ ਪਰਚਮ ਲਹਿਰਾਓ !

ਸਦੀਆਂ ਦੇ ਬ੍ਰਾਹਮਣਵਾਦੀ ਗਲਬੇ ਵਿਰੁੱਧ 2,300 ਕਿਲੋਮੀਟਰ ਲੰਮੀ 'ਸਿੱਖਿਆ ਦਾ ਅਧਿਕਾਰ ਸਾਈਕਲ ਰੈਲੀ' ਦਾ ਸਿਆਸੀ ਤੇ ਵਿਚਾਰਧਾਰਕ ਹੋਕਾ

ਅੰਨ੍ਹੇ ਕਰਮਕਾਂਡਾਂ ਅਤੇ ਪਿਛਾਖੜੀ ਗੀਤਾਂ ਵਿੱਚ ਉਲਝਾਈ ਗਈ ਨੌਜਵਾਨੀ ਅਤੇ ਦੱਬੇ-ਕੁਚਲੇ ਲੋਕਾਂ ਦੀ ਮਾਨਸਿਕਤਾ ਨੂੰ ਇੱਕ ਅਜਿਹੇ ਸਾਚੇ ਵਿੱਚ ਢਾਲ ਦਿੱਤਾ ਗਿਆ ਹੈ, ਜਿੱਥੇ ਉਹ ਬੁਨਿਆਦੀ ਸਵਾਲ ਪੁੱਛਣ ਦੀ ਸਮਰੱਥਾ ਵੀ ਗੁਆ ਬੈਠਦੇ ਹਨ ਕਿ—'ਅਸੀਂ ਇਹ ਕਿਉਂ ਕਰ ਰਹੇ ਹਾਂ? ਇਸ ਦਾ ਮਕਸਦ ਕੀ ਹੈ ਅਤੇ ਇਸ ਨਾਲ ਕਿਸ ਵਰਗ ਦਾ ਸਵਾਰਥ ਸਿੱਧ ਹੁੰਦਾ ਹੈ?' ਖ਼ੁਦਮੁਖ਼ਤਿਆਰ ਹੋ ਕੇ ਸੋਚਣ ਅਤੇ ਤਰਕ ਦੀ ਕਸਵੱਟੀ 'ਤੇ ਪਰਖਣ ਲਈ ਪ੍ਰੇਰਿਤ ਕਰਨ ਦੀ ਬਜਾਏ, ਸੱਤਾਧਾਰੀ ਢਾਂਚੇ ਨੇ ਸਾਡੇ ਨੌਜਵਾਨਾਂ ਨੂੰ ਮਹਿਜ਼ ਸੌਂਪੇ ਗਏ ਫ਼ਰਮਾਨਾਂ ਦੀ ਬਿਨਾਂ ਸਵਾਲ ਪਾਲਣਾ ਕਰਨ ਵਾਲੇ ਆਗਿਆਕਾਰੀ ਕਾਰਜਕਰਤਾ ਬਣਾ ਕੇ ਰੱਖ ਦਿੱਤਾ ਹੈ।

'ਬੱਚਿਆਂ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਅਹਿਮ ਹਨ' ਦੇ ਇਨਕਲਾਬੀ ਸੱਦੇ ਹੇਠ 21 ਦਿਨਾਂ ਦੌਰਾਨ ਸਫ਼ਲਤਾਪੂਰਵਕ ਮੁਕੰਮਲ ਹੋਈ ਸਾਡੀ 2,300 ਕਿਲੋਮੀਟਰ ਲੰਮੀ ਸਾਈਕਲ ਰੈਲੀ ਦੀ ਅਸਲ ਜਿੱਤ ਲੋਕਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਉਨ੍ਹਾਂ ਅੰਦਰ ਸੋਚਣ-ਸਮਝਣ ਦੀ ਚਿਣਗ ਬਾਲਣ ਵਿੱਚ ਰਹੀ ਹੈ। ਪ੍ਰੋਫ਼ੈਸਰ ਡਾ. ਜਵਾਹਰ ਨੇਸਨ, ਜ਼ਮੀਨੀ ਪੱਧਰ ਦੇ ਲੋਕ-ਪੱਖੀ ਚਿੰਤਕਾਂ ਅਤੇ ਸਮਰਪਿਤ ਕਾਰਕੁੰਨਾਂ ਦੇ ਵਿਚਾਰਾਂ ਰਾਹੀਂ ਅਸੀਂ ਪਿੰਡ-ਪਿੰਡ ਤੇ ਨਗਰ-ਨਗਰ ਜਾ ਕੇ ਹਜ਼ਾਰਾਂ ਲੋਕਾਂ ਦੇ ਮਨਾਂ ਵਿੱਚ ਵਿਗਿਆਨਕ ਅਤੇ ਆਲੋਚਨਾਤਮਕ ਸੋਚ ਦਾ ਬੀਜ ਬੀਜਿਆ ਹੈ।

ਅਸਲ ਸਮਾਜਿਕ ਤਬਦੀਲੀ ਉਦੋਂ ਤੱਕ ਸੰਭਵ ਨਹੀਂ ਹੋ ਸਕਦੀ ਜਦੋਂ ਤੱਕ ਮਿਹਨਤਕਸ਼ ਲੋਕ ਆਪਣੀ ਸਰੀਰਕ ਮਿਹਨਤ, ਸਮਾਂ ਅਤੇ ਵਡਮੁੱਲੇ ਆਰਥਿਕ ਵਸੀਲੇ ਬਰਬਾਦ ਕਰਨ ਵਾਲੇ ਧਾਰਮਿਕ ਪਖੰਡਾਂ ਦਾ ਤਿਆਗ ਕਰਕੇ ਵਿਗਿਆਨਕ ਸੋਚ, ਸੰਵਿਧਾਨਕ ਹੱਕਾਂ ਅਤੇ ਜਮਹੂਰੀ ਕਦਰਾਂ-ਕੀਮਤਾਂ 'ਤੇ ਆਧਾਰਿਤ ਸਿੱਖਿਆ ਵੱਲ ਕਦਮ ਨਹੀਂ ਵਧਾਉਂਦੇ।

ਮੁਹਿੰਮ ਅਤੇ ਸਿਆਸੀ ਸੰਘਰਸ਼ ਦੇ ਮੁੱਖ ਤੱਥ

ਮੁਹਿੰਮ ਦਾ ਨਾਂ : ਸਿੱਖਿਆ ਦਾ ਅਧਿਕਾਰ ਸਾਈਕਲ ਰੈਲੀ (Right to Education Cycle Rally)

ਮੁੱਖ ਨਾਅਰਾ : 'ਬੱਚਿਆਂ ਅਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਅਹਿਮ ਹਨ'

ਕੁੱਲ ਪੈਂਡਾ ਤੇ ਸਮਾਂ : 2,300 ਕਿਲੋਮੀਟਰ (21 ਦਿਨਾਂ ਦਾ ਨਿਰੰਤਰ ਜਨਤਕ ਸਫ਼ਰ)

ਮੁੱਖ ਬੁਲਾਰੇ ਤੇ ਅਗਵਾਈ : ਪ੍ਰੋ. ਡਾ. ਜਵਾਹਰ ਨੇਸਨ, ਸਰਦਾਰ ਜੀਵਨ ਸਿੰਘ ਤਾਮਿਲ (ਕੌਮੀ ਪ੍ਰਧਾਨ, BDP)

ਕਵਰ ਕੀਤੇ ਮੁੱਖ ਜ਼ਿਲ੍ਹੇ : ਕੰਨਿਆਕੁਮਾਰੀ, ਤਿਰੂਨੇਲਵੇਲੀ, ਥੂਥੂਕੁਡੀ, ਤੇਨਕਾਸੀ, ਵਿਰੁਧੂਨਗਰ, ਥੇਨੀ ਅਤੇ ਮਦੁਰਾਈ

ਸਹਿਯੋਗੀ ਧਿਰਾਂ : ਬਹੁਜਨ ਦ੍ਰਾਵਿੜ ਪਾਰਟੀ (BDP), ਦ੍ਰਾਵਿੜ ਐਂਪਲਾਈਜ਼ ਨੈੱਟਵਰਕ, ਖੱਬੇ-ਪੱਖੀ ਵਿਦਿਆਰਥੀ ਲਹਿਰਾਂ

ਕੇਂਦਰੀ ਨਿਸ਼ਾਨਾ : ਬ੍ਰਾਹਮਣਵਾਦੀ ਗਲਬੇ ਦਾ ਖ਼ਾਤਮਾ, ਜਾਤੀ ਵਿਤਕਰੇ ਵਿਰੁੱਧ ਲਾਮਬੰਦੀ, ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ 'ਚ ਆਧੁਨਿਕ ਸਿੱਖਿਆ

ਜਜ਼ਬਾਤੀ ਭੀੜ ਬਣਾਉਣ ਦੀਆਂ ਚਾਲਾਂ ਅਤੇ ਸਿਆਸੀ ਸੁਚੇਤਨਾ : ਸੱਤਾਧਾਰੀ ਅਤੇ ਗਲਬੇ ਵਾਲੀ ਰਾਜਨੀਤੀ ਦਾ ਸਭ ਤੋਂ ਵੱਡਾ ਹਥਿਆਰ ਭੇਸ ਧਾਰ ਕੇ ਦਿਨ-ਰਾਤ ਇੱਕ ਕਰ ਸਕਦੇ ਹਨ, ਤਾਂ ਕੀ ਉਨ੍ਹਾਂ ਨੂੰ ਆਪਣੀ ਸਮਾਜਿਕ ਮੁਕਤੀ, ਵਿਦਿਅਕ ਬਰਾਬਰੀ ਅਤੇ ਸਿਆਸੀ ਹੱਕਾਂ ਲਈ ਇਸੇ ਦ੍ਰਿੜ੍ਹਤਾ ਨਾਲ ਲਾਮਬੰਦ ਨਹੀਂ ਹੋਣਾ ਚਾਹੀਦਾ? ਜਦੋਂ ਲੋਕ ਆਪਣੀ ਤਰਕਸ਼ੀਲਤਾ ਅਤੇ ਸੁਤੰਤਰ ਸੋਚ ਪਿਛਾਖੜੀ ਸੱਤਾ ਅੱਗੇ ਗਹਿਣੇ ਧਰ ਦਿੰਦੇ ਹਨ, ਤਾਂ ਉਹ ਉਸ ਗ਼ੁਲਾਮੀ ਨੂੰ ਵੀ ਆਪਣੀ ਕਿਸਮਤ ਮੰਨਣ ਲੱਗਦੇ ਹਨ। ਨਤੀਜੇ ਵਜੋਂ, ਉਹ ਆਪਣੀ ਹੀ ਹੱਡ-ਭੰਨਵੀਂ ਕਮਾਈ ਅਤੇ ਜਜ਼ਬਾਤ ਉਨ੍ਹਾਂ ਸੰਸਥਾਵਾਂ ਦੇ ਹਵਾਲੇ ਕਰ ਦਿੰਦੇ ਹਨ ਜੋ ਉਨ੍ਹਾਂ ਦਾ ਹੀ ਸ਼ੋਸ਼ਣ ਕਰਨ ਲਈ ਬਣਾਈਆਂ ਗਈਆਂ ਹਨ।

ਨੌਜਵਾਨਾਂ ਦੀ ਬੇਥਾਹ ਊਰਜਾ ਨੂੰ ਬਿਨਾਂ ਕਿਸੇ ਟੀਚੇ ਦੇ ਮਹਿਜ਼ ਆਰਜ਼ੀ ਮਨੋਰੰਜਨ, ਨੱਚਣ-ਗਾਉਣ ਅਤੇ ਸ਼ੋਰ-ਸ਼ਰਾਬੇ ਵਿੱਚ ਅਜਾਈਂ ਗਵਾਉਣਾ ਸਿੱਧੇ ਤੌਰ 'ਤੇ ਮੌਜੂਦਾ ਜਾਤੀਵਾਦੀ ਢਾਂਚੇ ਨੂੰ ਮਜ਼ਬੂਤ ਕਰਦਾ ਹੈ। ਜਦੋਂ ਤੱਕ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਈਚਾਰੇ ਆਪਣੀ ਮੁਕਤੀ ਦੀ ਵਿਚਾਰਧਾਰਾ ਦੀ ਪਛਾਣ ਕਰਕੇ ਸਿਧਾਂਤਕ ਆਧਾਰ 'ਤੇ ਲਾਮਬੰਦ ਨਹੀਂ ਹੁੰਦੇ, ਉਦੋਂ ਤੱਕ ਜ਼ਮੀਨੀ ਇਨਕਲਾਬ ਕਦੇ ਸੰਭਵ ਨਹੀਂ ਹੋਵੇਗਾ।

ਭਗਤੀ ਦੇ ਨਾਂ 'ਤੇ ਸੱਭਿਆਚਾਰਕ ਗ਼ੁਲਾਮੀ ਅਤੇ ਆਰਥਿਕ ਲੁੱਟ : ਭਗਤੀ ਅਤੇ ਆਸਥਾ ਦੀ ਆੜ ਹੇਠ ਮਨੁੱਖ ਤੋਂ ਉਸ ਦਾ ਸਵੈ-ਮਾਣ, ਸਵੈ-ਵਿਸ਼ਵਾਸ ਅਤੇ ਮਨੁੱਖੀ ਸਨਮਾਨ ਖੋਹ ਲੈਣਾ ਹੀ ਸੱਭਿਆਚਾਰਕ ਗਲਬੇ ਦਾ ਮੁੱਖ ਧੁਰਾ ਹੈ:

ਸੁੱਖਣਾ ਦਾ ਪਖੰਡ: 'ਮੇਰੀ ਮਾਂ ਨੇ ਸੁੱਖਣਾ ਸੁੱਖੀ ਸੀ' ਜਾਂ 'ਮੇਰੀ ਪਤਨੀ ਨੇ ਮੰਨਤ ਮੰਗੀ ਸੀ' ਵਰਗੇ ਵਹਿਮਾਂ-ਭਰਮਾਂ ਵਿੱਚ ਫਸਾ ਕੇ ਗ਼ਰੀਬ ਪਰਿਵਾਰਾਂ ਤੋਂ ਉਨ੍ਹਾਂ ਦੀ ਸਿਹਤ, ਕੀਮਤੀ ਸਮਾਂ ਅਤੇ ਸੀਮਤ ਆਰਥਿਕ ਵਸੀਲੇ ਖੋਹ ਲੈਣਾ ਮਾਨਸਿਕ ਗ਼ੁਲਾਮੀ ਦੀ ਸਭ ਤੋਂ ਘਿਣਾਉਣੀ ਮਿਸਾਲ ਹੈ।

ਸੱਚੇ ਸੱਭਿਆਚਾਰ ਦੀ ਪਰਿਭਾਸ਼ਾ: ਕਿਸੇ ਵੀ ਜਿਊਂਦੇ-ਜਾਗਦੇ ਸਮਾਜ ਦਾ ਸੱਭਿਆਚਾਰ ਬਰਾਬਰੀ, ਸਵੈ-ਮਾਣ, ਮਾਨਵਤਾ, ਵਿਗਿਆਨਕ ਸੋਚ ਅਤੇ ਕੁਦਰਤ ਨਾਲ ਇਕਸੁਰਤਾ 'ਤੇ ਟਿਕਿਆ ਹੋਣਾ ਚਾਹੀਦਾ ਹੈ। ਮਨੁੱਖੀ ਬੁੱਧੀ ਨੂੰ ਸੁੰਨ ਕਰਨ ਵਾਲੇ ਗ੍ਰੰਥ ਅਤੇ ਪਿਛਾਂਹਖਿੱਚੂ ਕਰਮਕਾਂਡ ਮਿਹਨਤਕਸ਼ ਲੋਕਾਂ ਨੂੰ ਗ਼ਰੀਬੀ ਦੇ ਚਿੱਕੜ ਵਿੱਚ ਹੀ ਧੱਕਦੇ ਹਨ।

21ਵੀਂ ਸਦੀ ਦਾ ਵਿਗਿਆਨਕ ਯੁੱਗ: ਅੱਜ ਦੁਨੀਆ ਆਰਟੀਫੀਸ਼ੀਅਲ ਇੰਟੈਲੀਜੈਂਸ (AI), ਡਿਜੀਟਲ ਤਕਨਾਲੋਜੀ ਅਤੇ ਗਿਆਨ ਦੇ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕੀ ਹੈ। ਆਉਣ ਵਾਲੇ ਸਮੇਂ ਵਿੱਚ ਤਰਕ, ਰਚਨਾਤਮਕਤਾ ਅਤੇ ਨਵੀਨਤਮ ਗਿਆਨ ਹੀ ਸਭ ਤੋਂ ਵੱਡੀ ਪੂੰਜੀ ਸਾਬਤ ਹੋਣਗੇ। ਤਿਉਹਾਰਾਂ 'ਤੇ ਭੇਸ ਧਾਰ ਕੇ ਪਿੰਡ-ਪਿੰਡ ਤੋਂ ਪੈਸੇ ਮੰਗਣੇ ਅਤੇ ਬੈਂਡ-ਵਾਜਿਆਂ 'ਤੇ ਉਡਾਉਣੇ ਕਿਸੇ ਵੀ ਭਾਈਚਾਰੇ ਦੀ ਆਰਥਿਕ ਤੰਗਹਾਲੀ ਦਾ ਹੱਲ ਨਹੀਂ ਹੋ ਸਕਦੇ।

ਕਾਂਸ਼ੀ ਰਾਮ ਦੇ ਮਿਸ਼ਨਰੀ ਰਾਹ 'ਤੇ ਅੱਗੇ ਵਧਣ ਦਾ ਸੰਕਲਪ : ਮਾਨਯੋਗ ਸਾਹਿਬ ਕਾਂਸ਼ੀ ਰਾਮ ਜੀ ਦੇ ਕ੍ਰਾਂਤੀਕਾਰੀ ਸਿਧਾਂਤਾਂ ਤੋਂ ਪ੍ਰੇਰਨਾ ਲੈਂਦਿਆਂ ਬਹੁਜਨ ਦ੍ਰਾਵਿੜ ਪਾਰਟੀ ਦੇ ਜਾਂਬਾਜ਼ ਕਾਡਰਾਂ ਨੇ ਇਸ 2,300 ਕਿਲੋਮੀਟਰ ਦੇ ਸਫ਼ਰ ਦੌਰਾਨ ਪਿੰਡ-ਪਿੰਡ ਜਾ ਕੇ ਵਿਚਾਰਾਂ ਦਾ ਜੋ ਬੀਜ ਬੋਇਆ ਹੈ, ਉਹ ਆਉਣ ਵਾਲੇ ਸਮੇਂ ਵਿੱਚ ਸਮਾਜਿਕ, ਆਰਥਿਕ ਅਤੇ ਸਿਆਸੀ ਇਨਕਲਾਬ ਦਾ ਵਿਸ਼ਾਲ ਰੁੱਖ ਬਣੇਗਾ:

ਜਦੋਂ ਲੋਕ ਸੋਚਣਾ ਸ਼ੁਰੂ ਕਰਦੇ ਹਨ, ਤਾਂ ਸਵਾਲ ਜਨਮ ਲੈਂਦੇ ਹਨ।

ਜਦੋਂ ਸਵਾਲ ਉੱਠਦੇ ਹਨ, ਤਾਂ ਚੇਤਨਾ ਪੈਦਾ ਹੁੰਦੀ ਹੈ।

ਜਦੋਂ ਚੇਤਨਾ ਜਥੇਬੰਦਕ ਰੂਪ ਧਾਰਦੀ ਹੈ, ਤਾਂ ਸਿਆਸੀ ਤਾਕਤ ਬਣਦੀ ਹੈ।

ਅਤੇ ਉਹੀ ਸਿਆਸੀ ਤਾਕਤ ਦੱਬੇ-ਕੁਚਲੇ ਲੋਕਾਂ ਦੀ ਮੁਕੰਮਲ ਮੁਕਤੀ ਦਾ ਰਾਹ ਖੋਲ੍ਹਦੀ ਹੈ।

ਧੰਨਵਾਦ ਮਤਾ : ਅਸੀਂ ਬਹੁਜਨ ਦ੍ਰਾਵਿੜ ਪਾਰਟੀ (BDP) ਦੇ ਸਮਰਪਿਤ ਵਰਕਰਾਂ, ਖੱਬੇ-ਪੱਖੀ ਵਿਦਿਆਰਥੀ ਲਹਿਰਾਂ ਦੇ ਸਾਥੀਆਂ ਅਤੇ ਕੰਨਿਆਕੁਮਾਰੀ ਤੋਂ ਲੈ ਕੇ ਮਦੁਰਾਈ ਤੱਕ ਰੈਲੀ ਦਾ ਸਵਾਗਤ ਕਰਨ ਵਾਲੀਆਂ ਸਮੂਹ ਅਗਾਂਹਵਧੂ ਜਥੇਬੰਦੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਵਿਸ਼ੇਸ਼ ਤੌਰ 'ਤੇ ਤਾਮਿਲਨਾਡੂ ਭਰ ਵਿੱਚ ਕਾਰਜਸ਼ੀਲ 'ਦ੍ਰਾਵਿੜ ਐਂਪਲਾਈਜ਼ ਨੈੱਟਵਰਕ' ਦੇ ਸਮੂਹ ਮੈਂਬਰਾਂ ਅਤੇ ਕੇਰਲ ਸੂਬੇ ਦੇ 'ਦ੍ਰਾਵਿੜ ਐਂਪਲਾਈਜ਼ ਨੈੱਟਵਰਕ' ਦੇ ਪ੍ਰਧਾਨ ਸ਼੍ਰੀ ਪ੍ਰਸ਼ਾਂਤ ਦਾ ਉਚੇਚਾ ਧੰਨਵਾਦ, ਜਿਨ੍ਹਾਂ ਦਾ ਅਟੁੱਟ ਸਹਿਯੋਗ ਸਾਡੇ ਹੌਸਲਿਆਂ ਨੂੰ ਹੋਰ ਬਲ ਬਖ਼ਸ਼ਦਾ ਹੈ।

ਇਹ ਸਾਈਕਲ ਰੈਲੀ ਭਾਵੇਂ ਸੰਪੰਨ ਹੋ ਗਈ ਹੈ, ਪਰ ਚੇਤਨਾ ਅਤੇ ਵਿਚਾਰਾਂ ਦਾ ਇਹ ਕਾਫ਼ਲਾ ਕਦੇ ਨਹੀਂ ਰੁਕੇਗਾ। ਜਾਤ-ਪਾਤ ਦੇ ਖ਼ਾਤਮੇ, ਸਿੱਖਿਆ ਦੇ ਹੱਕ, ਸਵੈ-ਮਾਣ ਅਤੇ ਸਿਆਸੀ ਸੱਤਾ ਦੀ ਪ੍ਰਾਪਤੀ ਤੱਕ ਇਹ ਸੰਘਰਸ਼ ਨਿਰੰਤਰ ਜਾਰੀ ਰਹੇਗਾ।

ਸਾਡਾ ਸਾਂਝਾ ਨਾਅਰਾ ਤੇ ਮਿਸ਼ਨ

ਸਿੱਖਿਆ ਸਾਡਾ ਹੱਕ ਹੈ!

ਸਵੈ-ਮਾਣ ਸਾਡੀ ਪਛਾਣ ਹੈ!

ਸਿਆਸੀ ਸੱਤਾ ਸਾਡਾ ਮਕਸਦ ਹੈ!

ਸਮਾਜਿਕ ਬਰਾਬਰੀ ਅਤੇ ਆਰਥਿਕ ਮੁਕਤੀ ਸਾਡਾ ਅੰਤਿਮ ਟੀਚਾ ਹੈ!

ਕਾਂਸ਼ੀ ਰਾਮ ਜੀ ਦੇ ਮਿਸ਼ਨ ਵਿੱਚ ਸਮਰਪਿਤ,

ਸਰਦਾਰ ਜੀਵਨ ਸਿੰਘ ਤਾਮਿਲ
ਕੌਮੀ ਪ੍ਰਧਾਨ, ਬਹੁਜਨ ਦ੍ਰਾਵਿੜ ਪਾਰਟੀ (BDP),
ਨਵੀਂ ਦਿੱਲੀ
ਸੰਪਰਕ: +91 9442608416

ਲਾਇਲਪੁਰ ਤੋਂ ਵਿਸ਼ਵ ਮੰਚ ਤੱਕ: ਗਿਆਨ, ਦਲੇਰੀ ਅਤੇ ਦਇਆ ਦੀ ਇੱਕ ਅਮਰ ਵਿਰਾਸਤ

ਸਿਰੜ, ਵਿੱਦਿਆ ਅਤੇ ਸੇਵਾ ਦਾ ਸੂਰਜ : ਪ੍ਰੋ.ਫ਼ੈਸਰ ਡਾ. ਰਣਬੀਰ ਸਿੰਘ ਸੰਧੂ

19 ਜਨਵਰੀ, 1928 - 23 ਸਤੰਬਰ, 2026

ਪੰਥ ਦਾ ਇਕ ਹੋਰ ਮਹਾਨ ਵਿਦਵਾਨ ਪੰਥਦਰਦੀ ਚਲਾ ਗਿਆ

ਵਿਦਵਾਨ, ਅਧਿਆਪਕ, ਪਤੀ, ਪਿਤਾ, ਅਤੇ ਮਾਨਵਤਾ ਦੇ ਸੇਵਕ

ਪ੍ਰੋ.ਫ਼ੈਸਰ ਰਣਬੀਰ ਸਿੰਘ ਸੰਧੂ ਦਾ ਜਨਮ ਲਾਇਲਪੁਰ (ਪੰਜਾਬ) ਵਿਖੇ ਸਰਦਾਰ ਪ੍ਰਤਾਪ ਸਿੰਘ ਸੰਧੂ ਅਤੇ ਸਰਦਾਰਨੀ ਹਰਨਾਮ ਕੌਰ ਸੰਧੂ (ਬਾਜਵਾ) ਦੇ ਅੱਠ ਬੱਚਿਆਂ ਵਿੱਚੋਂ ਸੱਤਵੇਂ ਬੱਚੇ ਵਜੋਂ ਹੋਇਆ ਸੀ। ਇੱਕ ਅਸਾਧਾਰਨ ਪ੍ਰਤਿਭਾ ਅਤੇ ਗਜ਼ਬ ਦੀ ਯਾਦਦਾਸ਼ਤ ਦੇ ਮਾਲਕ ਹੋਣ ਸਦਕਾ, ਉਹਨਾਂ ਨੇ ਪੰਜਾਬੀ, ਉਰਦੂ, ਸੰਸਕ੍ਰਿਤ ਅਤੇ ਛੇ ਹੋਰ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕੀਤੀ।

ਚੌਦਾਂ ਸਾਲ ਦੀ ਉਮਰ ਵਿੱਚ, ਉਹਨਾਂ ਨੂੰ ਇੰਜੀਨੀਅਰਿੰਗ ਕਾਲਜ ਵਿੱਚ ਦਾਖ਼ਲਾ ਮਿਲ ਗਿਆ ਅਤੇ ਉਹ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਸ਼ਾਮਲ ਹੋ ਗਏ। ਦੇਸ਼ ਦੀ ਵੰਡ ਦੌਰਾਨ, ਉਹਨਾਂ ਨੇ ਲਾਹੌਰ ਵਿੱਚ ਆਪਣੇ ਜਮਾਤੀਆਂ ਦੀ ਸੁਰੱਖਿਆ ਲਈ ਯਤਨ ਕੀਤੇ, ਜਿੱਥੇ ਉਹਨਾਂ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਮਰਿਆ ਸਮਝ ਕੇ ਛੱਡ ਦਿੱਤਾ ਗਿਆ। ਬਾਅਦ ਵਿੱਚ ਇੱਕ ਗ੍ਰੰਥੀ ਸਿੰਘ ਨੇ ਲਾਸ਼ਾਂ ਵਾਲੀ ਰੇਹੜੀ ਉੱਤੇ ਉਹਨਾਂ ਨੂੰ ਹਿੱਲਦੇ ਵੇਖਿਆ ਅਤੇ ਉਹਨਾਂ ਦੀ ਜਾਨ ਬਚਾਈ। ਉਜਾੜੇ, ਬਿਮਾਰੀ ਅਤੇ ਮੁਸ਼ਕਲਾਂ ਦੇ ਬਾਵਜੂਦ, ਉਹਨਾਂ ਨੇ 1949 ਵਿੱਚ ਆਪਣੀ ਇੰਜੀਨੀਅਰਿੰਗ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਅਤੇ ਪੂਰੇ ਸੂਬੇ ਵਿੱਚ ਸਭ ਤੋਂ ਵੱਧ ਅੰਕ ਹਾਸਲ ਕਰਕੇ ਗ੍ਰੈਜੂਏਸ਼ਨ ਮੁਕੰਮਲ ਕੀਤੀ।

ਉਹਨਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਸਿੰਚਾਈ ਵਿਭਾਗ ਤੋਂ ਕੀਤੀ, ਜਿੱਥੇ ਉਹਨਾਂ ਨੇ ਭਾਖੜਾ ਡੈਮ ਦੇ ਡਿਜ਼ਾਈਨ ਅਤੇ ਉਸਾਰੀ ਵਿੱਚ ਸਹਿਯੋਗ ਦਿੱਤਾ। ਉਹਨਾਂ ਦੀ ਨਵੀਂ ਸੋਚ ਅਤੇ ਖੋਜੀ ਬਿਰਤੀ ਨੇ ਉਹਨਾਂ ਨੂੰ ਇੱਕ ਭਰੋਸੇਯੋਗ ਸਮੱਸਿਆ-ਹੱਲਕਰਤਾ ਬਣਾ ਦਿੱਤਾ। ਪਿਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ, ਉਹਨਾਂ ਨੇ ਆਪਣੀ ਮਾਤਾ, ਭੈਣ ਅਤੇ ਗੰਭੀਰ ਬਿਮਾਰ ਭਰਾ ਦੀ ਦੇਖਭਾਲ ਲਈ ਆਪਣੇ ਕੈਰੀਅਰ ਦੀ ਕੁਰਬਾਨੀ ਦੇਣ ਦੀ ਪੇਸ਼ਕਸ਼ ਕੀਤੀ। ਹਾਲਾਂਕਿ, ਸੀਨੀਅਰ ਸਹਿਯੋਗੀਆਂ ਨੇ ਨਵੇਂ ਬਣ ਰਹੇ ਰਾਸ਼ਟਰ ਦੇ ਪ੍ਰੋਜੈਕਟਾਂ ਵਿੱਚ ਉਹਨਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਪਛਾਣਦੇ ਹੋਏ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ।

1957 ਵਿੱਚ, ਉਹਨਾਂ ਦਾ ਵਿਆਹ ਸੁਰਿੰਦਰ ਕੌਰ ਸਰਕਾਰੀਆ ਨਾਲ ਹੋਇਆ, ਜੋ ਉਹਨਾਂ ਦੀ ਸਭ ਤੋਂ ਚੰਗੀ ਦੋਸਤ ਅਤੇ ਜੀਵਨ ਸਾਥਣ ਸਨ। ਉਹਨਾਂ ਨੇ ਕਿਹਾ ਸੀ, 'ਉਸ ਨੇ ਮੈਨੂੰ ਸੱਭਿਅਕ ਬਣਾਇਆ ਅਤੇ ਮੇਰੇ ਧਰਮ ਨਾਲ ਮੁੜ ਜੋੜਿਆ' ਅਤੇ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਉਹਨਾਂ ਦੇ ਵਿਆਹ ਦੀ ਸਫ਼ਲਤਾ ਦਾ ਰਾਜ਼ ਕੀ ਹੈ, ਤਾਂ ਉਹਨਾਂ ਦਾ ਜਵਾਬ ਸੀ, 'ਮੈਂ ਉਸ ਨੂੰ ਪਿਆਰ ਕਰਦਾ ਹਾਂ।'

ਕਾਮਨਵੈਲਥ ਸਕਾਲਰਸ਼ਿਪ ਰਾਹੀਂ ਉਹ ਆਪਣੇ ਵਧ ਰਹੇ ਪਰਿਵਾਰ ਸਮੇਤ ਮਾਸਟਰਜ਼ ਦੀ ਡਿਗਰੀ ਲਈ ਸ਼ੈਫੀਲਡ (ਇੰਗਲੈਂਡ) ਚਲੇ ਗਏ। ਉਹਨਾਂ ਨੇ 1968 ਵਿੱਚ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਆਪਣੀ ਪੀਐੱਚ.ਡੀ. (PhD) ਪੂਰੀ ਕੀਤੀ। ਫਿਰ ਸ਼ਿਕਾਗੋ ਵਿੱਚ ਹਾਰਜ਼ਾ ਇੰਜੀਨੀਅਰਿੰਗ ਨਾਲ ਜੁੜੇ, ਜਿੱਥੇ ਉਹਨਾਂ ਨੇ ਡੈਮਾਂ ਅਤੇ ਫਾਈਨਾਈਟ ਐਲੀਮੈਂਟ ਵਿਧੀ (finite element method) ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਕੀਤੀ। ਖੋਜ ਅਤੇ ਅਧਿਆਪਨ ਉਹਨਾਂ ਦਾ ਅਸਲ ਸ਼ੌਕ ਰਹੇ ਅਤੇ 1969 ਵਿੱਚ ਉਹ 'ਦ ਓਹੀਓ ਸਟੇਟ ਯੂਨੀਵਰਸਿਟੀ' ਵਿੱਚ ਸ਼ਾਮਲ ਹੋਏ, ਜਿੱਥੇ ਉਹਨਾਂ ਨੇ 1995 ਤੱਕ ਪੜ੍ਹਾਇਆ ਅਤੇ ਆਪਣੀ ਖੋਜ ਤੇ ਉੱਤਮ ਅਧਿਆਪਨ ਲਈ ਵਿਸ਼ੇਸ਼ ਮਾਣ-ਸਨਮਾਨ ਪ੍ਰਾਪਤ ਕੀਤਾ। ਉਹਨਾਂ ਦੇ ਇੱਕ ਸਾਬਕਾ ਵਿਦਿਆਰਥੀ ਟੌਮ ਇਰਵਿਨ ਨੇ ਉਹਨਾਂ ਦੇ ਸਨਮਾਨ ਵਿੱਚ ਇੱਕ ਐਂਡੌਮੈਂਟ (ਫੰਡ) ਦੀ ਸਥਾਪਨਾ ਕੀਤੀ।

ਡਾ. ਸੰਧੂ ਆਪਣੇ ਵਿਦਿਆਰਥੀਆਂ ਨੂੰ ਆਪਣੇ ਬੱਚਿਆਂ ਵਾਂਗ ਸਮਝਦੇ ਸਨ। ਉਹ ਅੰਡਰ-ਗ੍ਰੈਜੂਏਟ ਜਮਾਤਾਂ ਵਿੱਚ ਵੀ ਉੱਚ ਪੱਧਰੀ ਸਿਧਾਂਤ ਪੜ੍ਹਾਉਂਦੇ ਸਨ, ਖੋਜ ਅਤੇ ਪੋਸਟ-ਗ੍ਰੈਜੂਏਟ ਪੜ੍ਹਾਈ ਦੇ ਦਰਵਾਜ਼ੇ ਖੋਲ੍ਹਦੇ ਸਨ, ਇੰਜੀਨੀਅਰਿੰਗ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਦੇ ਸਨ ਅਤੇ ਘੱਟ ਗਿਣਤੀ ਵਿਦਿਆਰਥੀਆਂ ਲਈ ਮਾਰਗਦਰਸ਼ਨ ਸਥਾਪਤ ਕਰਨ ਵਿੱਚ ਸਹਿਯੋਗ ਦਿੰਦੇ ਸਨ।

ਉਹਨਾਂ ਦਾ ਪਰਿਵਾਰ ਮਜ਼ਾਕ ਵਿੱਚ ਕਹਿੰਦਾ ਸੀ ਕਿ ਉਹ 48-ਮਿੰਟਾਂ ਦੇ ਅੰਤਰਾਲ ਵਿੱਚ ਹੀ ਗੱਲਬਾਤ ਕਰਦੇ ਸਨ—ਜੋ ਕਿ ਓਹੀਓ ਸਟੇਟ ਵਿੱਚ ਇੱਕ ਕਲਾਸ ਦਾ ਸਮਾਂ ਹੁੰਦਾ ਸੀ। ਇੱਥੋਂ ਤੱਕ ਕਿ ਸਕੂਲ ਜਾਣ ਦਾ ਸਫ਼ਰ ਵੀ ਗਣਿਤ, ਵਿਗਿਆਨ ਜਾਂ ਉਸ ਸਮੇਂ ਉਹਨਾਂ ਦੇ ਮਨ ਵਿੱਚ ਚੱਲ ਰਹੇ ਕਿਸੇ ਵੀ ਵਿਸ਼ੇ ਦੀ ਸਿੱਖਿਆ ਬਣ ਜਾਂਦਾ ਸੀ।

ਧਾਰਮਿਕ ਸ਼ਰਧਾ ਨੇ ਉਹਨਾਂ ਦੀ ਦਇਆ-ਭਾਵਨਾ, ਸਮਾਜਿਕ ਚੇਤਨਾ ਅਤੇ ਮਹਿਮਾਨ-ਨਵਾਜ਼ੀ ਨੂੰ ਹੋਰ ਗੂੜ੍ਹਾ ਕੀਤਾ। ਉਹਨਾਂ ਨੇ ਅਤੇ ਉਹਨਾਂ ਦੀ ਧਰਮਪਤਨੀ ਨੇ ਆਪਣੇ ਘਰ ਵਿੱਚ ਵਿਦਿਆਰਥੀਆਂ, ਪਰਵਾਸੀਆਂ, ਮੁਸਾਫ਼ਰਾਂ, ਰਿਸ਼ਤੇਦਾਰਾਂ ਅਤੇ ਦੋਸਤਾਂ ਦਾ ਖਿੜੇ ਮੱਥੇ ਸਵਾਗਤ ਕੀਤਾ—ਉਹਨਾਂ ਨੂੰ ਆਸਰਾ, ਸੋਧ ਅਤੇ ਹੌਸਲਾ ਦਿੱਤਾ। ਉਹ ਹਰ ਕਿਸੇ ਨੂੰ ਖੁੱਲ੍ਹੇ ਦਿਲ ਨਾਲ ਜੀ ਆਇਆਂ ਕਹਿੰਦੇ ਸਨ।

ਇੱਕ ਸਤਿਕਾਰਤ ਸਿੱਖ ਵਿਦਵਾਨ ਅਤੇ ਕੌਮੀ ਆਗੂ ਵਜੋਂ, ਉਹਨਾਂ ਨੇ ਸੈਨ ਫ਼ਰਾਂਸਿਸਕੋ ਬੇ ਏਰੀਆ ਅਤੇ ਸ਼ਿਕਾਗੋ ਵਿੱਚ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ। ਉਹਨਾਂ ਨੇ ਅਤੇ ਉਹਨਾਂ ਦੀ ਪਤਨੀ ਨੇ ਮਿਲ ਕੇ ਸਿੱਖ ਇਤਿਹਾਸ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਉਹਨਾਂ ਦੀ ਭਾਸ਼ਾਈ ਮੁਹਾਰਤ ਨੇ ਦੇਸ਼ ਭਰ ਦੀਆਂ ਸੰਗਤਾਂ ਲਈ ਇਹਨਾਂ ਦਾ ਅਨੁਵਾਦ ਕਰਨ ਵਿੱਚ ਸਹਾਇਤਾ ਕੀਤੀ।

ਉਹਨਾਂ ਨੇ ਸਿੱਖ ਵਿੱਦਿਅਕ ਅਤੇ ਅੰਤਰ-ਧਰਮ ਸੰਸਥਾਵਾਂ ਦੀ ਸਾਂਝੀ ਨੀਂਹ ਰੱਖੀ ਅਤੇ ਵਰਲਡ ਸਿੱਖ ਕੌਂਸਲ - ਅਮਰੀਕਾ ਰੀਜਨ ਦੇ ਸੰਸਥਾਪਕ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ। ਉਹਨਾਂ ਨੇ ਓਹੀਓ ਵਿੱਚ ਸਿੱਖ ਵਿਆਹ (ਅਨੰਦ ਕਾਰਜ) ਦੀ ਕਾਨੂੰਨੀ ਮਾਨਤਾ ਲਈ ਅਤੇ ਫੌਜੀ ਸੇਵਾ ਦੌਰਾਨ ਸਿੱਖਾਂ ਦੇ ਧਾਰਮਿਕ ਚਿੰਨ੍ਹ (ਕਕਾਰ) ਕਾਇਮ ਰੱਖਣ ਦੇ ਅਧਿਕਾਰ ਲਈ ਸੰਘਰਸ਼ ਕੀਤਾ। ਉਹਨਾਂ ਦੇ ਵਿਦਵਤਾ ਭਰਪੂਰ ਕਾਰਜਾਂ ਵਿੱਚ ਸਟਰਗਲ ਫਾਰ ਜਸਟਿਸ (ਇਨਸਾਫ਼ ਲਈ ਸੰਘਰਸ਼) ਸ਼ਾਮਲ ਹੈ, ਜੋ ਕਿ ਭਾਰਤ ਵਿੱਚ ਸਿੱਖਾਂ ਉੱਤੇ ਹੋਏ ਅੱਤਿਆਚਾਰਾਂ ਬਾਰੇ ਇੱਕ ਡੂੰਘਾਈ ਨਾਲ ਖੋਜਿਆ ਗਿਆ ਅਧਿਐਨ ਹੈ।

ਆਪਣੀਆਂ ਪ੍ਰਾਪਤੀਆਂ ਤੋਂ ਪਰ੍ਹੇ, ਉਹ ਬਹੁਤ ਹੀ ਮਿਲਣਸਾਰ, ਹਾਸਮੁੱਖ ਅਤੇ ਦਿਲਚਸਪ ਸ਼ਖ਼ਸੀਅਤ ਦੇ ਮਾਲਕ ਸਨ। ਉਹ ਸਾਹਿਤ, ਇਤਿਹਾਸ, ਵਿਗਿਆਨ ਅਤੇ ਰਾਜਨੀਤੀ ਨੂੰ ਦਿਲਚਸਪ ਬਣਾ ਦਿੰਦੇ ਸਨ, ਬੱਚਿਆਂ ਨੂੰ ਕਹਾਣੀਆਂ ਅਤੇ ਪ੍ਰਯੋਗਾਂ ਨਾਲ ਖ਼ੁਸ਼ ਕਰਦੇ ਸਨ ਅਤੇ ਹਮੇਸ਼ਾ ਲੋਕਾਂ ਵਿੱਚ ਚੰਗਿਆਈ ਵੇਖਦੇ ਸਨ। ਉਹਨਾਂ ਲਈ ਇਨਸਾਨ ਦਾ ਕਿਰਦਾਰ ਸਭ ਤੋਂ ਵੱਧ ਮਾਇਨੇ ਰੱਖਦਾ ਸੀ।

ਪ੍ਰੋ.ਫ਼ੈਸਰ ਸੰਧੂ ਨੇ ਆਪਣੇ ਅਸੂਲਾਂ ਅਨੁਸਾਰ ਇੱਕ ਸ਼ਾਨਦਾਰ ਜੀਵਨ ਬਤੀਤ ਕੀਤਾ। ਉਹ ਆਪਣੀ ਪਤਨੀ ਅਤੇ ਪਰਿਵਾਰ ਨੂੰ ਬੇਹੱਦ ਪਿਆਰ ਕਰਦੇ ਸਨ, ਸਾਰੀ ਮਾਨਵਤਾ ਨੂੰ ਆਪਣਾ ਮੰਨਦੇ ਸਨ ਅਤੇ ਆਪਣੇ ਵਿਸ਼ਵਾਸ ਨੂੰ ਜਿਊਂਦੇ ਸਨ। ਉਹਨਾਂ ਦੀ ਬੌਧਿਕਤਾ, ਦਲੇਰੀ, ਹਮਦਰਦੀ ਅਤੇ ਪਿਆਰ ਦੀ ਵਿਰਾਸਤ ਸਦਾ ਜਿਊਂਦੀ ਰਹੇਗੀ। ਉਹਨਾਂ ਦੀ ਘਾਟ ਹਮੇਸ਼ਾ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤੀ ਜਾਵੇਗੀ।

ਵਿਸ਼ਵ ਪ੍ਰਸਿੱਧ 'ਦਸਹਿਰਾ ਜੰਬੂ ਸਵਾਰੀ' ਸ਼ੋਭਾ ਯਾਤਰਾ 'ਚ ਉਮੜਿਆ ਜਨ-ਸਮੁੰਦਰ; ਰਵਾਇਤੀ ਲੋਕ ਕਲਾਵਾਂ, ਝਾਕੀਆਂ ਤੇ ਸੱਭਿਆਚਾਰਕ ਰੰਗਾਂ ਨੇ ਕੀਲੇ ਦਰਸ਼ਕ

ਨਾਡਹੱਬਾ ਮੈਸੂਰੁ ਦਸਹਿਰੇ ਦੌਰਾਨ ਵੀਰਭੱਦਰ ਕੁਣਿਤਾ, ਮਹਿਲਾ ਕੋਲਾਟਾ, ਝਾਕੀਆਂ ਅਤੇ ਹੱਲੀਕਾਰ ਬਲਦਾਂ ਦੀ ਸ਼ਾਨਦਾਰ ਪੇਸ਼ਕਾਰੀ

ਮੈਸੂਰੁ (ਕਰਨਾਟਕ) : ਕਰਨਾਟਕ ਦੇ ਇਤਿਹਾਸਕ ਸ਼ਹਿਰ ਮੈਸੂਰੁ ਵਿਖੇ ਸਦੀਆਂ ਪੁਰਾਣੀ ਸ਼ਾਹੀ ਪਰੰਪਰਾ ਅਨੁਸਾਰ ਵਿਸ਼ਵ ਪ੍ਰਸਿੱਧ ਰਾਜ ਉਤਸਵ 'ਨਾਡਹੱਬਾ' ਮੈਸੂਰੁ ਦਸਹਿਰੇ (Mysuru Dasara) ਦੇ ਸਮਾਪਤੀ ਸਮਾਰੋਹ ਮੌਕੇ ਵਿਸ਼ਾਲ 'ਜੰਬੂ ਸਵਾਰੀ' (Jamboo Savari Procession) ਸ਼ੋਭਾ ਯਾਤਰਾ ਪੂਰੇ ਜਾਹੋ-ਜਲਾਲ ਨਾਲ ਕੱਢੀ ਗਈ। ਮੈਸੂਰੁ ਪੈਲੇਸ (ਅੰਬਾ ਵਿਲਾਸ ਪੈਲੇਸ) ਤੋਂ ਸ਼ੁਰੂ ਹੋ ਕੇ ਬੰਨੀਮੰਟਪ ਤੱਕ ਜਾਣ ਵਾਲੇ ਇਸ ਸ਼ਾਹੀ ਕਾਫ਼ਲੇ ਵਿੱਚ ਕਰਨਾਟਕ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਅਮੀਰ ਵਿਰਸੇ, ਸਰਕਾਰੀ ਵਿਕਾਸ ਪ੍ਰੋਜੈਕਟਾਂ ਅਤੇ ਲੋਕ ਕਲਾਵਾਂ ਨੂੰ ਦਰਸਾਉਂਦੀਆਂ ਦਰਜਨਾਂ ਮਨਮੋਹਕ ਝਾਕੀਆਂ (Tableaux) ਅਤੇ ਲੋਕ ਨਾਚ ਦਸਤਿਆਂ ਨੇ ਭਾਗ ਲਿਆ।

ਮੁੱਖ ਵੇਰਵੇ: ਮੈਸੂਰੁ ਦਸਹਿਰਾ ਜੰਬੂ ਸਵਾਰੀ 2026

ਸਥਾਨ : ਮੈਸੂਰੁ ਪੈਲੇਸ ਤੋਂ ਬੰਨੀਮੰਟਪ ਮੈਦਾਨ, ਮੈਸੂਰੁ (ਕਰਨਾਟਕ)

ਮੌਕਾ : ਵਿਜੇਦਸ਼ਮੀ/ਮੈਸੂਰੁ ਦਸਹਿਰਾ ਜੰਬੂ ਸਵਾਰੀ 2026

ਮੁੱਖ ਆਕਰਸ਼ਣ : ਝਾਕੀਆਂ (Tableaux), ਰਵਾਇਤੀ ਮਾਰਸ਼ਲ ਯੁੱਧ ਵਾਦਕ, ਵੀਰਭੱਦਰ ਕੁਣਿਤਾ, ਮਹਿਲਾ ਕੋਲਾਟਾ, ਹੱਲੀਕਾਰ ਬਲਦ

ਪ੍ਰਮੁੱਖ ਜ਼ਿਲ੍ਹਾ ਝਾਕੀਆਂ : ਬੈਂਗਲੁਰੂ ਅਰਬਨ (ਉਦਯੋਗ ਤੇ ਨਵੀਨਤਾ), ਤੁਮਕੁਰੂ (ਪਰਮਾਣੂ ਵਿਗਿਆਨੀ ਡਾ. ਰਾਜਾ ਰਮੰਨਾ), ਸ਼ਿਵਮੋਗਾ (ਹਸੀ ਚਿੱਤਾਰਾ ਤੇ ਮਲੇਨਾਡੂ ਵਿਰਸਾ), ਯਾਦਗੀਰ (ਬੋਨਾਲ ਪੰਛੀ ਰੱਖ ਤੇ ਦਬਦਬੀ ਝਰਨਾ)

ਸਿੱਖਿਆ ਤੇ ਲੋਕ ਭਲਾਈ ਕਰਨਾਟਕ : ਸਟੇਟ ਓਪਨ ਯੂਨੀਵਰਸਿਟੀ (KSOU) ਅਤੇ ਕਿਰਤ ਵਿਭਾਗ (Labour Department) ਦੀਆਂ ਝਾਕੀਆਂ

ਲੋਕ ਨਾਚ ਤੇ ਕਲਾ ਦਸਤੇ : ਸ਼ੈਵ ਪਰੰਪਰਾ ਦਾ 'ਵੀਰਭੱਦਰ ਕੁਣਿਤਾ', ਮਣੀਪੁਰੀ ਡਾਂਸ, ਤਾਮਿਲਨਾਡੂ ਦੀ ਲੋਕ ਕਲਾ, ਸਿੱਟੀ ਮੇਲਾ, ਅਤੇ 'ਮਹਿਲਾ ਕੋਲਾਟਾ'

ਸ਼ੋਭਾ ਯਾਤਰਾ ਦੀਆਂ ਪ੍ਰਮੁੱਖ ਝਾਕੀਆਂ ਅਤੇ ਪੇਸ਼ਕਾਰੀਆਂ

ਬੈਂਗਲੁਰੂ ਤੇ ਕਿਰਤ ਵਿਭਾਗ ਦਾ ਸਮਾਜਿਕ ਸੁਨੇਹਾ:

ਬੈਂਗਲੁਰੂ ਸ਼ਹਿਰ ਦੀ ਝਾਕੀ ਰਾਹੀਂ ਉਦਯੋਗ, ਸੂਚਨਾ ਤਕਨਾਲੋਜੀ, ਰੁਜ਼ਗਾਰ ਅਤੇ ਖ਼ੁਸ਼ਹਾਲੀ ਦੇ ਵਿਕਾਸ ਮਾਡਲ ਨੂੰ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਕਰਨਾਟਕ ਕਿਰਤ ਵਿਭਾਗ ਨੇ 'ਕਿਰਤ ਦਾ ਸਤਿਕਾਰ, ਜ਼ਿੰਦਗੀ ਨੂੰ ਸੁਰੱਖਿਆ' ਦੇ ਸੰਦੇਸ਼ ਤਹਿਤ ਕਿਰਤੀਆਂ ਦੀ ਭਲਾਈ, ਸਮਾਜਿਕ ਸੁਰੱਖਿਆ ਅਤੇ ਬਾਲ ਮਜ਼ਦੂਰੀ ਦੇ ਖ਼ਾਤਮੇ ਨੂੰ ਦਰਸਾਉਂਦੀ ਝਾਕੀ ਪ੍ਰਦਰਸ਼ਿਤ ਕੀਤੀ।

ਸਿੱਖਿਆ ਅਤੇ ਵਿਗਿਆਨ ਦਾ ਪ੍ਰਦਰਸ਼ਨ:

ਕਰਨਾਟਕ ਸਟੇਟ ਓਪਨ ਯੂਨੀਵਰਸਿਟੀ (KSOU) ਨੇ 'ਯੂਨੀਵਰਸਿਟੀ ਤੁਹਾਡੇ ਬੂਹੇ 'ਤੇ' ਥੀਮ ਹੇਠ ਡਿਜੀਟਲ ਲਰਨਿੰਗ ਅਤੇ ਆਨਲਾਈਨ ਸਿੱਖਿਆ ਨੂੰ ਉਭਾਰਿਆ। ਤੁਮਕੁਰੂ ਜ਼ਿਲ੍ਹੇ ਦੀ ਝਾਕੀ ਵਿੱਚ ਭਾਰਤ ਦੇ ਪ੍ਰਸਿੱਧ ਪਰਮਾਣੂ ਵਿਗਿਆਨੀ ਡਾ. ਰਾਜਾ ਰਮੰਨਾ ਦੀ ਯਾਦ ਅਤੇ ਜ਼ਿਲ੍ਹੇ ਦੇ ਵਿਕਾਸ ਨੂੰ ਸਤਿਕਾਰ ਭੇਟ ਕੀਤਾ ਗਿਆ।

ਕੁਦਰਤੀ ਸੁੰਦਰਤਾ ਤੇ ਮਲੇਨਾਡੂ ਦਾ ਸੱਭਿਆਚਾਰ:

ਸ਼ਿਵਮੋਗਾ ਜ਼ਿਲ੍ਹੇ ਵੱਲੋਂ 'ਹਸੀ ਚਿੱਤਾਰਾ' ਕਲਾ ਅਤੇ ਮਲੇਨਾਡੂ ਦੇ ਕੁਦਰਤੀ ਵਿਰਸੇ ਦੀ ਝਾਕੀ ਕੱਢੀ ਗਈ। ਯਾਦਗੀਰ ਜ਼ਿਲ੍ਹਾ ਪੰਚਾਇਤ ਨੇ ਸੂਬੇ ਦੇ ਦੂਜੇ ਸਭ ਤੋਂ ਵੱਡੇ 'ਬੋਨਾਲ ਪੰਛੀ ਰੱਖ' (Bonal Bird Sanctuary) ਅਤੇ ਦਬਦਬੀ ਝਰਨੇ ਦੇ ਮਨਮੋਹਕ ਦ੍ਰਿਸ਼ ਪੇਸ਼ ਕੀਤੇ।

ਜੰਗੀ ਸਾਜ਼ ਅਤੇ ਲੋਕ ਨਾਚਾਂ ਦੀ ਧਮਾਲ:

ਜੰਬੂ ਸਵਾਰੀ ਵਿੱਚ ਪਰੰਪਰਾਗਤ ਜੰਗੀ ਵਾਜੇ (ਕੋਂਬੂ-ਕਹਾੜੇ), ਸ਼ੈਵ ਪਰੰਪਰਾ ਨਾਲ ਜੁੜਿਆ ਬੀਰ ਰਸ ਨਾਲ ਭਰਪੂਰ 'ਵੀਰਭੱਦਰ ਕੁਣਿਤਾ' (Veerabhadra Kunitha), ਪਿੰਡਾਂ ਦਾ ਹਰਮਨਪਿਆਰਾ 'ਸਿੱਟੀ ਮੇਲਾ' ਅਤੇ ਦੱਖਣ ਭਾਰਤ ਦਾ ਪ੍ਰਸਿੱਧ ਡਾਂਡੀਆ ਨਾਚ 'ਮਹਿਲਾ ਕੋਲਾਟਾ' (Mahila Kolata) ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੇ।

'ਰੈਤ ਦਸਹਿਰਾ' ਅਤੇ ਦੇਸੀ ਨਸਲ ਦੇ ਹੱਲੀਕਾਰ ਬਲਦ:

ਜੰਬੂ ਸਵਾਰੀ ਦੇ ਅੰਤਲੇ ਹਿੱਸੇ ਵਿੱਚ ਕਰਨਾਟਕ ਦੀ ਸ਼ਾਨ ਮੰਨੀ ਜਾਂਦੀ ਦੇਸੀ ਨਸਲ ਦੇ ਹੱਲੀਕਾਰ ਬਲਦਾਂ (Hallikar Oxen) ਦੀ ਵਿਸ਼ੇਸ਼ ਪਰੇਡ ਕਰਵਾਈ ਗਈ, ਜਿਨ੍ਹਾਂ ਨੇ ਕਿਸਾਨਾਂ ਅਤੇ ਪੇਂਡੂ ਸੱਭਿਆਚਾਰ ਦੀ ਮਜ਼ਬੂਤੀ ਦਾ ਪ੍ਰਦਰਸ਼ਨ ਕੀਤਾ।

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ
ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਕਮਿਊਨਟੀ ਦੇ ਨਿਸ਼ਕਾਮ ਸੇਵਕ, ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ

ਸ:ਸੰਤੋਖ ਸਿੰਘ ਝਿੰਗੜਾ

ਜਦੋਂ 16ਵੀਂ ਸਦੀ ਦਾ ਹਿੰਦੁਸਤਾਨ ਜਾਤੀਵਾਦੀ ਜਿਲ੍ਹਣ, ਧਾਰਮਿਕ ਦੰਭ ਅਤੇ ਸਿਆਸੀ ਗ਼ੁਲਾਮੀ ਦੇ ਹਨੇਰੇ ਵਿੱਚ ਸਾਹ ਘੁੱਟ ਰਿਹਾ ਸੀ, ਠੀਕ ਉਸ ਵੇਲੇ ਲਾਹੌਰ ਦੀਆਂ ਤੰਗ ਗਲੀਆਂ ਵਿੱਚੋਂ ਉੱਠੀ ਇੱਕ ਅਨਾਥ ਬਾਲਕ ਦੀ ਆਵਾਜ਼ ਨੇ ਇਤਿਹਾਸ ਦੇ ਵਹਿਣ ਨੂੰ ਇੱਕ ਨਵਾਂ ਮੋੜ ਦਿੱਤਾ। ਧੰਨ ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਦਾ ਪ੍ਰਕਾਸ਼ ਕੇਵਲ ਇੱਕ ਰਹਿਬਰ ਦਾ ਆਗਮਨ ਨਹੀਂ ਸੀ, ਸਗੋਂ ਹਉਮੈ-ਮਾਰੀ ਲੋਕਾਈ ਵਿੱਚ 'ਨਿਮਰਤਾ' ਨੂੰ ਸਭ ਤੋਂ ਤਾਕਤਵਰ ਹਥਿਆਰ ਬਣਾ ਕੇ ਉਭਾਰਨ ਦਾ ਇਲਾਹੀ ਇਨਕਲਾਬ ਸੀ। ਛਾਬੇ ਵਿੱਚ ਘੁੰਙਣੀਆਂ ਵੇਚਣ ਤੋਂ ਲੈ ਕੇ ਗੋਇੰਦਵਾਲ ਸਾਹਿਬ ਵਿਖੇ ਮਿੱਟੀ-ਗਾਰੇ ਦੀਆਂ ਟੋਕਰੀਆਂ ਢੋਹਣ ਵਾਲੇ ਭਾਈ ਜੇਠਾ ਜੀ ਨੇ ਸਿੱਧ ਕਰ ਦਿੱਤਾ ਕਿ ਰੱਬੀ ਦਰਗਾਹ ਤੱਕ ਪਹੁੰਚਣ ਦਾ ਰਸਤਾ ਸ਼ਾਹੀ ਮਹਿਲਾਂ ਵਿੱਚੋਂ ਨਹੀਂ, ਸਗੋਂ ਨਿਰਮਾਣਤਾ, ਹੱਕ-ਸੱਚ ਦੀ ਕਿਰਤ ਅਤੇ ਨਿਸ਼ਕਾਮ ਘਾਲਣਾ ਵਿੱਚੋਂ ਲੰਘਦਾ ਹੈ। ਚੌਥੇ ਪਾਤਸ਼ਾਹ ਨੇ ਕੇਵਲ ਰੂਹਾਂ ਦਾ ਇਸ਼ਨਾਨ ਹੀ ਨਹੀਂ ਕਰਵਾਇਆ, ਸਗੋਂ 'ਚੱਕ ਰਾਮਦਾਸਪੁਰ' ਦੀ ਨੀਂਹ ਰੱਖ ਕੇ 52 ਕਿੱਤਿਆਂ ਦੇ ਹੁਨਰਮੰਦਾਂ ਨੂੰ ਇੱਕ ਛੱਤ ਹੇਠ ਲਿਆ ਬਿਠਾਇਆ—ਜਿੱਥੇ ਅਧਿਆਤਮਕ ਮੁਕਤੀ ਦੇ ਨਾਲ-ਨਾਲ ਸਮਾਜਿਕ ਬਰਾਬਰੀ ਅਤੇ ਆਰਥਿਕ ਖ਼ੁਦਮੁਖ਼ਤਿਆਰੀ ਦਾ ਅਜਿਹਾ ਮਾਡਲ ਸਿਰਜਿਆ ਗਿਆ ਜਿਸਦੀ ਮਿਸਾਲ ਸਮੁੱਚੀ ਦੁਨੀਆ ਵਿੱਚ ਕਿਧਰੇ ਨਹੀਂ ਮਿਲਦੀ। ਅੱਜ ਜਦੋਂ ਸੰਸਾਰ ਨਫ਼ਰਤਾਂ, ਵੰਡੀਆਂ ਅਤੇ ਬਾਜ਼ਾਰੂ ਲੁੱਟ ਦੇ ਭੰਵਰ ਵਿੱਚ ਫਸਿਆ ਹੋਇਆ ਹੈ, ਗੁਰੂ ਰਾਮਦਾਸ ਜੀ ਦਾ ਜੀਵਨ-ਫ਼ਲਸਫ਼ਾ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਮਾਜਿਕ ਇਨਕਲਾਬ ਦੀ ਬੁਨਿਆਦ ਕੇਵਲ ਤੇ ਕੇਵਲ ਸਾਂਝੀਵਾਲਤਾ ਅਤੇ ਸੇਵਾ ਦੇ ਧਰਾਤਲ 'ਤੇ ਹੀ ਰੱਖੀ ਜਾ ਸਕਦੀ ਹੈ। -ਸਤਨਾਮ ਸਿੰਘ ਖਾਲਸਾ

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼ ਸੰਪਾਦਕੀ ਲੇਖ

ਨਿਮਰਤਾ ਦੇ ਪੁੰਜ, ਅੰਮ੍ਰਿਤਸਰ ਦੇ ਬਾਨੀ ਅਤੇ ਨਿਸ਼ਕਾਮ ਸੇਵਾ ਦੇ ਮੂਰਤੀਮਾਨ ਸਰੂਪ ਚੌਥੇ ਪਾਤਸ਼ਾਹ ਜੀ ਦਾ ਜੀਵਨ-ਦਰਸ਼ਨ ਅਤੇ ਸਾਂਝੀਵਾਲਤਾ ਦਾ ਸੰਦੇਸ਼

ਸਿੱਖ ਅਧਿਆਤਮਵਾਦ ਦੇ ਇਤਿਹਾਸ ਵਿੱਚ ਚੌਥੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪਾਵਨ ਜੀਵਨ ਨਿਮਰਤਾ, ਨਿਸ਼ਕਾਮ ਘਾਲਣਾ, ਭਗਤੀ ਅਤੇ ਸਮਾਜਿਕ ਬਰਾਬਰੀ ਦਾ ਅਜਿਹਾ ਪ੍ਰਕਾਸ਼-ਮੁਨਾਰਾ ਹੈ, ਜਿਸ ਨੇ ਮਨੁੱਖੀ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦੇ ਨਾਲ-ਨਾਲ ਇੱਕ ਖ਼ੁਦਮੁਖ਼ਤਿਆਰ ਅਤੇ ਖ਼ੁਸ਼ਹਾਲ ਸਮਾਜ ਦੀ ਨੀਂਹ ਰੱਖੀ। ਭੱਟ ਮਥੁਰਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1404 'ਤੇ ਆਪ ਜੀ ਦੀ ਵਡਿਆਈ ਵਿੱਚ ਫ਼ੁਰਮਾਇਆ ਹੈ:

ਜਬ ਲਉ ਨਹੀ ਭਾਗ ਲੀਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥
ਕਲਿ ਘੋਰ ਸਮੁਦ੍ ਮੈ ਬੂਡਤ ਥੇ ਕਬਹੂ ਮਿਟਿਹੈ ਨਹੀ ਰੇ ਪਛੁਤਾਯਉ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥
ਜਪਉ ਸਭਿ ਨਰ ਏਕ ਮੁਖੇ ਸਰਬੀ ਸਮ ?ਰਖੁ ਗੁਰੁ ਰਾਮਦਾਸੁ ਭਯਉ॥

ਬਾਲਪਨ ਤੋਂ ਗੋਇੰਦਵਾਲ ਤੱਕ: ਘੁੰਙਣੀਆਂ ਵੇਚਣ ਤੋਂ ਨਿਸ਼ਕਾਮ ਸੇਵਾ ਦਾ ਸਫ਼ਰ

ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ 9 ਅਕਤੂਬਰ 1534 ਨੂੰ ਲਾਹੌਰ ਦੀ ਚੂਨਾ ਮੰਡੀ ਵਿਖੇ ਪਿਤਾ ਭਾਈ ਹਰਿਦਾਸ ਜੀ ਅਤੇ ਮਾਤਾ ਦਯਾ ਕੌਰ (ਅਨੂਪ ਦੇਵੀ) ਜੀ ਦੇ ਗ੍ਰਿਹਿ ਵਿਖੇ ਹੋਇਆ। ਪਰਿਵਾਰ ਦੇ ਪਲੇਠੇ ਸਪੁੱਤਰ ਹੋਣ ਕਾਰਨ ਆਪ ਜੀ ਦਾ ਨਾਂ ਭਾਈ ਜੇਠਾ ਜੀ ਪ੍ਰਸਿੱਧ ਹੋਇਆ। ਛੋਟੀ ਉਮਰੇ ਹੀ ਮਾਤਾ-ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਨਾਨੀ ਜੀ ਆਪ ਜੀ ਨੂੰ ਨਾਨਕੇ ਪਿੰਡ ਬਾਸਰਕੇ (ਅੰਮ੍ਰਿਤਸਰ) ਲੈ ਆਏ। ਪਰਿਵਾਰ ਦੇ ਨਿਰਵਾਹ ਲਈ ਬਾਲ ਜੇਠਾ ਜੀ ਉੱਬਲੀਆਂ ਹੋਈਆਂ ਘੁੰਙਣੀਆਂ ਵੇਚਿਆ ਕਰਦੇ ਸਨ। ਸਿਰ 'ਤੇ ਟੋਕਰੀ ਚੁੱਕ ਕੇ ਵਪਾਰ ਕਰਦਿਆਂ ਵੀ ਉਹ ਲੋੜਵੰਦਾਂ ਅਤੇ ਭੁੱਖੇ ਸਾਧੂਆਂ ਨੂੰ ਮੁਫ਼ਤ ਘੁੰਙਣੀਆਂ ਵੰਡ ਦਿੰਦੇ। 12 ਸਾਲ ਦੀ ਉਮਰ ਵਿੱਚ ਆਪ ਜੀ ਦੀ ਭੇਟ ਗੁਰੂ ਅਮਰਦਾਸ ਸਾਹਿਬ ਜੀ ਨਾਲ ਹੋਈ। ਇਸ ਉਪਰੰਤ ਆਪ ਗੋਇੰਦਵਾਲ ਸਾਹਿਬ ਆ ਗਏ ਅਤੇ ਗੁਰੂ-ਘਰ ਦੀ ਨਿਸ਼ਕਾਮ ਸੇਵਾ ਵਿੱਚ ਲੀਨ ਹੋ ਗਏ:

ਬਾਉਲੀ ਸਾਹਿਬ ਦੀ ਕਾਰ-ਸੇਵਾ: ਗੋਇੰਦਵਾਲ ਸਾਹਿਬ ਵਿਖੇ 84 ਪੌੜੀਆਂ ਵਾਲੀ ਬਾਉਲੀ ਸਾਹਿਬ ਦੀ ਉਸਾਰੀ ਸਮੇਂ ਭਾਈ ਜੇਠਾ ਜੀ ਨੇ ਬਿਨਾਂ ਕਿਸੇ ਲੋਕ-ਲਾਜ ਜਾਂ ਰਿਸ਼ਤੇਦਾਰੀ ਦੇ ਹੰਕਾਰ ਦੇ ਆਪਣੇ ਸਿਰ 'ਤੇ ਮਿੱਟੀ-ਗਾਰੇ ਦੀਆਂ ਟੋਕਰੀਆਂ ਢੋਹੀਆਂ।

ਗੁਰੂ-ਘਰ ਨਾਲ ਸਾਕਾਦਾਰੀ: ਆਪ ਜੀ ਦੀ ਨਿਮਰਤਾ, ਉੱਚੇ ਕਿਰਦਾਰ ਅਤੇ ਸੇਵਾ-ਸਿਮਰਨ ਤੋਂ ਪ੍ਰਸੰਨ ਹੋ ਕੇ ਤੀਜੇ ਪਾਤਸ਼ਾਹ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਆਨੰਦ ਕਾਰਜ 18 ਫ਼ਰਵਰੀ 1554 ਨੂੰ ਆਪ ਜੀ ਨਾਲ ਕੀਤਾ।

ਮੁਗ਼ਲ ਦਰਬਾਰ ਵਿੱਚ ਸਿੱਖੀ ਦਾ ਨਿਡਰ ਤੇ ਤਰਕਸ਼ੀਲ ਪੱਖ

ਜਦੋਂ ਜਾਤ-ਅਭਿਮਾਨੀ ਬ੍ਰਾਹਮਣਾਂ ਅਤੇ ਖੱਤਰੀਆਂ ਨੇ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਸ਼ਿਕਾਇਤ ਕੀਤੀ ਕਿ ਗੁਰੂ ਅਮਰਦਾਸ ਜੀ ਜਾਤ-ਪਾਤ ਦੇ ਵਰਣ-ਆਸ਼ਰਮ ਨੂੰ ਖ਼ਤਮ ਕਰਕੇ ਸਾਂਝੇ ਲੰਗਰ ਅਤੇ ਪੰਗਤ ਦੀ ਪ੍ਰਥਾ ਚਲਾ ਰਹੇ ਹਨ, ਤਾਂ ਗੁਰੂ ਸਾਹਿਬ ਨੇ ਆਪਣੀ ਤਰਫ਼ੋਂ ਭਾਈ ਜੇਠਾ ਜੀ ਨੂੰ ਅਕਬਰ ਦੇ ਦਰਬਾਰ ਵਿੱਚ ਭੇਜਿਆ।

ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂ ਸਾਹਿਬਾਨ ਦੀ ਗੁਰਬਾਣੀ ਦੇ ਅਧਿਐਨ ਦੇ ਆਧਾਰ 'ਤੇ ਬੜੀ ਦਲੀਲ, ਨਿਮਰਤਾ ਅਤੇ ਦ੍ਰਿੜ੍ਹਤਾ ਨਾਲ ਸਮਝਾਇਆ ਕਿ ਗੁਰੂ-ਘਰ ਦਾ ਮੂਲ ਮਕਸਦ ਲੋਕ-ਭਲਾਈ, ਮਨੁੱਖੀ ਬਰਾਬਰੀ ਅਤੇ ਸਿਰਜਣਹਾਰ ਦੀ ਭਗਤੀ ਹੈ। ਬਾਦਸ਼ਾਹ ਅਕਬਰ ਆਪ ਜੀ ਦੇ ਗਿਆਨ ਅਤੇ ਨਿਰਮਲ ਸ਼ਖ਼ਸੀਅਤ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਸਾਰੇ ਝੂਠੇ ਦੋਸ਼ ਰੱਦ ਕਰ ਦਿੱਤੇ।

ਗੁਰਗੱਦੀ ਅਤੇ ਗੁਰੂ ਰਾਮਦਾਸ ਜੀ ਦਾ ਗੁਰਬਾਣੀ ਖ਼ਜ਼ਾਨਾ

1 ਸਤੰਬਰ 1574 ਨੂੰ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਦੀ ਘਾਲਣਾ, ਭਗਤੀ ਅਤੇ ਨਿਮਰਤਾ ਨੂੰ ਪਰਖ ਕੇ ਉਨ੍ਹਾਂ ਨੂੰ ਗੁਰਿਆਈ ਬਖ਼ਸ਼ੀ ਅਤੇ ਨਾਂ ਦਿੱਤਾ ਗੁਰੂ ਰਾਮਦਾਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੇ 638 ਸ਼ਬਦ/ਪਦੇ, 30 ਰਾਗਾਂ ਵਿੱਚ ਦਰਜ ਹਨ। ਆਪ ਜੀ ਨੇ ਵਾਰਾਂ, ਛੰਤ, ਅਸਟਪਦੀਆਂ ਅਤੇ ਵਿਸ਼ੇਸ਼ ਤੌਰ 'ਤੇ 'ਪੜਤਾਲ' ਗਾਇਨ ਸ਼ੈਲੀ ਵਿੱਚ ਬਾਣੀ ਉਚਾਰੀ। ਸਮਾਜਿਕ ਕ੍ਰਾਂਤੀ ਦੇ ਤੌਰ 'ਤੇ ਆਪ ਜੀ ਨੇ ਸੂਹੀ ਰਾਗ ਵਿੱਚ ਚਾਰ ਲਾਵਾਂ (ਅੰਗ 773) ਦੀ ਰਚਨਾ ਕੀਤੀ, ਜਿਸ ਨੇ ਵੈਦਿਕ ਕਰਮਕਾਂਡਾਂ ਤੋਂ ਮੁਕਤ ਕਰਕੇ ਅਨੰਦ ਕਾਰਜ ਦੀ ਪਵਿੱਤਰ ਮਰਯਾਦਾ ਸਥਾਪਿਤ ਕੀਤੀ।

ਅੰਮ੍ਰਿਤ ਵੇਲੇ ਦੀ ਸਿੱਖ ਰਹਿਤ ਮਰਯਾਦਾ ਦਾ ਆਦੇਸ਼:

ਗੁਰੂ ਰਾਮਦਾਸ ਜੀ ਨੇ ਸੱਚੇ ਸਿੱਖ ਦੇ ਨਿੱਤਨੇਮ ਅਤੇ ਜੀਵਨ-ਜਾਚ ਨੂੰ ਗਉੜੀ ਕੀ ਵਾਰ (ਅੰਗ 305) ਵਿੱਚ ਸਪਸ਼ਟ ਸ਼ਬਦਾਂ ਵਿੱਚ ਦਰਜ ਕੀਤਾ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਪਰਮਾਤਮਾ ਅੱਗੇ ਅਰਦਾਸ ਅਤੇ ਨਿਮਰਤਾ:

ਸਾਰੰਗ ਰਾਗ (ਅੰਗ 1241) ਵਿੱਚ ਆਪ ਜੀ ਦਾ ਪਾਵਨ ਸਲੋਕ ਮਨੁੱਖ ਨੂੰ ਹਉਮੈ ਛੱਡ ਕੇ ਗੁਰੂ ਦੇ ਲੜ ਲੱਗਣ ਦੀ ਪ੍ਰੇਰਨਾ ਦਿੰਦਾ ਹੈ:

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥
ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ॥
ਕਰਿ ਮਿਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ॥

ਸੱਚਖੰਡ ਸ੍ਰੀ ਅੰਮ੍ਰਿਤਸਰ ਦਾ ਨਿਰਮਾਣ: ਧਾਰਮਿਕ ਅਤੇ ਆਰਥਿਕ ਸਾਂਝੀਵਾਲਤਾ ਦਾ ਕੇਂਦਰ

ਗੁਰੂ ਰਾਮਦਾਸ ਜੀ ਕੇਵਲ ਅਧਿਆਤਮਕ ਰਹਿਬਰ ਹੀ ਨਹੀਂ, ਸਗੋਂ ਦੂਰਅੰਦੇਸ਼ ਨਗਰ-ਨਿਰਮਾਤਾ ਵੀ ਸਨ। ਆਪ ਜੀ ਨੇ 1574 ਵਿੱਚ 'ਗੁਰੂ ਕਾ ਚੱਕ' (ਚੱਕ ਰਾਮਦਾਸਪੁਰ) ਦੀ ਨੀਂਹ ਰੱਖੀ, ਜੋ ਅੱਜ ਅੰਮ੍ਰਿਤਸਰ ਵਜੋਂ ਜਾਣਿਆ ਜਾਂਦਾ ਹੈ:

ਸੰਤੋਖਸਰ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ: 1577 ਵਿੱਚ ਆਪ ਜੀ ਨੇ ਦੁੱਖ ਭੰਜਨੀ ਬੇਰੀ ਵਾਲੇ ਅਸਥਾਨ 'ਤੇ ਪਵਿੱਤਰ ਅੰਮ੍ਰਿਤ ਸਰੋਵਰ ਦੀ ਸੇਵਾ ਆਰੰਭਵਾਈ, ਜਿਸ ਨੇ ਬਾਅਦ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਰੂਪ ਧਾਰਿਆ।

52 ਕਿੱਤਿਆਂ ਦਾ ਵਸੇਬਾ (ਗੁਰੂ ਬਾਜ਼ਾਰ): ਗੁਰੂ ਸਾਹਿਬ ਚਾਹੁੰਦੇ ਸਨ ਕਿ ਇਹ ਨਗਰ ਸਿਰਫ਼ ਧਾਰਮਿਕ ਅਸਥਾਨ ਨਾ ਹੋਵੇ, ਸਗੋਂ ਰੁਜ਼ਗਾਰ ਅਤੇ ਵਪਾਰ ਦਾ ਵੀ ਗੜ੍ਹ ਬਣੇ। ਆਪ ਜੀ ਨੇ ਵੱਖ-ਵੱਖ 52 ਕਿੱਤਿਆਂ ਨਾਲ ਜੁੜੇ ਕਾਰੀਗਰਾਂ ਅਤੇ ਵਪਾਰੀਆਂ ਨੂੰ ਲਿਆ ਕੇ ਵਸਾਇਆ, ਜਿੱਥੋਂ ਇਤਿਹਾਸਕ ਗੁਰੂ ਬਾਜ਼ਾਰ ਹੋਂਦ ਵਿੱਚ ਆਇਆ।

ਮਸੰਦ ਪ੍ਰਥਾ ਦੀ ਸਥਾਪਨਾ: ਨਗਰ ਦੀ ਉਸਾਰੀ, ਲੰਗਰਾਂ ਦੀ ਨਿਰੰਤਰਤਾ ਅਤੇ ਦੂਰ-ਦੁਰਾਡੇ ਦੀਆਂ ਸੰਗਤਾਂ ਨੂੰ ਕੇਂਦਰੀ ਧੁਰੇ ਨਾਲ ਜੋੜਨ ਲਈ ਮਸੰਦ ਪ੍ਰਣਾਲੀ ਸ਼ੁਰੂ ਕੀਤੀ, ਜਿਨ੍ਹਾਂ ਨੇ ਸੰਗਤ ਅਤੇ ਗੁਰੂ ਵਿਚਕਾਰ ਇੱਕ ਪਵਿੱਤਰ ਪੁਲ ਦਾ ਕੰਮ ਕੀਤਾ।

ਜੋਤੀ ਜੋਤਿ ਸਮਾਉਣਾ ਅਤੇ ਅਧਿਆਤਮਕ ਵਿਰਾਸਤ

ਸੰਨ 1581 ਵਿੱਚ ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ ਅਰਜਨ ਦੇਵ ਜੀ ਦੀ ਨਿਮਰਤਾ, ਗੁਰਬਾਣੀ ਪ੍ਰੇਮ ਅਤੇ ਯੋਗਤਾ ਨੂੰ ਦੇਖਦਿਆਂ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ। ਵੱਡੇ ਸਪੁੱਤਰ ਪ੍ਰਿਥੀ ਚੰਦ ਦੇ ਵਿਰੋਧ ਦੇ ਬਾਵਜੂਦ ਗੁਰੂ ਸਾਹਿਬ ਨੇ ਸੱਚ ਅਤੇ ਯੋਗਤਾ ਦਾ ਪੱਲਾ ਫੜਿਆ। 1 ਸਤੰਬਰ 1581 ਨੂੰ ਆਪ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਰੱਬੀ ਦਰਗਾਹ ਵਿੱਚ ਜਾਤ, ਕੁਲ ਜਾਂ ਧਨ-ਦੌਲਤ ਦਾ ਕੋਈ ਮੁੱਲ ਨਹੀਂ, ਸਗੋਂ ਨਿਰਮਾਣਤਾ, ਸੱਚੀ ਕਿਰਤ ਅਤੇ ਨਿਸ਼ਕਾਮ ਸੇਵਾ ਹੀ ਪਰਮ ਪਦਵੀ ਦੀ ਪ੍ਰਾਪਤੀ ਦਾ ਇੱਕੋ-ਇੱਕ ਮਾਰਗ ਹੈ:

ਸਲੋਕ ਮ ੪ ॥
ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥
ਹਰਿ ਕੀਰਤਨੁ ਕਰਹ ਦਿਨੁ ਰਾਤਿ ਨਾਰਾਇਣ ਕਵਲਾ ਕੰਤਾ॥
ਸਭ ਕਿਲਵਿਖ ਪਾਪ ਦੁਖ ਕਟਿਆ ਪ੍ਰਭਿ ਆਪਿ ਬਖਸਿੰਦਾ॥

(ਗੁਰੂ ਗ੍ਰੰਥ ਸਾਹਿਬ, ਅੰਗ 1315)

ਚੱਕ ਰਾਮਦਾਸਪੁਰ ਤੋਂ ਅੰਮ੍ਰਿਤਸਰ: ਗੁਰੂ ਰਾਮਦਾਸ ਜੀ ਦਾ ਆਰਥਿਕ ਮਾਡਲ, ਨਗਰ-ਨਿਰਮਾਣ ਅਤੇ ਸਿੱਖ ਸਵੈ-ਨਿਰਭਰਤਾ

ਵਿਸ਼ੇਸ਼ ਖੋਜ-ਭਰਪੂਰ ਵਿਸ਼ਲੇਸ਼ਣ (Research Analysis)

ਸਿੱਖ ਇਤਿਹਾਸ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਸਥਾਨ ਕੇਵਲ ਇੱਕ ਨਿਮਰਤਾ-ਸੰਪੰਨ ਅਧਿਆਤਮਕ ਰਹਿਬਰ ਵਜੋਂ ਹੀ ਨਹੀਂ, ਸਗੋਂ 16ਵੀਂ ਸਦੀ ਦੇ ਇੱਕ ਵਿਲੱਖਣ ਨਗਰ-ਨਿਰਮਾਤਾ (Urban Planner) ਅਤੇ ਸਮਾਜਿਕ-ਆਰਥਿਕ ਸੁਧਾਰਕ ਵਜੋਂ ਵੀ ਬੇਮਿਸਾਲ ਹੈ। ਗੁਰੂ ਸਾਹਿਬ ਵੱਲੋਂ ਸੰਨ 1574-1577 ਦੌਰਾਨ 'ਗੁਰੂ ਕਾ ਚੱਕ' (ਚੱਕ ਰਾਮਦਾਸਪੁਰ / ਅੰਮ੍ਰਿਤਸਰ) ਦੀ ਨੀਂਹ ਰੱਖਣਾ ਮਹਿਜ਼ ਇੱਕ ਧਾਰਮਿਕ ਕੇਂਦਰ ਸਥਾਪਤ ਕਰਨ ਤੱਕ ਸੀਮਤ ਨਹੀਂ ਸੀ। ਇਹ ਅਸਲ ਵਿੱਚ ਦੱਬੇ-ਕੁਚਲੇ ਲੋਕਾਂ ਨੂੰ ਆਰਥਿਕ ਤੌਰ 'ਤੇ ਪੈਰਾਂ ਸਿਰ ਖੜ੍ਹਾ ਕਰਨ, ਕਿਰਤ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਅਤੇ ਸਾਂਝੀਵਾਲਤਾ 'ਤੇ ਆਧਾਰਿਤ ਸਵੈ-ਨਿਰਭਰ ਸਮਾਜ ਦੀ ਉਸਾਰੀ ਦਾ ਇੱਕ ਇਨਕਲਾਬੀ ਮਾਡਲ ਸੀ।

ਭੂਗੋਲਿਕ ਚੋਣ ਅਤੇ ਨਗਰ-ਨਿਰਮਾਣ ਦੀ ਵਿਉਂਤਬੰਦੀ

ਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤਸਰ ਲਈ ਜਿਸ ਜ਼ਮੀਨ ਦੀ ਚੋਣ ਕੀਤੀ, ਉਹ ਲਾਹੌਰ ਅਤੇ ਦਿੱਲੀ ਨੂੰ ਜੋੜਨ ਵਾਲੇ ਪੁਰਾਤਨ ਵਪਾਰਕ ਸ਼ਾਹ-ਰਾਹ ਦੇ ਬਿਲਕੁਲ ਨੇੜੇ ਸੀ। ਗੁਰੂ ਅਮਰਦਾਸ ਜੀ ਦੇ ਆਦੇਸ਼ ਅਨੁਸਾਰ ਭਾਈ ਜੇਠਾ (ਗੁਰੂ ਰਾਮਦਾਸ) ਜੀ ਨੇ ਬਾਬਾ ਬੁੱਢਾ ਜੀ ਨਾਲ ਮਿਲ ਕੇ ਪਹਿਲਾਂ ਸੰਤੋਖਸਰ ਅਤੇ ਫਿਰ ਦੁੱਖ ਭੰਜਨੀ ਬੇਰੀ ਵਾਲੀ ਜਗ੍ਹਾ 'ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਆਰੰਭਵਾਈ।

ਇਸ ਨਗਰ ਦੀ ਵਿਉਂਤਬੰਦੀ ਦੇ ਪ੍ਰਮੁੱਖ ਆਰਥਿਕ ਪਹਿਲੂ ਸਨ:

ਪਾਣੀ ਦੀ ਕੇਂਦਰੀ ਵਿਵਸਥਾ: ਮਾਰੂਥਲ ਵਰਗੇ ਇਲਾਕੇ ਵਿੱਚ ਵਿਸ਼ਾਲ ਸਰੋਵਰਾਂ ਦੀ ਖੁਦਾਈ ਕਰਵਾ ਕੇ ਲੋਕਾਂ ਦੇ ਪੀਣ, ਇਸ਼ਨਾਨ ਅਤੇ ਭਵਿੱਖੀ ਵਪਾਰਕ ਮੰਗਾਂ ਲਈ ਜਲ-ਪ੍ਰਬੰਧਨ ਕੀਤਾ ਗਿਆ।

ਸਾਂਝੀ ਰਿਹਾਇਸ਼ੀ ਯੋਜਨਾ: ਸਰੋਵਰ ਦੇ ਆਲੇ-ਦੁਆਲੇ 'ਗੁਰੂ ਕੇ ਮਹਿਲ' ਅਤੇ ਆਮ ਨਾਗਰਿਕਾਂ ਲਈ ਰਿਹਾਇਸ਼ੀ ਥਾਵਾਂ ਉਲੀਕੀਆਂ ਗਈਆਂ, ਜਿੱਥੇ ਕੋਈ ਜਾਤੀ ਵਖਰੇਵਾਂ ਜਾਂ ਉੱਚ-ਨੀਚ ਦੀ ਵੰਡ ਨਹੀਂ ਸੀ।

ਮਸੰਦ ਪ੍ਰਣਾਲੀ: ਦੂਰ-ਦੁਰਾਡੇ ਦੀਆਂ ਸੰਗਤਾਂ ਤੋਂ ਭੇਟਾਵਾਂ ਇਕੱਤਰ ਕਰਨ ਅਤੇ ਉਨ੍ਹਾਂ ਨੂੰ ਕੇਂਦਰੀ ਖ਼ਜ਼ਾਨੇ ਤੱਕ ਪਹੁੰਚਾਉਣ ਲਈ ਇਮਾਨਦਾਰ ਨੁਮਾਇੰਦੇ (ਮਸੰਦ) ਨਿਯੁਕਤ ਕੀਤੇ ਗਏ। ਇਹ ਮਸੰਦ ਕੇਵਲ ਵਿੱਤੀ ਉਗਰਾਹੀਕਾਰ ਨਹੀਂ ਸਨ, ਸਗੋਂ ਗੁਰੂ ਸਾਹਿਬ ਦੇ ਸੰਦੇਸ਼ਵਾਹਕ ਅ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ

ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ

ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ
ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

VANCO
TRUCK & AUTO PLAZA
TEL : 208-466-0833, FAX : 209-466-2740

ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ।

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਜਥੇਦਾਰ ਪਾਖਰ ਸਿੰਘ ਅਕਾਲੀ

Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ

ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ

Varinder Singh Nijjar Jagbir Singh Nijjar

ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗਾ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577



ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

ਦੀ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਕੈਲੀਫੋਰਨੀਆਂ ਦੇ ਨੌਜਵਾਨ ਸਿੱਖ ਆਗੂ ਦਹਾਕਿਆਂ ਤੋਂ ਪੰਥ ਦੀ ਸੇਵਾ ਕਰਦੇ ਆ ਰਹੇ ਸੰਗਤਾਂ ਦੇ ਸੇਵਾਦਾਰ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ ਦੇ ਖਜ਼ਾਨਚੀ

CHARKHA's

ਦੀ ਚੇਨ ਦੇ ਮਾਲਕ

Pabla Beverages inc & Pauls Liquors & Markets

Www.bevstore.com 408-515-5330,
San Jose Morgan Hill Gilroy California

Surinder Singh Pabla

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ



ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

Best Western®

Holiday Inn Express & Suites

ਸਿਟੀ ਆਫ਼ ਗਾਲਟ ਦੇ ਮੇਅਰ ਅਤੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

ਸ. ਪਰਗਟ ਸਿੰਘ ਸੰਧੂ

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

LTA BROS.

LIVINGSTON CALIFORNIA

ਸ. ਹੈਰੀ ਸਿੰਘ ਭੰਗੂ

L T A Bros
11145 E Clausen Road
Turlock, CA 95380

ਸ. ਰਾਜਾ ਧਾਮੀ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

ਦੀ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

Jugraj Singh Sahota
President United Sports Club USA

Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।

Narinder Singh Sahota
Joint Finance Secretary
United Sports Club USA

J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

ਦੀ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਜਾਰੀ ਕਰਤਾ

ਸ:ਹਰਮਿੰਦਰ ਸਿੰਘ ਸਮਾਣਾ

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼

(209) 481-7750



ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ



ਸ. ਰੇਸ਼ਮ ਸਿਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ

ਸ. ਜਗਤਾਰ ਸਿਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)

ਬਲਵਿੰਦਰ ਸਿਘ ਮਿੱਠੂ ਚੀਮਾ
ਨੈਸ਼ਨਲ ਪੈਨਲ ਮੈਂਬਰ

ਜਗਰਾਜ ਸਿਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ



ਰਛਪਾਲ ਸਿਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ

ਸ. ਜਸਬੀਰ ਸਿਘ ਤੱਖਰ
ਨੈਸ਼ਨਲ ਪੈਨਲ ਮੈਂਬਰ

ਪਰਮਜੀਤ ਸਿਘ ਲਾਸਏਂਜਲਸ
ਵਾਈਸ ਕੈਲੇਫੋਰਗੀਨੀਆ

ਕੁਲਵੰਤ ਸਿਘ

ਸਮਰਜੀਤ ਸਿਘ
ਚੀਫ ਐਗਜੈਕਟਿਵ ਮੈਬਰ

ਲਵਦੀਪ ਸਿਘ
ਸਹਾਇਕ ਖਜਾਨਚੀ

ਤਰਨਜੀਤ ਸਿਘ
ਚੀਫ ਐਗਜੈਕਟਿਵ ਮੈਂਬਰ

ਗੁਰਮੀਤ ਸਿਘ
ਯੂਥਾਸਿਟੀ ਵਾਈਸ ਪ੍ਰਧਾਨ

ਸੁਖਬੀਰ ਸਿਘ ਗਿੱਲ
ਮੀਡੀਆ ਇੰਚਾਰਜ

ਵਿਕਰਮਜੀਤ ਸਿਘ
ਐਗਜੈਕਟਿਵ ਮੈਂਬਰ

ਚਰਨਜੀਤ ਸਿਘ ਧਾਲੀਵਾਲ

ਗੁਰਵਿੰਦਰ ਸਿਘ

ਜਸਕਰਨ ਸਿਘ



ਨਿਰਮਲ ਸਿਘ

ਪਰਮਜੀਤ ਸਿਘ ਧਾਲੀਵਾਲ

ਰਾਜਦੀਪ ਸਿਘ

ਸੰਦੀਪ ਸਿਘ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

ਦੀ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

SinghSigns

ELECTRICAL· GRAPHIC· ENGRAVING

Sales - Installation - Repair

WE FABRICATE & SERVICE ALL ELECTRICAL SIGNS

44279 FREMONT BLVD. UNIT P FREMONT, CA 94538

510-573-3162

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

DESIGNED FOR QUALITY SIGH, ENGINEERED TO LAST !

ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ

ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ

ਸ੍ਰ. ਬਲਵਿੰਦਰ ਸਿੰਘ ਭੁੰਦੜ
ਸਾਬਕਾ ਰਾਜ ਸਭਾ ਮੈਂਬਰ

ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ

ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ



ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ

ਸ. ਜੋਗਾ ਸਿੰਘ ਹੀਰਾ
925-719-4359

ਸ. ਜੀਤ ਸਿੰਘ
510-750-2810

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ
ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਸਵਰਗੀ ਸ਼ਿਵਰਾਜ ਸਿੰਘ ਸੰਘੇੜਾ
ਦੀ ਨਿੱਘੀ ਯਾਦ ਵਿਚ

ਜਥੇਦਾਰ ਸੱਜਣ ਸਿੰਘ ਸੰਘੇੜਾ

ਸ੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ
ਉਨ੍ਹਾਂ ਦੇ ਵੀਰ ਸ੍ਰ. ਜੇ.ਪੀ. ਸਿੰਘ ਲਾਲੀ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

ਸਾਬਕਾ ਪ੍ਰਧਾਨ ਸੁੱਚਾ ਸਿੰਘ

913 256 9498

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ

Gurdwara Nanak Darbar Sahib

126 S Cherry Street Olathe KS 66061

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ

ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ

Binghamton New York

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration

3073 W Ashlan Ave <> Fresno, CA 93722

Ph. (559) 243-9200

Fax (559) 549-6211

or visit

www.rakhrataxservice.com

or avtar06@gmail.com

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

510.487.3254

General Contractors

CHANA CONSTRUCTION
Residential & Commercial
Since 1989

Custom Homes & Additions

Licence No. 554005

ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ
ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।

COMMERCIAL
- New Homes
- Additon
- 2nd Story addition
- Kitchan Bath
- ADU



RESIDENTIAL
- Shopping Centre
- Tenant Improvement
- Liqour Store
- Dental Office
- Restaurant
- Pharmacy

Google
FIVE STAR
CUSTOMER RATING

Serving The Bay Area For
Past More Then 43+ Years
* Insurance Bonded*

Contact :
Bhupinder S. Chana | Devinder S. Chana
FAX : 510-487-0804
dschana@chanacoustruction.com
www.chanacontruction.com

ਸਾਬਕਾ ਪ੍ਰਧਾਨ ਮੰਤਰੀ ਸਵ. ਡਾ. ਮਨਮੋਹਨ ਸਿੰਘ ਦੇ ਨਾਲ ਯਾਦਗਾਰੀ ਤਸਵੀਰਾਂ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ

ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

Cold Rush Trucking inc Manteca CA

209-328-5546 | Email : coldrushinc1313@gmail.com

ਸ੍ਰ. ਪ੍ਰਮਜੀਤ ਸਿੰਘ ਸ੍ਰ. ਅਵਤਾਰ ਸਿੰਘ, ਸ੍ਰ. ਪ੍ਰੇਮ ਸਿੰਘ, ਸ੍ਰ. ਗੁਰਫਤਿਹ ਸਿੰਘ

ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ

St. Louis State Missouri USA

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ
ਅਤੇ ਸਮਰਪਣ ਨੂੰ ਦੇਖਦੇ ਹੋਏ
ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ
ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ
ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ
ਚੌਥੇ ਗੁਰੂ ਦੀ ਉਪਾਧੀ ਦਿੱਤੀ।

ਸ਼੍ਰ. ਸੁਚਖੈਨ ਸਿੰਘ ਬੱਚਾਜੀਵੀ ਬੇਗੋਵਾਲ,
ਸ਼੍ਰ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ
ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ
ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ
ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

ਲੱਖ-ਲੱਖ ਵਧਾਈਆਂ

kw LAKE WASHINGTON SO
KELLERWILLIAMS. REALTY

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਮਾਂ ਬੋਲੀ ਦੇ
ਸੇਵਾਦਾਰ ਅਤੇ ਸਿਆਟਲ ਵਾਸ਼ਿੰਗਟਨ ਦੇ ਉਘੇ ਬਿਜਨਸਮੈਨ

ਸ੍ਰ. ਚਰਨਜੀਤ ਸਿੰਘ ਸਿਆਟਲ (ਸੀ.ਜੇ ਸਿੰਘ)

M. 206-295-5993 | 866-205-0865

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ
ਅਤੇ ਸਮਰਪਣ ਨੂੰ ਦੇਖਦੇ ਹੋਏ
ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ
ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ
ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ
ਚੌਥੇ ਗੁਰੂ ਦੀ ਉਪਾਧੀ ਦਿੱਤੀ।

ਸਿੱਖ ਪੰਥ ਦੇ ਨਿਸ਼ਕਾਮ ਸੇਵਕ ਦਹਾਕਿਆਂ
ਤੋਂ ਪੰਥ ਦੇ ਸੇਵਾ ਕਰਦੇ ਆ ਰਹੇ
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਸ੍ਰ. ਜਸਵੰਤ ਸਿੰਘ ਹੋਠੀ

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

ਮੁਲਤਾਨੀ ਬ੍ਰਦਰਜ਼

ਸ੍ਰ. ਨਿਰੰਜਨ ਸਿੰਘ ਮੁਲਤਾਨੀ,

ਸ੍ਰ. ਯਾਦਵਿੰਦਰ ਸਿੰਘ ਮੁਲਤਾਨੀ

ਅਤੇ ਸ੍ਰ. ਕੁਲਵਿੰਦਰ ਸਿੰਘ ਮੁਲਤਾਨੀ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ



ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਗੁਰੂ ਰਾਮ ਦਾਸ ਜੀ ਦੀ ਧਰਮ ਪ੍ਰਤੀ ਸੇਵਾ ਅਤੇ ਸਮਰਪਣ ਨੂੰ ਦੇਖਦੇ ਹੋਏ ਗੁਰੂ ਅਮਰ ਦਾਸ ਜੀ ਨੇ ਪਹਿਲਾਂ ਉਨ੍ਹਾਂ ਨੂੰ ਆਪਣਾ ਚੇਲਾ, ਫਿਰ ਜਵਾਈ ਅਤੇ ਅੰਤ ਵਿਚ ਆਪਣਾ ਉਤਰਾਧਿਕਾਰੀ ਸੌਂਪਦੇ ਹੋਏ ਚੌਥੇ ਗੁਰੂ ਦੀ ਉਪਾਧੀ ਦਿੱਤੀ।

ਗਿੱਲ ਬ੍ਰਦਰਜ਼

ਸ੍ਰ. ਮਹਿੰਦਰ ਸਿੰਘ ਗਿੱਲ

ਸ੍ਰ. ਸੁਖਵਿੰਦਰ ਸਿੰਘ ਗਿੱਲ

ਸ੍ਰ. ਸੁਖਤੇਜ ਸਿੰਘ ਗਿੱਲ



ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ

ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

Dr. Paramjit Singh DDS

ਅਸੀਂ ਸੋਮਵਾਰ, ਮੰਗਲਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਆਪ ਜੀ ਦੀ ਸੇਵਾ ਵਿਚ ਹਾਜ਼ਰ ਹਾਂ

ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਲੈਂਦੇ ਹਾਂ ਅਤੇ ਜਿਨ੍ਹਾਂ ਕੋਲ ਇੰਸ਼ੋਰੈਂਸ ਨਹੀਂ,

ਕੈਸ਼ਪੇਮੈਂਟ ਵਾਲਿਆਂ ਸਪੈਸ਼ਲ ਡਿਸਕਾਊਂਟ ਹੈ

4598 S. Tracy Blvd, Suite 150, Tracy, CA 95377

Phone : 209-221-6666, Fax : 209-221-7002

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ

ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ

ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ

ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ

ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ

ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਕਮਿਊਨਿਟੀ ਨੇ ਨਿਸ਼ਕਾਮ ਸੇਵਕ,
ਨੌਜਵਾਨ ਆਗੂ,
ਪੰਜਾਬੀ, ਸਭਿਆਚਾਰ
ਅਤੇ ਖੇਡਾਂ ਨੂੰ ਪ੍ਰਮੋਟ
ਕਰਨ ਵਾਲੇ
ਉਘੇ ਬਿਜਨਸਮੈਨ

ਸੰਧੂ ਬ੍ਰਦਰਜ਼

ਸ਼੍ਰ. ਬਲਜੀਤ ਸਿੰਘ ਸੰਧੂ ਅਤੇ ਸ਼੍ਰ. ਚਰਨਜੀਤ ਸਿੰਘ ਸੰਧੂ

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ
ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਨੌਜਵਾਨ ਆਗੂ ਅਤੇ
ਫਰੀਮਾਂਟ ਸਿਟੀ ਦੇ ਮੇਅਰ

CITY OF Fremont

ਡਾ. ਰਾਜ ਸਲੂਜਾ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ

ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ

ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

A&I Watsonville, CA

A&I Trucking Co.

GAKHAL GROUP

GB Entertainment

123 E. Lee Road Watsonville, CA

Ph: 931-247-4637



ਅਮੋਲਕ ਸਿੰਘ ਗਾਖਲ

ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ



Gurvinder Singh Gakhal

Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਗਾਖਲ ਬ੍ਰਦਰਜ਼

ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ

ਧੰਨ ਧੰਨ ਸ਼੍ਰੀ ਗੁਰੂ ਰਾਮਦਾਸ ਜੀ ਦੇ



ਪ੍ਰਕਾਸ਼ ਪੁਰਬ

'ਤੇ ਸਮੂਹ ਸੰਗਤਾਂ ਨੂੰ

ਲੱਖ-ਲੱਖ ਵਧਾਈ

ਨਾਮ ਬਾਣੀ ਦੇ ਪ੍ਰਕਾਸ਼ ਨਾਲ ਆਪ ਸਭ ਦੇ
ਜੀਵਨ ਵਿਚ ਭਰਪੂਰ ਖੁਸ਼ੀਆਂ ਬਰਸਣ

ਕਮਿਊਨਿਟੀ ਦੇ ਨਿਸ਼ਕਾਮ ਸੇਵਕ,
ਹਰ ਕੰਮ ਨੂੰ ਸ਼ਰਧਾ ਤੇ ਸੇਵਾ ਨਾਲ ਕਰਨ
ਵਾਲੇ ਨੌਜਵਾਨ ਸਿੱਖ ਆਗੂ ਸਮਾਜ ਸੇਵਕ
ਹਿਊਮਨ ਰਿਲੇਸ਼ਨ ਕਮਿਸ਼ਨਰ
ਅਤੇ District 25 ਤੋਂ
ਸਟੇਟ ਅਸੈਂਬਲੀ ਡੈਲੀਫੇਟ

ਸ. ਤਜਿੰਦਰ ਸਿੰਘ ਧਾਮੀ

ਦੁਸਹਿਰਾ ਕਮੇਟੀ ਪ੍ਰਧਾਨ ਸ਼ੁਭਮ ਬਿੱਲਾ ਤੇ ਕਮੇਟੀ ਮੈਂਬਰਾਂ ਵੱਲੋਂ ਦੁਸਹਿਰਾ ਉਤਸਵ ਬੜੀ ਸ਼ਰਧਾ ਨਾਲ ਮਨਾਇਆ ਗਿਆ

ਦਸਹਿਰਾ ਗਰਾਊਂਡ ਵਿੱਚ ਰਾਵਣ, ਮੇਘਨਾਥ ਅਤੇ ਕੁੰਭਕਰਨ ਅਤੇ ਆਖਿਰ ਵਿੱਚ ਪੂਜਾ ਅਰਚਨਾ ਕਰਦੇ ਕਮੇਟੀ ਮੈਂਬਰ ਤੇ ਸਮੂਹ ਕਲਾਕਾਰ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਦੁਸਹਿਰਾ ਕਮੇਟੀ ਟਾਂਡਾ ਦੇ ਪ੍ਰਧਾਨ ਸ਼ੁਭਮ ਬਿੱਲਾ ਦੀ ਅਗਵਾਈ ਅਤੇ ਸੁਮਿਤ ਗੁਪਤਾ, ਜੱਸਾ ਪੰਡਿਤ, ਅੰਮ੍ਰਿਤਪਾਲ ਸਿੰਘ ਬਾਜਵਾ ਤੇ ਦੀਪਕ ਮਾਹਲਾ ਦੀ ਦੇਖਰੇਖ ਵਿੱਚ ਦੁਸਹਿਰਾ ਪਵਿੱਤਰ ਤਿਉਹਾਰ ਬੜੀ ਧੂਮਧਾਮ, ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਬੁਰਾਈ ਤੇ ਸੱਚਾਈ ਦਾ ਪ੍ਰਤੀਕ ਦੁਸਹਿਰਾ ਉਤਸਵ ਦੇਖਣ ਲਈ ਟਾਂਡਾ ਸ਼ਹਿਰ ਅਤੇ ਵੱਖ-ਵੱਖ ਪਿੰਡਾਂ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਟਾਂਡਾ ਦੀ ਗਰਾਊਂਡ ਵਿੱਚ ਹਾਜ਼ਰ ਸਨ। ਦੁਸਹਿਰਾ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਦਾ ਆਰੰਭ ਭਗਵਾਨ ਸ਼੍ਰੀ ਰਾਮਚੰਦਰ ਜੀ ਦੀ ਪੂਜਾ ਅਰਚਨਾ ਕਰਨ ਉਪਰੰਤ ਸਮੂਹ ਹਾਜ਼ਰ ਕਮੇਟੀ ਮੈਂਬਰਾਂ ਵੱਲੋਂ ਜੈ ਸ਼੍ਰੀ ਰਾਮ, ਹਰ ਹਰ ਮਹਾਦੇਵ ਦੇ ਜੈਕਾਰੇ ਲਗਾਏ ਗਏ।

ਦੁਸਹਿਰਾ ਗਰਾਊਂਡ ਵਿਖੇ ਵੱਖ-ਵੱਖ ਸਰੂਪਾਂ ਚ ਬਣੇ ਲਕਸ਼ਮਣ-ਮੇਘਨਾਥ ਦੇ ਯੁੱਧ ਵਿੱਚ ਜਦ ਲਕਸ਼ਮਣ ਮੁਰਝਿਤ ਹੋ ਕੇ ਜਮੀਨ ਤੇ ਡਿੱਗ ਗਏ ਤਾਂ ਇਹ ਸੀਨ ਵੇਖ ਕੇ ਦਰਸ਼ਕ ਭਾਵੁਕ ਹੋ ਗਏ। ਪ੍ਰਭੂ ਸ਼੍ਰੀ ਰਾਮ ਜੀ ਅਤੇ ਰਾਵਣ ਯੁੱਧ ਵਿੱਚ ਰਾਵਣ ਦੀ ਮੌਤ ਹੋ ਜਾਣ ਤੇ ਗਰਾਊਂਡ ਚ ਹਾਜਰ ਹਜ਼ਾਰਾਂ ਸ਼ਰਧਾਲੂਆਂ ਨੇ ਬੁਰਾਈ ਤੇ ਸੱਚਾਈ ਦੀ ਜਿੱਤ ਹੋਣ ਤੇ ਜੈ ਸ਼੍ਰੀ ਰਾਮ ਦੇ ਜੈਕਾਰੇ ਲਗਾਏ।

ਹਾਜ਼ਰ ਮੁੱਖ ਮਹਿਮਾਨ ਸਨਾਤਨ ਧਰਮ ਸਭਾ ਉੜਮੁੜ ਪ੍ਰਧਾਨ ਦੀਪਕ ਬਹਿਲ, ਦੋਆਬਾ ਕਿਸਾਨ ਕਮੇਟੀ ਪੰਜਾਬ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਸਮਾਜ ਸੇਵੀ ਜਿੰਮੀ ਖੰਨਾ, ਸਮਾਜ ਸੇਵੀ ਸਤਪਾਲ ਸਿੰਘ ਰਿਚੀ ਟਰੈਵਲ, ਸਮਾਜ ਸੇਵੀ ਜੀਵੇਸ਼ ਹਾਂਡਾ, ਸਮਾਜ ਸੇਵੀ ਸੋਨੂੰ ਖੰਨਾ, ਮੋਬਾਇਲ ਐਸੋਸੀਏਸ਼ਨ ਪ੍ਰਧਾਨ ਜਸਵਿੰਦਰ ਸਿੰਘ ਜੱਸੀ, ਸੈਫਰੋਨ ਰੈਸਟੋਰੈਂਟ ਦੇ ਐਮ.ਡੀ ਰਘੁਵੀਰ ਸਿੰਘ, ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ, ਕਾਂਗਰਸ ਜਿਲਾ ਪ੍ਰਧਾਨ ਦਲਜੀਤ ਸਿੰਘ ਗਿਲਜੀਆਂ, ਵਾਲਮੀਕਿ ਸ਼ਕਤੀ ਸੈਨਾ ਪੰਜਾਬ ਪ੍ਰਧਾਨ ਐਡਵੋਕੇਟ ਅਜੇ ਕੁਮਾਰ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ, ਭਾਜਪਾ ਐਗਜੈਕਟਿਵ ਮੈਂਬਰ ਜਵਾਹਰ ਲਾਲ ਖੁਰਾਨਾ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਅਵਾਧਸ ਪੰਜਾਬ ਦੇ ਸੀਨੀਅਰ ਚੇਅਰਮੈਨ ਗਗਨ ਭੱਟੀ, ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਇੰਦਰਜੀਤ ਸਿੰਘ ਮੁਲਤਾਨੀ, ਕਸ਼ਮੀਰ ਸਿੰਘ ਸ਼ਾਹੀ ਅਨਾਥ ਆਸ਼ਰਮ ਚੇਅਰਮੈਨ ਬੇਗੋਵਾਲ ਅਤੇ ਸਮਾਜ ਸੇਵੀ ਸੁਭਾਸ਼ ਸੋਂਧੀ ਨੇ ਰਾਵਣ, ਮੇਘਨਾਥ ਅਤੇ ਕੁੰਭਕਰਨ ਦੇ ਬੁੱਤਾਂ ਨੂੰ ਅਗਨਿ ਭੇਂਟ ਕੀਤੀ।

ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਨੇ ਸੱਚਾਈ ਤੇ ਪਹਿਰਾ ਦਿੰਦੇ ਹੋਏ ਸਾਰੀ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਸੀ ਕਿ ਬੁਰਾਈ ਦਾ ਹਮੇਸ਼ਾ ਬੁਰਾ ਅੰਤ ਹੁੰਦਾ ਹੈ ਅਤੇ ਸੱਚਾਈ ਦੀ ਜਿੱਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਨੇ ਆਪਣੇ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਰਾਜਭਾਗ ਦਾ ਸੁਖਚੈਨ ਤਿਆਗ ਕੇ ਬਨਵਾਸ ਚਲੇ ਗਏ ਸਨ ਦੀ ਜਿਹੜੀ ਮਿਸਾਲ ਦਿੱਤੀ ਹੈ, ਸਾਡਾ ਸਾਰਿਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਆਪਣੇ ਮਾਤਾ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਉਨ੍ਹਾਂ ਦੀ ਸੇਵਾ ਕਰੀਏ। ਉਨ੍ਹਾਂ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਨੇ ਇਹ ਵੀ ਸੰਦੇਸ਼ ਦਿੱਤਾ ਸੀ ਕਿ ਹਰ ਇਨਸਾਨ ਨੂੰ ਬੁਰੇ ਕਰਮਾਂ ਦਾ ਤਿਆਗ ਕਰਕੇ ਹਮੇਸ਼ਾ ਚੰਗੇ ਕਰਮ ਕਰਦੇ ਹੋਏ ਪਰਮ ਪਿਤਾ ਪਰਮੇਸ਼ਵਰ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਜੋ ਜਿਸ ਮਕਸਦ ਲਈ ਭਗਵਾਨ ਨੇ ਸਾਨੂੰ ਇਹ ਇਨਸਾਨੀ ਜਾਮਾ ਬਖਸ਼ਿਆ ਹੈ ਉਸ ਜਾਮੇ ਦਾ ਪੂਰਾ ਪੂਰਾ ਫਾਇਦਾ ਉਠਾ ਕੇ ਇਸ ਆਵਾਗਮਨ ਦੇ ਚੱਕਰਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾ ਸਕੀਏ। ਉਨ੍ਹਾਂ ਨੇ ਹਾਜਰ ਪ੍ਰਭੂ ਸ਼੍ਰੀ ਰਾਮ ਦੇ ਹਜ਼ਾਰਾਂ ਸ਼ਰਧਾਲੂਆਂ ਨੂੰ ਬੁਰਾਈ ਤੇ ਸੱਚਾਈ ਦਾ ਪ੍ਰਤੀਕ ਦੁਸ਼ਹਿਰਾ ਉਤਸਵ ਦੀ ਵਧਾਈ ਦਿੱਤੀ।

ਇਸ ਮੌਕੇ ਤੇ ਸ਼੍ਰੀ ਅਰਜੁਨ ਕਲੱਬ ਟਾਂਡਾ ਪ੍ਰਧਾਨ ਰਣਜੀਤ ਸਿੰਘ ਜੀਤਾ, ਰਾਮਾ ਡਰਾਮੈਟਿਕ ਕਲੱਬ ਉੜਮੁੜ ਪ੍ਰਧਾਨ ਵਿਕਾਸ ਮਦਾਨ, ਵੀਰ ਕ੍ਰਿਸ਼ਨਾ ਕਲੱਬ ਅਹਿਆਪੁਰ ਪ੍ਰਧਾਨ ਲਾਡੀ ਤਲਵਾੜ, ਸ਼੍ਰੋਮਣੀ ਅਕਾਲੀ ਦਲ ਐਸ.ਸੀ ਵਿੰਗ ਜਿਲਾ ਪ੍ਰਧਾਨ ਸਰਬਜੀਤ ਮੋਮੀ, ਕਮਲਜੀਤ ਸਿੰਘ ਤੁੱਲੀ, ਪ੍ਰਿਥੀਪਾਲ ਸਿੰਘ ਦਾਤਾ, ਲਕਸ਼ੇ ਬਹਿਲ, ਪੁਨੀਸ਼ ਗਰੋਵਰ, ਪੰਡਿਤ ਮਿਥਲੇਸ਼ ਗਰਗ, ਰਾਜੂ ਖੋਸਲਾ, ਪ੍ਰਸ਼ਾਂਤ ਪੰਡਿਤ, ਪੁਨੀਤ ਢੀਂਗਰਾ, ਵਿਨੋਦ ਕੁਮਾਰ, ਬੱਗਾ ਸਿੱਧੂ, ਲਾਡੀ ਗੁਲਾਮ, ਨਵੀਨ ਵਰਮਾ, ਅਜੇ ਅਰੋੜਾ, ਮੋਹਿਤ ਸ਼ਰਮਾ, ਡਾ. ਅਨਮੋਲਕ ਮਰਵਾਹਾ, ਜਸਪ੍ਰੀਤ ਸਿੰਘ ਸੈਣੀ, ਸੁਮੇਸ਼ ਖੰਨਾ, ਨਿਤਿਨ ਖੰਨਾ, ਆਕਾਸ਼ ਮਰਵਾਹਾ, ਪਾਰਸ ਕਾਲੀਆ, ਮੁਨੀਸ਼ ਸੂਦ, ਬੋਬੀ ਸੂਦ, ਮੋਤੀ ਲਾਲ ਗੁਲਾਟੀ, ਸਾਗਰ ਸੂਦ, ਅੰਕੁਸ਼, ਅਭੀ ਤਲਵਾੜ, ਸੰਨੀ ਠੇਕੇਦਾਰ, ਬ੍ਰਹਮਜੀਤ ਸੈਣੀ, ਅਮਨ ਮਾਹਲਾ, ਜੋਗੇਸ਼ ਕੁਮਾਰ, ਅਨੁਰਾਗ ਸ਼ਰਮਾ, ਵਿਸ਼ਾਲ, ਸੰਦੀਪ, ਸੁਦਾਮਾ ਜੀ, ਅਮਿਤ ਸ਼ਰਮਾ, ਹਨੀ, ਮਨੀਸ਼ ਮਾਹਲਾ ਅਤੇ ਬੰਟੀ ਰਾਜਪੂਤ ਤੋਂ ਇਲਾਵਾ ਹੋਰ ਹਾਜ਼ਰ ਸ਼ਰਧਾਲੂਆਂ ਨੇ ਪੂਜਾ ਅਰਚਨਾ ਕਰਦੇ ਹੋਏ ਜੈ ਸ਼੍ਰੀ ਰਾਮ ਦੇ ਜੈਕਾਰੇ ਲਗਾਏ।

ਅੱਤਵਾਦ ਪੀੜਤ ਪਰਿਵਾਰਾਂ ਦੇ ਬਕਾਏ ਤੁਰੰਤ ਜਾਰੀ ਕਰੇ ਮਾਨ ਸਰਕਾਰ, ਨਹੀਂ ਤਾਂ 2027 ਚੋਣਾਂ 'ਚ ਹਿੰਦ ਦੇਣਗੇ ਮੂੰਹ-ਤੋੜਵਾਂ ਜਵਾਬ : ਮਿੱਕੀ ਪੰਡਿਤ

ਸ਼ਿਵ ਸੈਨਾ ਦੇ ਉੱਤਰੀ ਭਾਰਤ ਪ੍ਰਧਾਨ ਦੀ ਅਗਵਾਈ ਹੇਠ ਟਾਂਡਾ ਵਿਖੇ ਅਹਿਮ ਮੀਟਿੰਗ; 'ਆਪ' ਸਰਕਾਰ 'ਤੇ ਹਿੰਦੂ ਹਿੱਤਾਂ ਦੀ ਅਣਦੇਖੀ ਅਤੇ ਵਿਤਕਰੇਬਾਜ਼ੀ ਦੇ ਲਾਏ ਗੰਭੀਰ ਦੋਸ਼

ਟਾਂਡਾ ਉੜਮੁੜ ਵਿਖੇ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਸ਼ਿਵ ਸੈਨਾ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਪੰਡਿਤ ਸ਼ਿਵਮ ਵੈਦ, ਆਰ ਸਿੰਘ ਸਿੱਧੂ ਅਤੇ ਹੋਰ ਆਗੂ।

ਟਾਂਡਾ ਉੜਮੁੜ (ਆਰ ਸਿੰਘ ਸਿੱਧੂ/ਸਾਡੇ ਲੋਕ): ਪੰਜਾਬ ਵਿੱਚ ਕਾਲੇ ਦੌਰ (ਅੱਤਵਾਦ) ਦੌਰਾਨ ਪ੍ਰਭਾਵਿਤ ਹੋਏ ਪੀੜਤ ਪਰਿਵਾਰਾਂ ਨੂੰ ਐਲਾਨੀ ਗਈ ਵਿੱਤੀ ਸਹਾਇਤਾ ਰਾਸ਼ੀ ਤੁਰੰਤ ਜਾਰੀ ਕਰਵਾਉਣ, ਹਿੰਦੂਆਂ ਦੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਅਤੇ ਨੌਜਵਾਨ ਪੀੜ੍ਹੀ ਨੂੰ ਜਥੇਬੰਦਕ ਤੌਰ 'ਤੇ ਲਾਮਬੰਦ ਕਰਨ ਦੇ ਉਦੇਸ਼ ਨਾਲ ਟਾਂਡਾ ਉੜਮੁੜ ਵਿਖੇ ਸ਼ਿਵ ਸੈਨਾ ਦੀ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਸ਼ਿਵ ਸੈਨਾ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਨੇ ਕੀਤੀ, ਜਿਸ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈ-ਸੇਵੀ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਵਿੱਚ ਸ਼ਿਵ ਸੈਨਾ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਕੱਠ ਨੂੰ ਸੰਬੋਧਨ ਕਰਦਿਆਂ ਮਿੱਕੀ ਪੰਡਿਤ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਸਿੱਧੀ ਚੇਤਾਵਨੀ ਦਿੱਤੀ ਕਿ ਜੇਕਰ ਅੱਤਵਾਦ ਪੀੜਤ ਪਰਿਵਾਰਾਂ ਦੇ ਬਣਦੇ ਬਕਾਏ ਤੁਰੰਤ ਅਦਾ ਨਾ ਕੀਤੇ ਗਏ, ਤਾਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਿੰਦੂ ਭਾਈਚਾਰਾ ਵੋਟ ਦੀ ਚੋਟ ਨਾਲ ਇਸ ਦਾ ਜਵਾਬ ਦੇਵੇਗਾ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਅਨੇਕਾਂ ਵਾਰ ਲਿਖਤੀ ਅਤੇ ਜ਼ਬਾਨੀ ਮੰਗ-ਪੱਤਰ ਸੌਂਪੇ ਗਏ ਹਨ ਕਿ ਅੱਤਵਾਦ ਪੀੜਤ ਪਰਿਵਾਰਾਂ ਲਈ ਸਰਕਾਰ ਵੱਲੋਂ ਘੋਸ਼ਿਤ ਕੀਤੀ ਗਈ ਵਿੱਤੀ ਸਹਾਇਤਾ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ ਤਾਂ ਜੋ ਇਨ੍ਹਾਂ ਦੁਖੀ ਪਰਿਵਾਰਾਂ ਨੂੰ ਕੁਝ ਆਰਥਿਕ ਰਾਹਤ ਮਿਲ ਸਕੇ। ਉਨ੍ਹਾਂ ਅਫ਼ਸੋਸ ਜਤਾਇਆ ਕਿ ਵਾਰ-ਵਾਰ ਦੀਆਂ ਅਪੀਲਾਂ ਦੇ ਬਾਵਜੂਦ ਸਰਕਾਰ ਨੇ ਇੱਕ ਧੇਲਾ ਵੀ ਜਾਰੀ ਨਹੀਂ ਕੀਤਾ, ਜਿਸ ਕਾਰਨ ਭਾਈਚਾਰੇ ਅੰਦਰ ਭਾਰੀ ਨਿਰਾਸ਼ਾ ਅਤੇ ਰੋਸ ਫੈਲ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਸੱਤਾ ਵਿੱਚ ਆਈ ਹੈ, ਪੰਜਾਬ ਦੇ ਹਿੰਦੂਆਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਹੁਣ ਪਿੰਡ-ਪਿੰਡ ਜਾ ਕੇ ਨੁੱਕੜ ਮੀਟਿੰਗਾਂ ਕਰ ਰਹੀ ਹੈ ਤਾਂ ਜੋ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸ਼ਿਵ ਸੈਨਾ ਪੰਜਾਬ ਵੱਲੋਂ ਵਿੱਢੀ ਗਈ 'ਨਸ਼ਾ ਛੱਡੋ ਮੁਹਿੰਮ' ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਮੁੱਖ ਧਾਰਾ ਅਤੇ ਸਮਾਜ ਸੇਵਾ ਨਾਲ ਜੁੜ ਰਹੇ ਹਨ।

ਇਸ ਮੌਕੇ ਸ਼ਿਵ ਸੈਨਾ ਪੰਜਾਬ ਦੇ ਦੁਆਬਾ ਪ੍ਰਧਾਨ ਪੰਡਿਤ ਸ਼ਿਵਮ ਵੈਦ, ਆਰ ਸਿੰਘ ਸਿੱਧੂ, ਸਨਾਤਨ ਧਰਮ ਸਭਾ ਕਲੋਦਿਆਂ ਦੇ ਪ੍ਰਧਾਨ ਆਕਾਸ਼ ਰਾਣਾ, ਯੁਵਾ ਨੇਤਾ ਹਰਜੀਤ ਸਿੰਘ ਬਘੇਲ, ਬੇਟ ਏਰੀਆ ਪ੍ਰਧਾਨ ਤੇ ਯੁਵਾ ਜਲੰਧਰ ਇੰਚਾਰਜ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਯੁਵਾ ਨੇਤਾ ਜਿੰਦਰ ਬਣਿਆਲ, ਹਿੰਦੂ ਨੇਤਾ ਸ਼ੁਭਮ ਮਲਹੋਤਰਾ, ਯੁਵਾ ਨੇਤਾ ਜੋਬਨ, ਯੁਵਾ ਨੇਤਾ ਸਾਬੀ, ਆਸ਼ੂ ਅਤੇ ਸਮਾਜ ਸੇਵੀ ਗੌਰਵ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਮੌਜੂਦ ਸਨ।

ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਪਿੰਡਾਂ ਨੂੰ ਵੰਡੀਆਂ ਗਈਆਂ ਪਾਣੀ ਵਾਲੀਆਂ ਮੋਬਾਈਲ ਟੈਂਕੀਆਂ

ਸਮਾਜਿਕ ਤੇ ਧਾਰਮਿਕ ਸਮਾਗਮਾਂ ਦੌਰਾਨ ਪੀਣ ਵਾਲੇ ਸਾਫ਼ ਪਾਣੀ ਦੀ ਕਿੱਲਤ ਹੋਵੇਗੀ ਦੂਰ; ਪਿੰਡ ਵਾਸੀਆਂ ਨੇ ਵਿਧਾਇਕ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਕੀਤਾ ਧੰਨਵਾਦ

ਟਾਂਡਾ ਉੜਮੁੜ (ਆਰ ਸਿੰਘ ਸਿੱਧੂ/ਸਾਡੇ ਲੋਕ): ਵਿਧਾਨ ਸਭਾ ਹਲਕਾ ਉੜਮੁੜ ਟਾਂਡਾ ਦੇ ਪਿੰਡਾਂ ਵਿੱਚ ਜਨਤਕ ਸਹੂਲਤਾਂ ਦਾ ਵਿਸਥਾਰ ਕਰਨ ਅਤੇ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਦੇ ਮੰਤਵ ਨਾਲ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੂੰ ਪਾਣੀ ਵਾਲੀਆਂ ਮੋਬਾਈਲ ਟੈਂਕੀਆਂ (Water Tankers) ਤਕਸੀਮ ਕੀਤੀਆਂ ਗਈਆਂ। ਇਸ ਲੋਕ-ਭਲਾਈ ਕਦਮ ਨਾਲ ਪਿੰਡਾਂ ਦੇ ਬਾਸ਼ਿੰਦਿਆਂ ਨੂੰ ਵੱਡੀ ਰਾਹਤ ਮਿਲਣ ਦੀ ਆਸ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਜਿੱਥੇ ਪਿੰਡਾਂ ਵਿੱਚ ਨੌਜਵਾਨਾਂ ਲਈ ਖੇਡ ਮੈਦਾਨ, ਆਮ ਆਦਮੀ ਕਲੀਨਿਕ, ਕਮਿਊਨਿਟੀ ਹੈਲਥ ਸੈਂਟਰ ਅਤੇ ਆਧੁਨਿਕ ਲਾਇਬ੍ਰੇਰੀਆਂ ਬਣਾਈਆਂ ਜਾ ਰਹੀਆਂ ਹਨ, ਉੱਥੇ ਹੀ ਪੇਂਡੂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਅੱਜ ਹਲਕੇ ਦੇ ਕਈ ਪਿੰਡਾਂ ਨੂੰ ਪਾਣੀ ਦੀਆਂ ਟੈਂਕੀਆਂ ਮੁਹੱਈਆ ਕਰਵਾਈਆਂ ਗਈਆਂ ਹਨ।

ਮੁੱਖ ਵੇਰਵੇ: ਹਲਕਾ ਟਾਂਡਾ ਜਨਤਕ ਵਿਕਾਸ ਪਹਿਲਕਦਮੀ

ਸਥਾਨ/ਹਲਕਾ : ਵਿਧਾਨ ਸਭਾ ਹਲਕਾ ਉੜਮੁੜ ਟਾਂਡਾ (ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ)

ਅਗਵਾਈ : ਜਸਵੀਰ ਸਿੰਘ ਰਾਜਾ ਗਿੱਲ (ਵਿਧਾਇਕ, ਹਲਕਾ ਉੜਮੁੜ ਟਾਂਡਾ)

ਪ੍ਰੋਜੈਕਟ/ਸਹੂਲਤ : ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਮੋਬਾਈਲ ਪਾਣੀ ਵਾਲੀਆਂ ਟੈਂਕੀਆਂ ਦੀ ਵੰਡ

ਮੁੱਖ ਉਦੇਸ਼ ਪਿੰਡਾਂ ਵਿੱਚ ਵਿਆਹ-ਸ਼ਾਦੀਆਂ, ਧਾਰਮਿਕ ਦੀਵਾਨਾਂ, ਸਮਾਜਿਕ ਇਕੱਠਾਂ ਅਤੇ ਐਮਰਜੈਂਸੀ ਮੌਕੇ ਪਾਣੀ ਦੀ ਲੋੜ ਪੂਰੀ ਕਰਨਾ

ਸਰਕਾਰੀ ਵਿਕਾਸ ਏਜੰਡਾ : ਆਮ ਆਦਮੀ ਕਲੀਨਿਕ, ਪੇਂਡੂ ਖੇਡ ਸਟੇਡੀਅਮ, ਸੀਵਰੇਜ ਤੇ ਪੀਣ ਵਾਲੇ ਪਾਣੀ ਦਾ ਪ੍ਰਬੰਧ

ਪਿੰਡ ਵਾਸੀਆਂ ਦਾ ਪ੍ਰਤੀਕਰਮ : ਪੰਚਾਇਤਾਂ ਤੇ ਮੋਹਤਬਰਾਂ ਵੱਲੋਂ ਵਿਧਾਇਕ ਅਤੇ ਮੁੱਖ ਮੰਤਰੀ ਦਾ ਵਿਸ਼ੇਸ਼ ਧੰਨਵਾਦ

ਵਿਧਾਇਕ ਜਸਵੀਰ ਸਿੰਘ ਰਾਜਾ ਦੇ ਮੁੱਖ ਬਿਆਨ ਤੇ ਉਦੇਸ਼

ਸਮਾਜਿਕ ਤੇ ਧਾਰਮਿਕ ਕਾਰਜਾਂ ਲਈ ਵੱਡੀ ਸਹੂਲਤ:

ਵਿਧਾਇਕ ਰਾਜਾ ਨੇ ਦੱਸਿਆ ਕਿ ਪਿੰਡਾਂ ਵਿੱਚ ਅਕਸਰ ਕੋਈ ਵਿਆਹ ਕਾਰਜ, ਭੋਗ, ਧਾਰਮਿਕ ਨਗਰ ਕੀਰਤਨ ਜਾਂ ਗੁਰਦੁਆਰਾ ਸਾਹਿਬਾਨ ਦੇ ਵੱਡੇ ਸਮਾਗਮ ਹੁੰਦੇ ਹਨ, ਜਿੱਥੇ ਸੰਗਤਾਂ ਅਤੇ ਮਹਿਮਾਨਾਂ ਲਈ ਪੀਣ ਵਾਲੇ ਠੰਢੇ ਤੇ ਸਾਫ਼ ਪਾਣੀ ਦੀ ਭਾਰੀ ਲੋੜ ਪੈਂਦੀ ਹੈ। ਪੰਚਾਇਤਾਂ ਕੋਲ ਆਪਣੀ ਟੈਂਕੀ ਨਾ ਹੋਣ ਕਾਰਨ ਕਿਰਾਏ 'ਤੇ ਟੈਂਕਰ ਮੰਗਵਾਉਣੇ ਪੈਂਦੇ ਸਨ। ਅੱਜ ਇਹ ਘਾਟ ਪੂਰੀ ਕਰ ਦਿੱਤੀ ਗਈ ਹੈ।

ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦਾ ਟੀਚਾ:

ਉ

ਗੁਰੂ ਘਰ ਦੀ ਸੇਵਾ ਤੇ ਨਾਮ ਸਿਮਰਨ ਕਰਨ ਵਾਲੇ ਹੀ ਇਨਸਾਨ ਪ੍ਰਭੂ ਚਰਨਾਂ ਨਾਲ ਜੁੜ ਸਕਦੇ ਹਨ : ਬਾਬਾ ਸ਼ੇਰ ਸਿੰਘ

ਕ੍ਰਿਸ਼ਮਈ ਪਾਣੀ ਲੈਣ ਦਰਬਾਰ 'ਚ ਸੰਗਤ ਦਾ ਲੱਗਿਆ ਤਾਂਤਾ



ਦਰਬਾਰ ਚ ਮੱਥਾ ਟੇਕਦੀਆਂ ਸੰਗਤਾਂ ਨੂੰ ਆਸ਼ੀਰਵਾਦ ਦਿੰਦੇ ਬਾਬਾ ਸ਼ੇਰ ਸਿੰਘ ਜੀ ਅਤੇ ਕ੍ਰਿਸ਼ਮਈ ਨਲਕੇ ਤੋਂ ਪਾਣੀ ਲੈਂਦੀ ਸੰਗਤ

ਟਾਂਡਾ ਉੜਮੁੜ (ਆਰ ਸਿੰਘ ਸਿੱਧੂ/ਸਾਡੇ ਲੋਕ) ਸੱਚਾਈ ਤੇ ਪਹਿਰਾ ਦੇਣ, ਗੁਰੂ ਘਰ ਦੀ ਸੇਵਾ ਕਰਨ ਅਤੇ ਸਤਿਗੁਰੂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਦਾ ਜਾਪ ਕਰਨ ਵਾਲੇ ਇਨਸਾਨ ਹੀ ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਆਪਣੇ ਜੀਵਨ ਨੂੰ ਸਫਲ ਬਣਾ ਸਕਦੇ ਹਨ। ਉਹ ਇਨਸਾਨ ਹੀ ਨਾਮ ਸਿਮਰਨ ਕਰ ਸਕਦੇ ਹਨ ਜਿਹੜੇ ਆਪਣੇ ਅੰਦਰੋਂ ਹਉਮਾ, ਮੋਹ, ਲੋਭ, ਕ੍ਰੋਧ ਅਤੇ ਅਹੰਕਾਰ ਦਾ ਤਿਆਗ ਕਰਕੇ ਸਰਬਤ ਦਾ ਭਲਾ ਮੰਗਦੇ ਹੋਏ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਜਰੂਰਤਮੰਦ ਪਰਿਵਾਰਾਂ ਤੇ ਖਰਚ ਕਰਦੇ ਹਨ। ਗੁਰੂ ਘਰ ਦੀ ਸੇਵਾ ਕਰਨ ਨਾਲ ਮਨ ਨੀਵਾਂ ਹੁੰਦਾ ਹੈ ਅਤੇ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ। ਇਨਸਾਨੀ ਜਾਮੇ ਵਿੱਚ ਆਉਣ ਤੋਂ ਪਹਿਲਾਂ ਹਰ ਇਨਸਾਨ ਪਰਮ ਪਿਤਾ ਪਰਮੇਸ਼ਵਰ ਅੱਗੇ ਇਹ ਅਰਦਾਸ ਕਰਦਾ ਹੈ ਕਿ ਇੱਕ ਵਾਰ ਮੈਨੂੰ ਇਨਸਾਨੀ ਜਾਮਾ ਬਖਸ਼ ਦੇ ਮੈਂ ਹਮੇਸ਼ਾ ਤੇਰਾ ਸਿਮਰਨ ਕਰਦਾ ਰਹਾਂਗਾ, ਪਰ ਦੁਨੀਆਂ ਵਿੱਚ ਆ ਕੇ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਇਨਸਾਨ ਪ੍ਰਭੂ ਦਾ ਨਾਮ ਸਿਮਰਨ ਭੁੱਲ ਜਾਂਦਾ ਹੈ ਜਿਸ ਕਾਰਨ ਉਹ ਇਸ ਆਵਾਗਮਨ ਦੇ ਚੱਕਰਾਂ ਵਿੱਚ ਫਸਿਆ ਰਹਿੰਦਾ ਹੈ।

ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰਾ ਕਲੀਅਰ ਸ਼ਰੀਫ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ ਵਿੱਚ ਹਾਜ਼ਰ ਸੰਗਤ ਦੇ ਇਕੱਠ ਨੂੰ ਆਪਣੇ ਪ੍ਰਵਚਨਾਂ ਰਾਹੀਂ ਪ੍ਰਭੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕੀਤਾ। ਉਨ੍ਹਾਂ ਕਿਹਾ ਕਿ ਇਨਸਾਨ ਅਹੰਕਾਰ ਦੇ ਜਾਲ ਵਿੱਚ ਫਸ ਕੇ ਮੈਂ ਮੇਰਾ ਹੀ ਕਹਿਣ ਵਿੱਚ ਲੱਗਿਆ ਹੋਇਆ ਹੈ ਜਿਸ ਕਾਰਨ ਉਸ ਵੱਲੋਂ ਕੀਤੇ ਗਏ ਚੰਗੇ ਕਰਮ ਵੀ ਖਤਮ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਇਨਸਾਨ ਮੋਹ ਮਾਇਆ ਦੇ ਜਾਲ ਵਿੱਚ ਫਸ ਕੇ ਪਰਮ ਪਿਤਾ ਪਰਮੇਸ਼ਵਰ ਵਲੋਂ ਕੀਤੀ ਗਈ ਬਖਸ਼ਿਸ਼ ਨੂੰ ਭੁਲਾਈ ਬੈਠਾ ਹੈ ਅਤੇ ਮਨ ਦੇ ਕਹਿਣੇ ਵਿੱਚ ਫਸ ਕੇ ਛਲ ਕਪਟ, ਝੂਠ ਫਰੇਬ ਅਤੇ ਮਾੜੇ ਕਰਮ ਕਰਨ ਵਿੱਚ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਸੰਸਾਰਿਕ ਜਿੰਮੇਵਾਰੀਆਂ ਨੂੰ ਨਿਭਾਉਂਦਾ ਹੋਇਆ ਸਤਿਗੁਰੂ ਵੱਲੋਂ ਬਖਸ਼ੇ ਗਏ ਨਾਮ ਸਿਮਰਨ ਦਾ ਦਿਨ ਰਾਤ ਜਾਪ ਕਰਦਾ ਰਹੇ ਤਾਂ ਜੋ ਜਿਸ ਮਕਸਦ ਲਈ ਪ੍ਰਭੂ ਨੇ ਸਾਨੂੰ ਇਹ ਇਨਸਾਨੀ ਜਾਮਾ ਬਖਸ਼ਿਆ ਸੀ ਉਸ ਮਕਸਦ ਨੂੰ ਹਾਸਿਲ ਕਰਕੇ ਇਸ ਭਵਸਾਗਰ ਨੂੰ ਪਾਰ ਕਰ ਸਕੀਏ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਇਨਸਾਨ ਆਪਣੇ ਅੰਦਰੋਂ ਅਹੰਕਾਰ ਦਾ ਤਿਆਗ ਕਰਕੇ ਹਰ ਇੱਕ ਨਾਲ ਪਿਆਰ ਦੀ ਭਾਵਨਾ ਨਾਲ ਮੇਲ ਮਿਲਾਪ ਕਰੇ।

ਬਾਬਾ ਸ਼ੇਰ ਸਿੰਘ ਨੇ ਕਿਹਾ ਕਿ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਹਰ ਧਰਮ ਦੇ ਸਤਿਸੰਗ ਵਿੱਚ ਜਾ ਕੇ ਸੰਤ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣ ਕੇ ਉਸ ਉੱਤੇ ਅਮਲ ਕਰੇ ਕਿਉਂਕਿ ਸਾਰੇ ਧਰਮਾਂ ਦੇ ਸੰਤ ਮਹਾਂਪੁਰਸ਼ ਇੱਕੋ ਹੀ ਸੰਦੇਸ਼ ਦਿੰਦੇ ਹਨ ਕਿ ਕਿਰਤ ਕਮਾਈ ਕਰਦੇ ਹੋਏ ਨੇਕ ਕਰਮ ਕਰੋ ਤਾਂ ਜੋ ਇਸ 84 ਦੇ ਗੇੜ ਚੋਂ ਨਿਕਲ ਕੇ ਪ੍ਰਭੂ ਚਰਨਾਂ ਨਾਲ ਜੁੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ ਇਸ ਲਈ ਹਰ ਇੱਕ ਦੀ ਗਲਤੀ ਨੂੰ ਮਾਫ ਕਰ ਦੇਣਾ ਚਾਹੀਦਾ ਹੈ ਤਾਂ ਜੋ ਪਰਮ ਪਿਤਾ ਪਰਮੇਸ਼ਵਰ ਪਾਸੋਂ ਜਦੋਂ ਤੁਸੀਂ ਆਪਣੀਆਂ ਗਲਤੀਆਂ ਦੀਆਂ ਮਾਫੀਆਂ ਮੰਗੋ ਤਾਂ ਉਹ ਵੀ ਤੁਹਾਨੂੰ ਮਾਫ ਕਰ ਦੇਵੇ। ਉਨ੍ਹਾਂ ਕਿਹਾ ਕਿ ਜਿਹੜੇ ਵੀ ਇਨਸਾਨ ਸੱਚੇ ਮਨ ਅਤੇ ਲਗਨ ਨਾਲ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ ਉਨ੍ਹਾਂ ਦਾ ਇਹ ਇਨਸਾਨੀ ਜਾਮਾ ਸਫਲ ਹੋ ਜਾਂਦਾ ਹੈ ਅਤੇ ਸਦਾ ਲਈ ਪ੍ਰਭੂ ਚਰਨਾਂ ਵਿੱਚ ਲੀਨ ਹੋ ਜਾਂਦਾ। ਉਨ੍ਹਾਂ ਕਿਹਾ ਕਿ ਕਿ ਮਨ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਅਤੇ ਦੋਸਤ ਹੈ ਜੇਕਰ ਇਸਨੂੰ ਆਪਣੇ ਵਸ਼ ਵਿੱਚ ਕਰ ਲਿਆ ਜਾਵੇ ਤਾਂ ਇਹ ਮਨ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਲਈ ਸਾਡੀ ਬਹੁਤ ਜਿਆਦਾ ਮਦਦ ਕਰ ਸਕਦਾ ਹੈ।

ਬਾਬਾ ਸ਼ੇਰ ਸਿੰਘ ਨੇ ਕਿਹਾ ਕਿ ਅਜੇ ਵੀ ਸਮਾਂ ਹੈ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜਨ ਦਾ, ਇਸ ਲਈ ਹਰ ਇਨਸਾਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅੱਜ ਤੋਂ ਹੀ ਸਵੇਰੇ ਸ਼ਾਮ 2-3 ਘੰਟੇ ਪ੍ਰਭੂ ਦਾ ਨਾਮ ਸਿਮਰਨ ਜਰੂਰ ਕਰੇ ਤਾਂ ਜੋ ਇਸ ਭਵਸਾਗਰ ਨੂੰ ਪਾਰ ਕਰ ਸਕੇ। ਉਨ੍ਹਾਂ ਨੇ ਕਿਹਾ ਕਿ ਦਰਬਾਰ ਵਿੱਚ ਲੱਗੇ ਕ੍ਰਿਸ਼ਮਈ ਨਲਕੇ ਦਾ ਪਾਣੀ ਪੀਣ ਨਾਲ ਕਈ ਪ੍ਰਕਾਰ ਦੀਆਂ ਬਿਮਾਰੀਆਂ ਠੀਕ ਹੋ ਜਾਂਦੀਆਂ ਹਨ ਅਤੇ ਇਸ ਕ੍ਰਿਸ਼ਮਈ ਨਲਕੇ ਦੇ ਪਾਣੀ ਦਾ ਘਰ ਵਿੱਚ ਛਿੜਕਾਓ ਕਰਨ ਨਾਲ ਕੀਤੇ-ਕਰਾਏ ਦਾ ਅਸਰ ਖਤਮ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਲਕੇ ਦਾ ਪਾਣੀ ਆਪਣੇ ਆਪ ਰੰਗ ਬਦਲਦਾ ਰਹਿੰਦਾ ਹੈ। ਦਰਬਾਰ ਵਿੱਚ ਨਲਕੇ ਦਾ ਪਾਣੀ ਲੈਣ ਲਈ ਸਾਰਾ ਦਿਨ ਸੰਗਤ ਦਾ ਤਾਂਤਾ ਲੱਗਿਆ ਰਿਹਾ।

ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਤੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਡਾਕਟਰ ਮੀਰ ਹਸਨ, ਦੇਵਿਕਾ, ਸੇਵਾਦਾਰ ਗੋਪੀ, ਤਲਵਿੰਦਰ ਕੁੰਦਾ, ਓਂਕਾਰ ਸਿੰਘ, ਜਸਵੰਤ ਸਿੰਘ, ਬਲਵਿੰਦਰ ਸਿੰਘ, ਰਜਿੰਦਰ ਕੌਰ, ਪ੍ਰਭ ਸਿਮਰਨ ਕੌਰ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਦੇ ਦਰਸਾਏ ਮਾਰਗ 'ਤੇ ਚੱਲ ਕੇ ਨੇਕ ਕਰਮ ਕਰਨੇ ਚਾਹੀਦੇ ਹਨ : ਰਜਿੰਦਰ ਮਾਰਸ਼ਲ, ਸੁਖਵਿੰਦਰ ਅਰੋੜਾ

ਸ਼੍ਰੀ ਅਰਜਨ ਕਲੱਬ ਟਾਂਡਾ ਵੱਲੋਂ ਆਯੋਜਿਤ 9ਵੀਂ ਰਾਮਲੀਲ੍ਹਾ ਵਿੱਚ ਬਾਲੀ-ਸੁਗਰੀਵ ਯੁੱਧ ਅਤੇ ਬਾਲੀ ਵੱਧ ਦਾ ਦਿਲ-ਟੁੰਬਵਾਂ ਮੰਚਨ; ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

ਬਾਲੀ-ਸੁਗਰੀਵ ਯੁੱਧ ਦੀ ਝਾਕੀ ਪੇਸ਼ ਕਰਦੇ ਕਲਾਕਾਰ ਦੂਸਰੇ ਤਸਵੀਰ 'ਚ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕਰਦੇ ਕਲੱਬ ਮੈਂਬਰ

ਟਾਂਡਾ ਉੜਮੁੜ (ਆਰ ਸਿੰਘ ਸਿੱਧੂ/ਸਾਡੇ ਲੋਕ): ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਜੀ ਦਾ ਸਮੁੱਚਾ ਜੀਵਨ ਸੱਚ, ਧਰਮ, ਨਿਮਰਤਾ ਅਤੇ ਫ਼ਰਜ਼ਾਂ ਦੀ ਪਾਲਣਾ ਦਾ ਪ੍ਰਤੀਕ ਹੈ। ਸਮਾਜ ਨੂੰ ਹੰਕਾਰ ਅਤੇ ਬੁਰਾਈ ਦਾ ਤਿਆਗ ਕਰਕੇ ਭਗਵਾਨ ਰਾਮ ਦੇ ਦਰਸਾਏ ਹੋਏ ਨੇਕ ਕਰਮਾਂ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਹ ਵਿਚਾਰ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਅਤੇ ਐੱਮ.ਐੱਸ.ਕੇ. ਸਕੂਲ ਤਲਵੰਡੀ ਡੱਡੀਆਂ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਸ਼੍ਰੀ ਅਰਜਨ ਕਲੱਬ ਟਾਂਡਾ ਵੱਲੋਂ ਆਯੋਜਿਤ ਕੀਤੀ ਜਾ ਰਹੀ 9ਵੀਂ ਰਾਮਲੀਲ੍ਹਾ ਮੰਚਨ ਦੌਰਾਨ ਵਿਸ਼ੇਸ਼ ਤੌਰ 'ਤੇ ਉਦਘਾਟਨ ਕਰਦਿਆਂ ਪ੍ਰਗਟ ਕੀਤੇ।

ਸ਼੍ਰੀ ਅਰਜਨ ਕਲੱਬ ਟਾਂਡਾ ਦੇ ਪ੍ਰਧਾਨ ਰਣਜੀਤ ਸਿੰਘ ਜੀਤਾ ਅਤੇ ਸਮੂਹ ਕਲੱਬ ਮੈਂਬਰਾਂ ਦੇ ਸੁਚੱਜੇ ਪ੍ਰਬੰਧਾਂ ਹੇਠ ਕਰਵਾਏ ਗਏ ਇਸ ਮੰਚਨ ਵਿੱਚ ਵੱਖ-ਵੱਖ ਸਰੂਪਾਂ ਵਿੱਚ ਸਜੇ ਸਥਾਨਕ ਕਲਾਕਾਰਾਂ ਨੇ ਆਪਣੇ ਹੁਨਰ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਮੰਚ 'ਤੇ ਬਾਲੀ ਵੱਲੋਂ ਸੁਗਰੀਵ 'ਤੇ ਕੀਤੇ ਅੱਤਿਆਚਾਰ, ਸੁਗਰੀਵ ਦੀ ਭਗਵਾਨ ਰਾਮ ਅੱਗੇ ਗੁਹਾਰ, ਬਾਲੀ-ਸੁਗਰੀਵ ਯੁੱਧ ਅਤੇ ਪ੍ਰਭੂ ਸ੍ਰੀ ਰਾਮ ਵੱਲੋਂ ਬਾਲੀ ਦੇ ਵੱਧ ਦੇ ਪ੍ਰਸੰਗਾਂ ਦੀਆਂ ਪ੍ਰਭਾਵਸ਼ਾਲੀ ਝਾਕੀਆਂ ਪੇਸ਼ ਕੀਤੀਆਂ ਗਈਆਂ।

ਮੁੱਖ ਵੇਰਵੇ: 9ਵਾਂ ਰਾਮਲੀਲ੍ਹਾ ਸਮਾਗਮ ਟਾਂਡਾ ਉੜਮੁੜ

ਸਥਾਨ : ਟਾਂਡਾ ਉੜਮੁੜ (ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ)

ਮਿਤੀ : 20 ਅਕਤੂਬਰ 2026

ਆਯੋਜਕ ਸੰਸਥਾ : ਸ਼੍ਰੀ ਅਰਜਨ ਕਲੱਬ ਟਾਂਡਾ (ਪ੍ਰਧਾਨ: ਰਣਜੀਤ ਸਿੰਘ ਜੀਤਾ)

ਉਦਘਾਟਨਕਰਤਾ/ਮੁੱਖ ਮਹਿਮਾਨ: ਰਜਿੰਦਰ ਸਿੰਘ ਮਾਰਸ਼ਲ (ਚੇਅਰਮੈਨ, ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ)

ਸੁਖਵਿੰਦਰ ਸਿੰਘ ਅਰੋੜਾ (ਚੇਅਰਮੈਨ, ਐੱਮ.ਐੱਸ.ਕੇ. ਸਕੂਲ ਤਲਵੰਡੀ ਡੱਡੀਆਂ)

ਵਿਸ਼ੇਸ਼ ਮਹਿਮਾਨ : ਤਰਸੇਮ ਪੱਪੂ (ਪ੍ਰਧਾਨ, ਸਹਾਰਾ ਕਲੱਬ), ਕੁਲਵੰਤ ਸਿੰਘ ਮਾਰਸ਼ਲ, ਐਡਵੋਕੇਟ ਗੁਰਪ੍ਰੀਤ ਸਿੰਘ, ਕੁਲਬੀਰ ਸਿੰਘ, ਰਵਿੰਦਰ ਕੁਮਾਰ, ਅਨਿਲ ਧੀਮਾਨ, ਰਾਜੇਸ਼ ਕੁਮਾਰ ਲਾਡੀ, ਰਣਜੀਤ ਕੁਮਾਰ, ਪ੍ਰਵੀਨ ਕੁਮਾਰ

ਪ੍ਰਮੁੱਖ ਮੰਚਨ ਦ੍ਰਿਸ਼ : ਬਾਲੀ-ਸੁਗਰੀਵ ਯੁੱਧ, ਪ੍ਰਭੂ ਰਾਮ ਵੱਲੋਂ ਅਹੰਕਾਰ ਦਾ ਨਾਸ਼ ਅਤੇ ਬਾਲੀ ਵੱਧ

ਮੰਚ ਤੋਂ ਆਗੂਆਂ ਦੇ ਮੁੱਖ ਵਿਚਾਰ ਤੇ ਸੰਦੇਸ਼

'ਹੰਕਾਰ ਹਮੇਸ਼ਾ ਵਿਨਾਸ਼ ਵੱਲ ਧੱਕਦਾ ਹੈ' — ਰਜਿੰਦਰ ਸਿੰਘ ਮਾਰਸ਼ਲ:

ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਪੰਡਾਲ ਵਿੱਚ ਹਾਜ਼ਰ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੰਕਾਰ ਵਿੱਚ ਅੰਨ੍ਹੇ ਹੋਏ ਬਾਲੀ ਨੇ ਆਪਣੇ ਹੀ ਭਰਾ ਸੁਗਰੀਵ 'ਤੇ ਅਣਮਨੁੱਖੀ ਜ਼ੁਲਮ ਢਾਹੇ ਸਨ। ਜਦੋਂ ਸੁਗਰੀਵ ਨੇ ਪ੍ਰਭੂ ਸ੍ਰੀ ਰਾਮ ਜੀ ਅੱਗੇ ਰੱਖਿਆ ਦੀ ਬੇਨਤੀ ਕੀਤੀ, ਤਾਂ ਪ੍ਰਭੂ ਨੇ ਧਰਮ ਦੀ ਰੱਖਿਆ ਕਰਦਿਆਂ ਬਾਲੀ ਦਾ ਅੰਤ ਕੀਤਾ। ਉਨ੍ਹਾਂ ਕਿਹਾ ਕਿ ਰਾਮਾਇਣ ਦੀਆਂ ਸਿੱਖਿਆਵਾਂ ਸਾਨੂੰ ਸਾਧੂ-ਸੰਤਾਂ, ਬਜ਼ੁਰਗਾਂ ਦਾ ਮਾਣ-ਸਤਿਕਾਰ ਕਰਨ ਅਤੇ ਆਪਣੀ ਜ਼ਿੰਦਗੀ ਨੂੰ ਸੱਚ ਦੇ ਮਾਰਗ 'ਤੇ ਤੋਰਨ ਦੀ ਪ੍ਰੇਰਨਾ ਦਿੰਦੀਆਂ ਹਨ।

'ਕਿਰਤ ਕਮਾਈ ਅਤੇ ਸਰਬੱਤ ਦਾ ਭਲਾ ਹੀ ਅਸਲ ਧਰਮ' — ਸੁਖਵਿੰਦਰ ਸਿੰਘ ਅਰੋੜਾ:

ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਪ੍ਰਭੂ ਸ੍ਰੀ ਰਾਮ ਜੀ ਨੇ ਨੇਕ ਕਰਮ ਕਰਦਿਆਂ ਇਮਾਨਦਾਰੀ ਨਾਲ ਕਿਰਤ ਕਮਾਈ ਕਰਨ ਦਾ ਸਦੀਵੀ ਸੰਦੇਸ਼ ਦਿੱਤਾ ਹੈ। ਜੋ ਮਨੁੱਖ ਅਹੰਕਾਰ ਛੱਡ ਕੇ ਸਰਬੱਤ ਦੇ ਭਲੇ ਦੀ ਸੋਚ ਰੱਖਦਾ ਹੈ, ਉਸ ਉੱਤੇ ਪ੍ਰਭੂ ਦੀ ਅਪਾਰ ਕਿਰਪਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਰਾਮਲੀਲ੍ਹਾਵਾਂ ਦਾ ਮੰਤਵ ਨਵੀਂ ਪੀੜ੍ਹੀ ਨੂੰ ਆਪਣੇ ਧਾਰਮਿਕ ਆਦਰਸ਼ਾਂ ਅਤੇ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜਨਾ ਹੈ ਤਾਂ ਜੋ ਸਮਾਜ ਨੂੰ ਬੁਰਾਈਆਂ ਤੋਂ ਮੁਕਤ ਕੀਤਾ ਜਾ ਸਕੇ।

ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ: ਸਮਾਗਮ ਦੀ ਸਮਾਪਤੀ ਮੌਕੇ ਸ਼੍ਰੀ ਅਰਜਨ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਜੀਤਾ, ਵਿਨੋਦ ਕੁਮਾਰ, ਗੁਰਮੀਤ ਅਰੋੜਾ, ਸ਼ਿਵ ਨੰਦਾ, ਅਬੀ ਤਲਵਾੜ, ਸ਼ੇਖਰ, ਮਨੀ, ਅਰਜਨ ਜੈਨ ਸਮੇਤ ਹੋਰ ਅਹੁਦੇਦਾਰਾਂ ਨੇ ਮੁੱਖ ਮਹਿਮਾਨਾਂ ਰਜਿੰਦਰ ਸਿੰਘ ਮਾਰਸ਼ਲ, ਸੁਖਵਿੰਦਰ ਸਿੰਘ ਅਰੋੜਾ ਅਤੇ ਹਾਜ਼ਰ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਸ਼ੀਲਡਾਂ ਭੇਟ ਕਰਕੇ ਸਨਮਾਨਿਤ ਕੀਤਾ।

ਉਦਯੋਗਾਂ ਦੀਆਂ ਲੋੜਾਂ ਮੁਤਾਬਕ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ 'ਤੇ ਜ਼ੋਰ, ਲੈਮਰਿਨ ਯੂਨੀਵਰਸਿਟੀ ਵਿੱਚ ਤਕਨੀਕੀ ਅਤੇ ਰੁਜ਼ਗਾਰ-ਮੁਖੀ ਸਿੱਖਿਆ ਦੇ ਨਵੇਂ ਮੌਕੇ ਉੱਪ

ਕੁਲਪਤੀ ਪ੍ਰੋ. (ਡਾ.) ਅਰਵਿੰਦਰ ਸਿੰਘ ਚਾਵਲਾ ਨਾਲ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਦੀ ਖਾਸ ਗੱਲਬਾਤ ਵਿੱਚ ਕੋਰਸਾਂ, ਆਧੁਨਿਕ ਸਹੂਲਤਾਂ ਅਤੇ ਕਰੀਅਰ ਦੀਆਂ ਸੰਭਾਵਨਾਵਾਂ 'ਤੇ ਚਰਚਾ

ਹੁਸ਼ਿਆਰਪੁਰ/ਰੇਲਮਾਜਰਾ, (ਦਲਜੀਤ ਅਜਨੋਹਾ) : ਪੰਜਾਬ ਵਿੱਚ ਤਕਨੀਕੀ, ਵਿਆਵਸਾਇਕ ਅਤੇ ਹੁਨਰ ਅਧਾਰਤ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਸਥਾਪਿਤ ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਨੌਜਵਾਨਾਂ ਨੂੰ ਆਧੁਨਿਕ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਤਿਆਰ ਕਰਨ ਦੇ ਰਾਹ ਵਿੱਚ ਕੰਮ ਕਰ ਰਹੀ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਰੇਲਮਾਜਰਾ ਖੇਤਰ ਵਿੱਚ ਸਥਿਤ ਇਸ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਰਵਾਇਤੀ ਵਿੱਦਿਅਕ ਗਿਆਨ ਦੇ ਨਾਲ-ਨਾਲ ਵਿਹਾਰਕ ਸਿਖਲਾਈ ਅਤੇ ਉਦਯੋਗਾਂ ਨਾਲ ਜੁੜੀ ਸਿੱਖਿਆ ਦੇਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ।

ਇਸੇ ਲੜੀ ਵਿੱਚ ਸੀਨੀਅਰ ਪੱਤਰਕਾਰ ਦਲਜੀਤ ਅਜਨੋਹਾ ਨੇ ਯੂਨੀਵਰਸਿਟੀ ਦੇ ਉੱਪ ਕੁਲਪਤੀ ਪ੍ਰੋ. (ਡਾ.) ਅਰਵਿੰਦਰ ਸਿੰਘ ਚਾਵਲਾ ਨਾਲ ਖਾਸ ਗੱਲਬਾਤ ਕੀਤੀ। ਇਸ ਗੱਲਬਾਤ ਵਿੱਚ ਯੂਨੀਵਰਸਿਟੀ ਵਿੱਚ ਚੱਲ ਰਹੇ ਕੋਰਸਾਂ, ਆਧੁਨਿਕ ਤਕਨੀਕੀ ਸਿੱਖਿਆ, ਵਿਦਿਆਰਥੀਆਂ ਲਈ ਉਪਲਬਧ ਸਹੂਲਤਾਂ, ਉਦਯੋਗਾਂ ਨਾਲ ਸਹਿਯੋਗ ਤੇ ਰੁਜ਼ਗਾਰ-ਮੁਖੀ ਸਿਖਲਾਈ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।

ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ ਉੱਤੇ ਉਪਲਬਧ ਜਾਣਕਾਰੀ ਮੁਤਾਬਕ, ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਰਾਜ ਐਕਟ ਨੰਬਰ 22, ਸਾਲ 2021 ਅਧੀਨ ਸਥਾਪਿਤ ਹੈ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਤੋਂ ਮਾਨਤਾ ਪ੍ਰਾਪਤ ਹੈ। ਯੂਨੀਵਰਸਿਟੀ ਆਪ ਨੂੰ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਹੁਨਰ ਅਧਾਰਤ ਸਿੱਖਿਆ ਦੇਣ ਵਾਲੇ ਅਦਾਰੇ ਵਜੋਂ ਵਿਕਸਿਤ ਕਰ ਰਹੀ ਹੈ।

ਅੱਜ ਦੇ ਮੁਕਾਬਲੇਬਾਜ਼ ਦੌਰ ਵਿੱਚ ਸਿਰਫ਼ ਵਿੱਦਿਅਕ ਡਿਗਰੀ ਹਾਸਲ ਕਰਨਾ ਕਾਫ਼ੀ ਨਹੀਂ ਹੈ। ਵਿਦਿਆਰਥੀਆਂ ਲਈ ਤਕਨੀਕੀ ਯੋਗਤਾ, ਸਮੱਸਿਆ ਹੱਲ ਕਰਨ ਦੀ ਸਮਰੱਥਾ, ਡਿਜੀਟਲ ਗਿਆਨ ਅਤੇ ਕੰਮ ਦੇ ਖੇਤਰ ਦਾ ਵਿਹਾਰਕ ਤਜਰਬਾ ਵੀ ਮਹੱਤਵਪੂਰਨ ਹੋ ਗਿਆ ਹੈ। ਇਸੇ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਆਪਣੇ ਵਿੱਦਿਅਕ ਪ੍ਰੋਗਰਾਮਾਂ ਵਿੱਚ ਉਦਯੋਗ ਅਧਾਰਤ ਸਿਖਲਾਈ ਅਤੇ ਵਿਹਾਰਕ ਸਿੱਖਿਆ ਨੂੰ ਮਹੱਤਵ ਦਿੰਦੀ ਹੈ।

ਯੂਨੀਵਰਸਿਟੀ ਵਿੱਚ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਮਸ਼ੀਨ ਲਰਨਿੰਗ, ਸਾਈਬਰ ਸੁਰੱਖਿਆ, ਡਾਟਾ ਸਾਇੰਸ ਅਤੇ ਇੰਟਰਨੈੱਟ ਆਫ਼ ਥਿੰਗਜ਼ ਵਰਗੀਆਂ ਆਧੁਨਿਕ ਤਕਨੀਕਾਂ 'ਤੇ ਕੇਂਦਰਿਤ ਮਾਹਰਤਾਵਾਂ ਦੇ ਵਿਕਲਪ ਉਪਲਬਧ ਹਨ।

ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਵੇਰਵੇ ਮੁਤਾਬਕ, ਬੀਟੈੱਕ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਦੇ ਕੁਝ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਲਈ ਉਦਯੋਗ ਵਿੱਚ ਸਿਖਲਾਈ ਜਾਂ ਆਨ-ਦ-ਜੌਬ ਡਿਪਲੋਇਮੈਂਟ ਦੀ ਵਿਵਸਥਾ ਵੀ ਸ਼ਾਮਲ ਹੈ। ਇਸ ਨਾਲ ਵਿਦਿਆਰਥੀਆਂ ਨੂੰ ਆਪਣੀ ਤਕਨੀਕੀ ਜਾਣਕਾਰੀ ਨੂੰ ਅਸਲ ਕੰਮ ਦੇ ਖੇਤਰ ਵਿੱਚ ਵਰਤਣ ਦਾ ਮੌਕਾ ਮਿਲ ਸਕਦਾ ਹੈ।

ਇਨ੍ਹਾਂ ਪ੍ਰੋਗਰਾਮਾਂ ਦੀ ਯੋਗਤਾ, ਮਿਆਦ, ਸਿਖਲਾਈ ਵਿਵਸਥਾ ਅਤੇ ਦਾਖ਼ਲੇ ਦੀਆਂ ਸ਼ਰਤਾਂ ਸੰਬੰਧਤ ਕੋਰਸ ਮੁਤਾਬਕ ਵੱਖ-ਵੱਖ ਹਨ।

ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ ਦੀ ਵਿੱਦਿਅਕ ਵਿਵਸਥਾ ਦੀ ਇੱਕ ਮਹੱਤਵਪੂਰਨ ਖਾਸੀਅਤ ਉਦਯੋਗਾਂ ਨਾਲ ਸਹਿਯੋਗ ਹੈ। ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ 'ਤੇ ਆਈਬੀਐੱਮ ਅਤੇ ਲਾਰਸਨ ਐਂਡ ਟੂਬਰੋ (ਐੱਲ ਐਂਡ ਟੀ) ਸਮੇਤ ਵੱਖ-ਵੱਖ ਉਦਯੋਗਾਂ ਤੇ ਹੁਨਰ ਵਿਕਾਸ ਸਾਂਝੇਦਾਰਾਂ ਨਾਲ ਜੁੜਾਅ ਦਾ ਜ਼ਿਕਰ ਕੀਤਾ ਗਿਆ ਹੈ।

ਅਜਿਹੇ ਸਹਿਯੋਗ ਦਾ ਮਕਸਦ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕਾਂ, ਉਦਯੋਗਾਂ ਦੀ ਕਾਰਜ-ਪ੍ਰਣਾਲੀ ਅਤੇ ਵਿਹਾਰਕ ਹੁਨਰਾਂ ਤੋਂ ਜਾਣੂ ਕਰਵਾਉਣਾ ਹੈ। ਯੂਨੀਵਰਸਿਟੀ ਵਿੱਚ ਉਦਯੋਗ-ਕੇਂਦਰਿਤ ਤਕਨੀਕੀ ਪ੍ਰੋਗਰਾਮਾਂ ਅਤੇ ਪ੍ਰਯੋਗਸ਼ਾਲਾ ਅਧਾਰਤ ਸਿਖਲਾਈ ਰਾਹੀਂ ਵਿਦਿਆਰਥੀਆਂ ਨੂੰ ਬਦਲਦੀਆਂ ਰੁਜ਼ਗਾਰ ਲੋੜਾਂ ਮੁਤਾਬਕ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਹਾਲਾਂਕਿ, ਕਿਸੇ ਉਦਯੋਗ ਨਾਲ ਵਿੱਦਿਅਕ ਸਹਿਯੋਗ ਨੂੰ ਉਸ ਕੰਪਨੀ ਵਿੱਚ ਪੱਕੀ ਨੌਕਰੀ ਜਾਂ ਪਲੇਸਮੈਂਟ ਦੀ ਗਰੰਟੀ ਨਹੀਂ ਮੰਨਿਆ ਜਾਣਾ ਚਾਹੀਦਾ। ਵਿਦਿਆਰਥੀਆਂ ਨੂੰ ਦਾਖ਼ਲਾ ਲੈਣ ਤੋਂ ਪਹਿਲਾਂ ਸੰਬੰਧਤ ਕੋਰਸ ਦੀ ਅਸਲ ਸਿਖਲਾਈ ਵਿਵਸਥਾ, ਯੋਗਤਾ ਅਤੇ ਪਲੇਸਮੈਂਟ ਸਬੰਧੀ ਸ਼ਰਤਾਂ ਦੀ ਜਾਣਕਾਰੀ ਲੈਣੀ ਚਾਹੀਦੀ ਹੈ।

ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਰੇਲਟੈੱਲ ਅਤੇ ਰਾਸ਼ਟਰੀ ਹੁਨਰ ਵਿਕਾਸ ਨਿਗਮ (ਐਨਐੱਸਡੀਸੀ) ਦੇ ਸਹਿਯੋਗ ਨਾਲ ਚੱਲ ਰਹੇ ਹੁਨਰ ਅਧਾਰਤ ਪ੍ਰੋਗਰਾਮਾਂ ਦਾ ਵੀ ਜ਼ਿਕਰ ਹੈ। ਇਨ੍ਹਾਂ ਪ੍ਰੋਗਰਾਮਾਂ ਦਾ ਮਕਸਦ ਰੇਲਵੇ ਤੇ ਉਸ ਨਾਲ ਜੁੜੇ ਤਕਨੀਕੀ ਅਤੇ ਸਹਾਇਕ ਖੇਤਰਾਂ ਦੀਆਂ ਲੋੜਾਂ ਮੁਤਾਬਕ ਸਿਖਿਅਤ ਮਨੁੱਖੀ ਸਰੋਤ ਤਿਆਰ ਕਰਨਾ ਹੈ।

ਉਪਲਬਧ ਜਾਣਕਾਰੀ ਮੁਤਾਬਕ, ਇਨ੍ਹਾਂ ਪ੍ਰੋਗਰਾਮਾਂ ਵਿੱਚ ਲੌਜਿਸਟਿਕਸ ਤੇ ਸਪਲਾਈ ਚੇਨ, ਕੈਟਰਿੰਗ ਟੈਕਨੌਲੌਜੀ, ਸਾਈਬਰ ਸੁਰੱਖਿਆ, ਇੰਟਰਨੈੱਟ ਆਫ਼ ਥਿੰਗਜ਼, ਰੇਲਵੇ ਕੰਟਰੋਲ ਤੇ ਸੁਰੱਖਿਆ ਪ੍ਰਣਾਲੀਆਂ, ਇਲੈਕਟ੍ਰਿਕ ਟਰੈਕਸ਼ਨ, ਬ੍ਰਿਜ ਡਿਜ਼ਾਈਨ, ਟਨਲਿੰਗ ਅਤੇ ਡਾਟਾ ਐਨਾਲਿਟਿਕਸ ਵਰਗੇ ਵਿਸ਼ੇ ਸ਼ਾਮਲ ਹਨ।

ਕੁਝ ਪ੍ਰੋਗਰਾਮ ਡਿਪਲੋਮਾ ਅਤੇ ਕੁਝ ਛੋਟੀ ਮਿਆਦ ਦੇ ਸਰਟੀਫਿਕੇਟ ਕੋਰਸਾਂ ਵਜੋਂ ਪੇਸ਼ ਕੀਤੇ ਗਏ ਹਨ। ਇਨ੍ਹਾਂ ਦੀ ਮਿਆਦ ਅਤੇ ਦਾਖ਼ਲੇ ਸਬੰਧੀ ਸ਼ਰਤਾਂ ਕੋਰਸ ਮੁਤਾਬਕ ਨਿਰਧਾਰਤ ਹੁੰਦੀਆਂ ਹਨ।

ਇਸ ਕਿਸਮ ਦੇ ਸਿਖਲਾਈ ਪ੍ਰੋਗਰਾਮ ਉਨ੍ਹਾਂ ਨੌਜਵਾਨਾਂ ਅਤੇ ਕਾਰਜਸ਼ੀਲ ਵਿਅਕਤੀਆਂ ਲਈ ਲਾਭਦਾਇਕ ਹੋ ਸਕਦੇ ਹਨ, ਜੋ ਕਿਸੇ ਖਾਸ ਖੇਤਰ ਵਿੱਚ ਤਕਨੀਕੀ ਯੋਗਤਾ ਵਧਾਉਣਾ ਚਾਹੁੰਦੇ ਹਨ ਜਾਂ ਆਪਣੇ ਮੌਜੂਦਾ ਹੁਨਰ ਨੂੰ ਉੱਨਤ ਕਰਨਾ ਚਾਹੁੰਦੇ ਹਨ।

ਤਕਨੀਕੀ ਸਿੱਖਿਆ ਤੋਂ ਇਲਾਵਾ ਯੂਨੀਵਰਸਿਟੀ ਦੇ ਹੁਨਰ ਅਧਾਰਤ ਸਿੱਖਿਆ ਪੋਰਟਲ 'ਤੇ ਹਸਪਤਾਲਿਟੀ ਤੇ ਹੋਟਲ ਮੈਨੇਜਮੈਂਟ, ਫੂਡ ਸੇਫਟੀ ਐਂਡ ਕੁਆਲਿਟੀ ਮੈਨੇਜਮੈਂਟ, ਆਇਲ ਐਂਡ ਗੈਸ ਸੇਫਟੀ ਆਪਰੇਸ਼ਨਜ਼, ਮੈਨੇਜਮੈਂਟ ਸਟੱਡੀਜ਼, ਬਿਜ਼ਨਸ ਐਡਮਿਨਿਸਟ੍ਰੇਸ਼ਨ, ਹਸਪਤਾਲ ਐਡਮਿਨਿਸਟ੍ਰੇਸ਼ਨ ਅਤੇ ਹੈਲਥਕੇਅਰ ਸਰਵਿਸਿਜ਼ ਵਰਗੇ ਖੇਤਰਾਂ ਦੇ ਕੋਰਸ ਵੀ ਸੂਚੀਬੱਧ ਹਨ।

ਇਨ੍ਹਾਂ ਵਿਸ਼ਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਲਈ ਸੰਬੰਧਤ ਪ੍ਰੋਗਰਾਮਾਂ ਦੀ ਵਿੱਦਿਅਕ ਯੋਗਤਾ, ਕੋਰਸ ਦੀ ਮਾਨਤਾ,

ਸਿਖਲਾਈ ਢੰਗ ਅਤੇ ਭਵਿੱਖ ਵਿੱਚ ਉਪਲਬਧ ਕਰੀਅਰ ਵਿਕਲਪਾਂ ਦੀ ਜਾਣਕਾਰੀ ਲੈਣਾ ਜ਼ਰੂਰੀ ਹੈ।

ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਵੱਖ-ਵੱਖ ਕਿਸਮਾਂ ਦੇ ਹੁਨਰ ਅਧਾਰਤ ਡਿਗਰੀ ਪ੍ਰੋਗਰਾਮਾਂ, ਡਿਪਲੋਮਾ, ਸਰਟੀਫਿਕੇਟ ਅਤੇ ਕ੍ਰੈਡਿਟ ਅਧਾਰਤ ਸਿੱਖਿਆ ਵਿਕਲਪਾਂ ਦੀ ਜਾਣਕਾਰੀ ਵੀ ਦਿੱਤੀ ਗਈ ਹੈ। ਇਨ੍ਹਾਂ ਪ੍ਰੋਗਰਾਮਾਂ ਦੀ ਉਪਲਬਧਤਾ ਤੇ ਦਾਖ਼ਲੇ ਦੀ ਸਥਿਤੀ ਦੀ ਪੁਸ਼ਟੀ ਯੂਨੀਵਰਸਿਟੀ ਤੋਂ ਕੀਤੀ ਜਾਣੀ ਚਾਹੀਦੀ ਹੈ।

ਵਿੱਦਿਅਕ ਗਤੀਵਿਧੀਆਂ ਦੇ ਨਾਲ ਵਿਦਿਆਰਥੀਆਂ ਲਈ ਵਧੀਆ ਅਧਿਐਨ ਮਾਹੌਲ ਅਤੇ ਜ਼ਰੂਰੀ ਬੁਨਿਆਦੀ ਸਹੂਲਤਾਂ ਵੀ ਉਚੇਰੀ ਸਿੱਖਿਆ ਦਾ ਮਹੱਤਵਪੂਰਨ ਹਿੱਸਾ ਹਨ। ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਜਾਣਕਾਰੀ ਮੁਤਾਬਕ, ਕੈਂਪਸ ਵਿੱਚ ਸਾਇੰਸ ਲੈਬ, ਕੰਪਿਊਟਰ ਲੈਬ, ਵਾਈ-ਫਾਈ, ਸਮਾਰਟ ਕਲਾਸਰੂਮ, ਸੈਮੀਨਾਰ ਹਾਲ, ਲੈਪਟਾਪ ਲੈਬ, ਖੇਡ ਮੈਦਾਨ, ਓਪਨ ਜਿਮ, ਹੋਸਟਲ, ਟਰਾਂਸਪੋਰਟ ਸਹੂਲਤ ਅਤੇ ਮੈਡੀਕਲ ਕੇਅਰ ਸੈਂਟਰ ਵਰਗੀਆਂ ਸਹੂਲਤਾਂ ਦਾ ਜ਼ਿਕਰ ਹੈ।

ਯੂਨੀਵਰਸਿਟੀ ਦੀ ਵੈੱਬਸਾਈਟ 'ਤੇ ਮੁੰਡਿਆਂ ਅਤੇ ਕੁੜੀਆਂ ਲਈ ਵੱਖ-ਵੱਖ ਹੋਸਟਲਾਂ ਤੇ ਕੈਂਪਸ ਵਿੱਚ 24 ਘੰਟੇ ਐਂਬੂਲੈਂਸ ਸਹਾਇਤਾ ਦਾ ਵੀ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਸਹੂਲਤਾਂ ਦਾ ਮਕਸਦ ਵਿਦਿਆਰਥੀਆਂ ਨੂੰ ਅਧਿਐਨ, ਸਿਖਲਾਈ ਅਤੇ ਕੈਂਪਸ ਜੀਵਨ ਲਈ ਲੋੜੀਂਦਾ ਮਾਹੌਲ ਦੇਣਾ ਹੈ।

ਦਾਖ਼ਲੇ ਤੋਂ ਪਹਿਲਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਹੋਸਟਲ ਦੀ ਉਪਲਬਧਤਾ, ਟਰਾਂਸਪੋਰਟ ਰੂਟ, ਫੀਸ, ਮੈਡੀਕਲ ਸਹੂਲਤ ਅਤੇ ਹੋਰ ਸੰਬੰਧਤ ਨਿਯਮਾਂ ਦੀ ਸਿੱਧੀ ਪੁਸ਼ਟੀ ਕਰ ਲੈਣੀ ਚਾਹੀਦੀ ਹੈ।

ਨਵੀਂ ਰਾਸ਼ਟਰੀ ਸਿੱਖਿਆ ਨੀਤੀ ਅਧੀਨ ਵਿਹਾਰਕ ਗਿਆਨ, ਹੁਨਰ ਵਿਕਾਸ, ਬਹੁ-ਵਿਸ਼ਾਈ ਸਿੱਖਿਆ ਅਤੇ ਰੁਜ਼ਗਾਰ-ਮੁਖੀ ਸਿਖਲਾਈ ਨੂੰ ਮਹੱਤਵ ਦਿੱਤਾ ਜਾ ਰਿਹਾ ਹੈ। ਅਜਿਹੇ ਸਮੇਂ ਵਿੱਚ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਕੋਰਸ ਤਿਆਰ ਕਰਨਾ ਉਚੇਰੀ ਸਿੱਖਿਆ ਅਦਾਰਿਆਂ ਲਈ ਮਹੱਤਵਪੂਰਨ ਹੋ ਗਿਆ ਹੈ।

ਲੈਮਰਿਨ ਟੈੱਕ ਸਕਿੱਲਜ਼ ਯੂਨੀਵਰਸਿਟੀ ਦਾ ਹੁਨਰ ਅਧਾਰਤ ਸਿੱਖਿਆ ਮਾਡਲ ਵੀ ਇਸੇ ਲੋੜ ਨਾਲ ਜੁੜਿਆ ਹੈ। ਯੂਨੀਵਰਸਿਟੀ ਦੀ ਵਿੱਦਿਅਕ ਪਹਿਲ ਦਾ ਮਕਸਦ ਵਿਦਿਆਰਥੀਆਂ ਨੂੰ ਤਕਨੀਕੀ ਯੋਗਤਾ ਦੇ ਨਾਲ ਅਜਿਹਾ ਵਿਹਾਰਕ ਤਜਰਬਾ ਦੇਣਾ ਹੈ, ਜਿਸ ਨਾਲ ਉਹ ਵੱਖ-ਵੱਖ ਖੇਤਰਾਂ ਵਿੱਚ ਰੁਜ਼ਗਾਰ, ਅੱਗੇ ਦੀ ਸਿੱਖਿਆ ਜਾਂ ਉੱਦਮਤਾ ਦੇ ਮੌਕਿਆਂ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ।

ਕੁਲਪਤੀ ਪ੍ਰੋ. (ਡਾ.) ਅਰਵਿੰਦਰ ਸਿੰਘ ਚਾਵਲਾ ਨੇ 9 ਜੁਲਾਈ 2025 ਨੂੰ ਯੂਨੀਵਰਸਿਟੀ ਦੇ ਕੁਲਪਤੀ ਦਾ ਅਹੁਦਾ ਸੰਭਾਲਿਆ ਸੀ। ਯੂਨੀਵਰਸਿਟੀ ਦੀ ਅਧਿਕਾਰਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਉਨ੍ਹਾਂ ਦੇ ਸੰਦੇਸ਼ ਵਿੱਚ ਹੁਨਰ ਅਧਾਰਤ ਸਿੱਖਿਆ, ਉਦਯੋਗਾਂ ਮੁਤਾਬਕ ਸਿਖਲਾਈ, ਨਵਾਚਾਰ ਅਤੇ ਵਿਦਿਆਰਥੀਆਂ ਦੇ ਸਰਬ ਪੱਖੀ ਵਿਕਾਸ ਨੂੰ ਮਹੱਤਵਪੂਰਨ ਦੱਸਿਆ ਗਿਆ ਹੈ।

31 ਸਾਲਾ ਜਸ਼ਨ ਨਿੱਕੀਆਂ ਕਰੂੰਬਲਾਂ

ਚੰਡੀਗੜ੍ਹ, ਪਟਿਆਲਾ, ਜਲੰਧਰ, ਹੁਸ਼ਿਆਰਪੁਰ ਅਤੇ ਮਾਹਿਲਪੁਰ ਵਿੱਚ ਪ੍ਰੋਗਰਾਮ ਕੀਤੇ ਜਾਣਗੇ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸੁਰ ਸੰਗਮ ਵਿੱਦਿਅਕ ਟਰੱਸਟ ਰਜਿ. ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਦੀ ਸੰਪਾਦਨਾ ਹੇਠ ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਪੰਜਾਬੀ ਦੇ ਇੱਕੋ ਇੱਕ ਬਾਲ ਰਸਾਲੇ ਦੇ 31 ਸਾਲਾ ਜਸ਼ਨ ਮਨਾਉਣ ਵਾਸਤੇ ਟਰੱਸਟ ਦੀ ਇੱਕ ਮੀਟਿੰਗ ਕਰੂੰਬਲਾ ਭਵਨ ਮਾਹਿਲਪੁਰ ਵਿੱਚ ਕੀਤੀ ਗਈ। ਜਿਸ ਵਿੱਚ ਟਰੱਸਟੀਆਂ ਨੇ ਸ਼ਾਮਿਲ ਹੋ ਕੇ ਇਹਨਾਂ ਪ੍ਰਬੰਧਾਂ ਨੂੰ ਸ਼ਾਨਦਾਰ ਬਣਾਉਣ ਲਈ ਆਪਣੇ ਸੁਝਾਅ ਦਿੱਤੇ। ਟਰੱਸਟ ਦੇ ਚੇਅਰਮੈਨ ਪ੍ਰੋਫੈਸਰ ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਮਾਹਿਲਪੁਰ ਤੋਂ ਇਲਾਵਾ ਚੰਡੀਗੜ੍ਹ, ਪਟਿਆਲਾ, ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਬਾਲ ਸਾਹਿਤ ਜਗਤ ਵਿੱਚ ਨਿੱਕੀਆਂ ਕਰੂੰਬਲਾਂ ਵੱਲੋਂ ਪਾਈਆਂ ਪੈੜਾਂ ਨਾਲ ਸਬੰਧਤ ਵੰਨ

ਸੁਵੰਨੇ ਪ੍ਰੋਗਰਾਮ ਪੇਸ਼ ਕੀਤੇ ਜਾਣਗੇ ਤਾਂ ਕਿ ਪੰਜਾਬੀ ਭਾਸ਼ਾ ਅਤੇ ਬਾਲ ਸਾਹਿਤ ਦਾ ਪ੍ਰਚਾਰ ਤੇ ਪ੍ਰਸਾਰ ਹੋ ਸਕੇ। ਇਹਨਾਂ ਪ੍ਰੋਗਰਾਮਾਂ ਵਿੱਚ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਦਾ 31 ਸਾਲਾ ਵਿਸ਼ੇਸ਼ ਅੰਕ ਰਿਲੀਜ਼ ਸਮਾਰੋਹ, ਸਾਹਿਤ ਸਿਰਜਣਾ ਮੁਕਾਬਲੇ, ਕਮਲਜੀਤ ਨੀਲੋਂ ਦਾ ਸੱਭਿਆਚਾਰਕ ਪ੍ਰੋਗਰਾਮ, ਬਾਲ ਗਾਇਕੀ, ਬਾਲ ਸਾਹਿਤ ਤੇ ਗੋਸ਼ਟੀ ਅਤੇ ਨਿੱਕੀਆਂ ਕਰੂੰਬਲਾਂ ਦੇ ਯੋਗਦਾਨ ਬਾਰੇ ਵਿਚਾਰ ਚਰਚਾਵਾਂ ਸ਼ਾਮਲ ਹਨ। ਇਹਨਾਂ ਸਭ ਪ੍ਰੋਗਰਾਮਾਂ ਵਿੱਚ ਪੰਜਾਬੀ ਬਾਲ ਸਾਹਿਤ ਦੇ ਉੱਘੇ ਤੇ ਸਨਮਾਨਿਤ ਸਾਹਿਤਕਾਰ ਭਾਗ ਲੈਣਗੇ। ਇਸ ਲੜੀ ਦਾ ਪਹਿਲਾ ਪ੍ਰੋਗਰਾਮ 1 ਨਵੰਬਰ ਨੂੰ ਸਾਹਿਤ ਸਿਰਜਣਾ ਮੁਕਾਬਲਿਆਂ ਨਾਲ ਆਰੰਭ ਹੋਵੇਗਾ।

ਇਸ ਮੀਟਿੰਗ ਵਿੱਚ ਪ੍ਰੋਫੈਸਰ ਬਲਦੇਵ ਸਿੰਘ ਬੱਲੀ, ਬੱਗਾ ਸਿੰਘ ਆਰਟਿਸਟ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ,ਜੀਵਨ ਚੰਦੇਲੀ, ਅਵਤਾਰ ਸਿੰਘ, ਟਰੱਸਟ ਦੇ ਪ੍ਰਧਾਨ ਬਲਜਿੰਦਰ ਮਾਨ, ਮਨਜੀਤ ਕੌਰ, ਹਰਵੀਰ ਮਾਨ, ਸੁਖਮਨ ਸਿੰਘ, ਰਘੁਵੀਰ ਸਿੰਘ ਕਲੋਆ, ਪਰਮਜੀਤ ਕਾਤਿਬ , ਹਰਮਨਪ੍ਰੀਤ ਕੌਰ, ਮਨਜਿੰਦਰ ਹੀਰ ਅਤੇ ਪਵਨ ਸਕਰੂਲੀ ਆਦਿ ਸ਼ਾਮਿਲ ਹੋਏ।

ਜੀਵਨ ਉਨ੍ਹਾਂ ਨੂੰ ਸਨਮਾਨਿਤ ਕਰਦਾ ਹੈ ਜੋ ਸੁਪਨੇ ਦੇਖਣ ਦੀ ਹਿੰਮਤ ਕਰਦੇ ਹਨ: ਯੂਨੀਵਰਸਿਟੀ ਚਾਂਸਲਰ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਗੁਰਵਿੰਦਰ ਸਿੰਘ ਬਾਹਰਾ ਦੀ ਜੀਵਨ ਕਹਾਣੀ ਵਿਸ਼ਵਾਸ, ਦ੍ਰਿੜਤਾ ਅਤੇ ਮਿਹਨਤ ਦੀ ਤਾਕਤ ਦਾ ਸਬੂਤ ਹੈ—ਇੱਕ ਅਧੂਰੇ ਚਾਰਟਰਡ ਅਕਾਊਂਟੈਂਸੀ ਵਿਦਿਆਰਥੀ ਤੋਂ ਤਿੰਨ ਯੂਨੀਵਰਸਿਟੀਆਂ ਦੇ ਚਾਂਸਲਰ ਬਣਨ ਤੱਕ ਦਾ ਸਫ਼ਰ।

ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜਸ਼ੰਕਰ ਤਹਿਸੀਲ ਦੇ ਪਿੰਡ ਪੁਰਖੋਵਾਲ ਵਿੱਚ ਜਨਮੇ ਗੁਰਵਿੰਦਰ ਬਹਿਰਾ ਇੱਕ ਸਾਦੇ ਪਰਿਵਾਰ ਵਿੱਚ ਵੱਡੇ ਹੋਏ, ਜਿਸ ਵਿੱਚ ਇਮਾਨਦਾਰੀ, ਸਿੱਖਿਆ ਅਤੇ ਮਿਹਨਤ ਦੀ ਕਦਰ ਸੀ। ਇੱਕ ਸੀਨੀਅਰ ਪੱਤਰਕਾਰ ਨਾਲ ਗੱਲਬਾਤ ਦੌਰਾਨ ਆਪਣੇ ਸਫ਼ਰ ਬਾਰੇ ਬੋਲਦਿਆਂ ਉਨ੍ਹਾਂ ਕਿਹਾ, "ਮੈਂ ਸਿਰਫ਼ ਇੱਕ ਸੁਪਨੇ ਅਤੇ ਉਸ ਦਾ ਪਿੱਛਾ ਕਰਨ ਦੀ ਹਿੰਮਤ ਨਾਲ ਸ਼ੁਰੂਆਤ ਕੀਤੀ ਸੀ। ਜੀਵਨ ਉਨ੍ਹਾਂ ਨੂੰ ਸਨਮਾਨਿਤ ਕਰਦਾ ਹੈ ਜੋ ਪਹਿਲਾ ਕਦਮ ਚੁੱਕਣ ਦੀ ਹਿੰਮਤ ਕਰਦੇ ਹਨ।

ਉਨ੍ਹਾਂ ਨੇ ਆਪਣੀ ਪੜ੍ਹਾਈ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਸ਼ੁਰੂ ਕੀਤੀ ਅਤੇ ਬਾਅਦ ਵਿੱਚ ਗੜਸ਼ੰਕਰ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿੱਚ ਪੜ੍ਹੇ। ਫਿਰ ਉਨ੍ਹਾਂ ਨੇ 1985 ਵਿੱਚ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਆਰ.ਕੇ. ਆਰੀਆ ਕਾਲਜ ਤੋਂ ਬੀ.ਕਾਮ ਕੀਤਾ। ਚਾਰਟਰਡ ਅਕਾਊਂਟੈਂਟ ਬਣਨ ਦੀ ਇੱਛਾ ਰੱਖਦਿਆਂ ਉਨ੍ਹਾਂ ਸੈਕੰਡਰੀ ਪ੍ਰੀਖਿਆ ਪਾਸ ਕੀਤੀ ਅਤੇ ਲੁਧਿਆਣਾ ਵਿੱਚ ਇੱਕ ਸੀ.ਏ. ਅਧੀਨ ਟ੍ਰੇਨਿੰਗ ਸ਼ੁਰੂ ਕੀਤੀ, ਰੋਜ਼ਾਨਾ ਸਾਈਕਲ ਉੱਤੇ ਦਫ਼ਤਰ ਜਾਂਦੇ ਸਨ। ਜਦੋਂ ਉਨ੍ਹਾਂ ਦੀ ਟ੍ਰੇਨਿੰਗ ਦਿੱਲੀ ਤਬਦੀਲ ਹੋਈ, ਤਾਂ ਉਨ੍ਹਾਂ ਆਪਣੀ ਸਾਈਕਲ ਬੱਸ ਵਿੱਚ ਲੈ ਗਏ ਅਤੇ ਰੋਜ਼ ਆਪਣੇ ਕਮਰੇ ਤੋਂ ਕੰਮ ਵਾਲੀ ਥਾਂ ਸਾਈਕਲ ਉੱਤੇ ਜਾਂਦੇ ਰਹੇ।

ਪਰ ਦਿੱਲੀ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਸੀ.ਏ. ਦੀ ਜ਼ਿੰਦਗੀ ਉਹ "ਆਜ਼ਾਦ ਉਡਾਣ" ਨਹੀਂ ਦੇ ਸਕੇਗੀ ਜੋ ਉਹ ਤਰੱਕੀ ਦੀ ਦੁਨੀਆ ਵਿੱਚ ਚਾਹੁੰਦੇ ਸਨ। ਉਨ੍ਹਾਂ ਵਿਚਕਾਰ ਹੀ ਸੀ.ਏ. ਛੱਡ ਕੇ ਘਰ ਵਾਪਸ ਆ ਕੇ ਕੁਝ ਆਪਣਾ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।

ਜਦੋਂ ਉਨ੍ਹਾਂ ਆਪਣੇ ਪਿਤਾ ਤੋਂ ਆਰਥਿਕ ਮਦਦ ਮੰਗੀ, ਤਾਂ ਉਨ੍ਹਾਂ ਨੇ ਪਹਿਲਾਂ ਝਿਜਕ ਦਿਖਾਈ, ਪਰ ਅੰਤ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਅਤੇ ਉਮਰ ਭਰ ਦੀ ਕਮਾਈ ਨਾਲ ਖ਼ਰੀਦੀ ਆਪਣੀ ਇੱਕੋ-ਇੱਕ ਪਲਾਟ ਦੇ ਦਿੱਤੀ। ਬਹਿਰਾ ਨੇ ਉਸ ਨੂੰ 32,000 ਰੁਪਏ ਵਿੱਚ ਵੇਚ ਦਿੱਤਾ—ਜੋ ਉਨ੍ਹਾਂ ਦੀ ਪਹਿਲੀ ਪੂੰਜੀ ਸੀ—ਅਤੇ ਇੱਕ ਛੋਟੀ ਟੀਵੀ ਦੁਕਾਨ ਖੋਲ੍ਹੀ। ਸ਼ੁਰੂ ਵਿੱਚ ਉਨ੍ਹਾਂ ਦੁਕਾਨ ਨੂੰ ਭਰੀ ਹੋਈ ਦਿਖਾਉਣ ਲਈ ਉਸ ਵਿੱਚ ਖ਼ਾਲੀ ਕਾਰਟਨ ਰੱਖੇ। ਉਨ੍ਹਾਂ ਦੀ ਇਮਾਨਦਾਰੀ ਨੇ ਜਲਦੀ ਹੀ ਉਨ੍ਹਾਂ ਨੂੰ ਮਸ਼ਹੂਰ ਕਰ ਦਿੱਤਾ ਅਤੇ ਕਾਰੋਬਾਰ ਵਧਣ ਲੱਗਾ। ਉਹ ਸਾਦੀ ਦੁਕਾਨ ਹੌਲੀ-ਹੌਲੀ 1,600 ਤੋਂ ਵੱਧ ਵਸਤੂਆਂ ਵਾਲੀ ਇੱਕ ਵੱਡੀ ਇਲੈਕਟ੍ਰਾਨਿਕਸ ਦੁਕਾਨ ਬਣ ਗਈ।

ਇਹ ਦੇਖ ਕੇ ਕਿ ਗਾਹਕਾਂ ਨੂੰ ਕਿਸਤਾਂ ਉੱਤੇ ਖ਼ਰੀਦਣ ਵਿੱਚ ਮੁਸ਼ਕਲ ਹੁੰਦੀ ਸੀ, ਬਹਿਰਾ ਨੇ 1997 ਵਿੱਚ ਇੱਕ ਐਨ.ਬੀ.ਐੱਫ.ਸੀ. ਸ਼ੁਰੂ ਕੀਤਾ ਤਾਂ ਜੋ ਟੀਵੀ, ਫਰਿੱਜ ਅਤੇ ਹੋਰ ਸਾਮਾਨ ਖ਼ਰੀਦਣ ਲਈ ਸੌਖੇ ਕਰਜ਼ੇ ਦਿੱਤੇ ਜਾ ਸਕਣ। ਇਹ ਵਿਚਾਰ ਸਫ਼ਲ ਸਾਬਤ ਹੋਇਆ ਅਤੇ ਜਲਦੀ ਹੀ ਵਿੱਤੀ ਕਾਰੋਬਾਰ ਇਲੈਕਟ੍ਰਾਨਿਕਸ ਕਾਰੋਬਾਰ ਤੋਂ ਵੱਧ ਵੱਡਾ ਹੋ ਗਿਆ।

ਪਰ ਬਹਿਰਾ ਦੀ ਮਹਿੰਤ ਵਧਦੀ ਗਈ। ਉਹ ਕੁਝ ਅਜਿਹਾ ਬਣਾਉਣਾ ਚਾਹੁੰਦੇ ਸਨ ਜਿਸ ਦਾ ਸਥਾਈ ਅਸਰ ਹੋਵੇ। ਸ਼ੁਰੂ ਵਿੱਚ ਉਨ੍ਹਾਂ ਇੰਗਲੈਂਡ ਵਿੱਚ ਰਹਿੰਦੇ ਆਪਣੇ ਸਾੜ੍ਹੇ ਭਰਾ ਨਿਰਮਲ ਸਿੰਘ ਰਾਇਤ ਨਾਲ ਕੱਤਰਾ ਵਿੱਚ ਹੋਟਲ ਖੋਲ੍ਹਣ ਦੀ ਯੋਜਨਾ ਬਣਾਈ, ਪਰ ਥਾਂ ਦੇ ਦੌਰੇ ਤੋਂ ਬਾਅਦ ਵਿਚਾਰ ਬਦਲ ਗਿਆ। ਕਿਸੇ ਨੇ ਇੱਕ ਇੰਜੀਨੀਅਰਿੰਗ ਕਾਲਜ ਸ਼ੁਰੂ ਕਰਨ ਦਾ ਸੁਝਾਅ ਦਿੱਤਾ ਅਤੇ ਇਹ ਸੋਚ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ।

ਉਨ੍ਹਾਂ ਦੇ ਪਰਿਵਾਰ ਨੂੰ ਲੱਗਾ ਕਿ ਉਹ ਇਸ ਵਿੱਚ ਜਨੂੰਨੀ ਹੋ ਗਏ ਹਨ ਅਤੇ ਉਨ੍ਹਾਂ ਨੂੰ ਸਮਝਾਉਣ ਲਈ ਰਾਇਤ ਨੂੰ ਇੰਗਲੈਂਡ ਤੋਂ ਬੁਲਾਇਆ ਗਿਆ। ਪਰ ਇਸ ਦੀ ਬਜਾਏ ਰਾਇਤ ਪ੍ਰੇਰਿਤ ਹੋ ਗਏ ਅਤੇ ਉਨ੍ਹਾਂ ਨੇ ਉਨ੍ਹਾਂ ਨਾਲ ਜੁੜਨ ਦਾ ਫ਼ੈਸਲਾ ਕੀਤਾ।

2000 ਵਿੱਚ ਉਨ੍ਹਾਂ ਨੇ ਰੋਪੜ ਨੇੜੇ ਰਾਇਲ ਮਾਜਰਾ ਵਿੱਚ ਇੱਕ ਕਾਲਜ ਕਾਇਮ ਕਰਨ ਲਈ ਬੈਂਕ ਤੋਂ ਕਰਜ਼ਾ ਲਿਆ। ਬੈਂਕ ਨੇ ਪ੍ਰੋਜੈਕਟ ਦਾ 60 ਫ਼ੀਸਦੀ ਵਿੱਤ ਕੀਤਾ, ਜਦੋਂ ਕਿ ਬਾਕੀ ਰਕਮ ਦੋਸਤਾਂ ਅਤੇ ਰਿਸ਼ਤੇਦਾਰਾਂ ਰਾਹੀਂ ਇਕੱਠੀ ਕੀਤੀ ਗਈ। ਕਾਲਜ ਦੀ ਸ਼ੁਰੂਆਤ ਇਲੈਕਟ੍ਰਾਨਿਕਸ, ਮਕੈਨੀਕਲ ਅਤੇ ਆਈ.ਟੀ. ਇੰਜੀਨੀਅਰਿੰਗ ਵਿੱਚ ਹਰੇਕ ਵਿੱਚ 60 ਸੀਟਾਂ ਨਾਲ ਹੋਈ।

ਉਨ੍ਹਾਂ ਕਿਹਾ, "ਮੇਰੀ ਸਭ ਤੋਂ ਵੱਡੀ ਸੰਤੁਸ਼ਟੀ ਇਹ ਦੇਖਣ ਤੋਂ ਮਿਲਦੀ ਹੈ ਕਿ ਹਜ਼ਾਰਾਂ ਵਿਦਿਆਰਥੀ ਪੜ੍ਹ ਰਹੇ ਹਨ, ਰੁਜ਼ਗਾਰ ਪਾ ਰਹੇ ਹਨ ਅਤੇ ਚੰਗੇ ਇਨਸਾਨ ਬਣ ਰਹੇ ਹਨ।" ਉਨ੍ਹਾਂ ਜ਼ੋਰ ਦਿੱਤਾ ਕਿ ਉਨ੍ਹਾਂ ਲਈ ਸਫ਼ਲਤਾ ਦੌਲਤ ਨਾਲ ਨਹੀਂ, ਸਗੋਂ ਅਸਰ ਨਾਲ ਮਾਪੀ ਜਾਂਦੀ ਹੈ।

ਕਾਲਜ ਦੀ ਸਫ਼ਲਤਾ ਤੋਂ ਬਾਅਦ ਤੇਜ਼ੀ ਨਾਲ ਵਿਸਥਾਰ ਹੋਇਆ। 2004 ਤੱਕ ਸਮੂਹ ਵਿੱਚ 12 ਸੰਸਥਾਵਾਂ ਸ਼ਾਮਲ ਹੋ ਗਈਆਂ, ਜਿਨ੍ਹਾਂ ਵਿੱਚ ਖਰੜ (ਮੋਹਾਲੀ) ਕੈਂਪਸ ਵਿੱਚ ਇੰਜੀਨੀਅਰਿੰਗ, ਕਾਨੂੰਨ, ਫਾਰਮੇਸੀ, ਸਿੱਖਿਆ ਅਤੇ ਮੈਨੇਜਮੈਂਟ ਦੇ ਕਾਲਜ ਸ਼ਾਮਲ ਸਨ।

2008 ਵਿੱਚ, ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਦੀ ਪ੍ਰੇਰਨਾ ਨਾਲ, ਬਹਿਰਾ ਨੇ ਆਪਣੇ ਘਰੇਲੂ ਜ਼ਿਲ੍ਹੇ ਹੁਸ਼ਿਆਰਪੁਰ ਵਿੱਚ ਯੋਗਦਾਨ ਪਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ 58 ਏਕੜ ਜ਼ਮੀਨ ਖ਼ਰੀਦੀ ਅਤੇ ਉੱਥੇ ਨਵਾਂ ਕੈਂਪਸ ਸ਼ੁਰੂ ਕੀਤਾ, ਨਾਲ ਹੀ ਚੰਡੀਗੜ੍ਹ ਵਿੱਚ ਆਪਣੀ ਬੀਮਾਰ ਮਾਂ ਦੀ ਦੇਖਭਾਲ ਵੀ ਕੀਤੀ।

2010 ਵਿੱਚ, ਸਟਾਫ਼ ਦੇ ਮਨੋਰੰਜਨ ਲਈ ਵਿਲਾ ਖ਼ਰੀਦਣ ਲਈ ਮਸ਼ੋਬਰਾ (ਹਿਮਾਚਲ ਪ੍ਰਦੇਸ਼) ਦੇ ਦੌਰੇ ਦੌਰਾਨ, ਉਸ ਸਮੇਂ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੇ ਉਨ੍ਹਾਂ ਨੂੰ ਯੂਨੀਵਰਸਿਟੀ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ, ਜਿਸ ਨਾਲ 2011 ਵਿੱਚ ਸੋਲਨ ਵਿੱਚ ਬਹਿਰਾ ਯੂਨੀਵਰਸਿਟੀ ਦੀ ਸਥਾਪਨਾ ਹੋਈ।

2013 ਵਿੱਚ ਬਹਿਰਾ ਨੇ ਪਟਿਆਲਾ ਨੇੜੇ ਕਾਲਜਾਂ ਦੇ ਇੱਕ ਛੋਟੇ ਸਮੂਹ ਨੂੰ ਆਪਣੇ ਕਬਜ਼ੇ ਵਿੱਚ ਲਿਆ ਅਤੇ ਸਖ਼ਤ ਮਿਹਨਤ ਨਾਲ ਵਿਦਿਆਰਥੀ ਗਿਣਤੀ 60 ਤੋਂ ਵਧਾ ਕੇ 3,000 ਕਰ ਦਿੱਤੀ। ਖਰੜ ਕੈਂਪਸ ਬਾਅਦ ਵਿੱਚ 2014 ਵਿੱਚ ਰਾਇਤ ਬਹਿਰਾ ਯੂਨੀਵਰਸਿਟੀ ਬਣ ਗਿਆ। ਜੁਲਾਈ 2025 ਵਿੱਚ ਹੁਸ਼ਿਆਰਪੁਰ ਕੈਂਪਸ ਨੂੰ ਰਾਇਤ ਬਹਿਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਅਪਗ੍ਰੇਡ ਕੀਤਾ ਗਿਆ।

ਅੱਜ ਗੁਰਵਿੰਦਰ ਸਿੰਘ ਬਹਿਰਾ ਤਿੰਨ ਯੂਨੀਵਰਸਿਟੀਆਂ ਦੇ ਚਾਂਸਲਰ ਹਨ ਅਤੇ ਲਗਭਗ 30,000 ਵਿਦਿਆਰਥੀਆਂ ਦੀ ਨਿਗਰਾਨੀ ਕਰਦੇ ਹਨ, ਜਿਨ੍ਹਾਂ ਵਿੱਚ ਲਗਭਗ 1,000 ਅੰਤਰਰਾਸ਼ਟਰੀ ਵਿਦਿਆਰਥੀ ਵੀ ਸ਼ਾਮਲ ਹਨ। ਇਸ ਸਫ਼ਲਤਾ ਦੇ ਬਾਵਜੂਦ ਉਹ ਨਿਮਰ ਅਤੇ ਜ਼ਮੀਨ ਨਾਲ ਜੁੜੇ ਹੋਏ ਹਨ।

ਆਪਣੇ ਪਰਿਵਾਰ ਬਾਰੇ ਬੋਲਦਿਆਂ ਬਹਿਰਾ ਨੇ ਭਾਵੁਕ ਹੋ ਕੇ ਕਿਹਾ, "ਅੱਜ ਮੈਂ ਜੋ ਕੁਝ ਵੀ ਹਾਂ, ਉਸ ਦਾ ਸਿਹਰਾ ਮੇਰੇ ਪਰਿਵਾਰ ਨੂੰ ਜਾਂਦਾ ਹੈ, ਖ਼ਾਸ ਕਰਕੇ ਮੇਰੀ ਪਤਨੀ ਮਨਜੀਤ ਕੌਰ ਨੂੰ, ਜਿਸ ਨੇ ਹਰ ਸੰਘਰਸ਼ ਅਤੇ ਨੀਂਦ ਰਹਿਤ ਰਾਤ ਵਿੱਚ ਮੇਰਾ ਸਾਥ ਦਿੱਤਾ। ਉਸ ਦੀ ਮਜ਼ਬੂਤੀ ਅਤੇ ਵਿਸ਼ਵਾਸ ਨੇ ਮੈਨੂੰ ਉਦੋਂ ਵੀ ਅੱਗੇ ਵਧਣ ਦੀ ਹਿੰਮਤ ਦਿੱਤੀ, ਜਦੋਂ ਹਾਲਾਤ ਨਾਮੁਮਕਿਨ ਜਾਪਦੇ ਸਨ।

ਭਵਿੱਖ ਬਾਰੇ ਉਨ੍ਹਾਂ ਦਾ ਅਗਲਾ ਟੀਚਾ ਇੱਕ ਮੈਡੀਕਲ ਕਾਲਜ ਅਤੇ ਹਰ 50 ਕਿਲੋਮੀਟਰ ਦੂਰੀ ਉੱਤੇ ਹਸਪਤਾਲਾਂ ਦਾ ਨੈੱਟਵਰਕ ਕਾਇਮ ਕਰਨਾ ਹੈ, ਤਾਂ ਜੋ ਪੇਂਡੂ ਇਲਾਕਿਆਂ ਵਿੱਚ ਸਸਤੀ ਸਿਹਤ ਸੇਵਾਵਾਂ ਮਿਲ ਸਕਣ। ਉਨ੍ਹਾਂ ਸਾਂਝਾ ਕੀਤਾ, "ਮੇਰਾ ਅਗਲਾ ਸੁਪਨਾ ਇੱਕ ਮੈਡੀਕਲ ਕਾਲਜ ਅਤੇ ਹਰ 50 ਕਿਲੋਮੀਟਰ ਉੱਤੇ ਹਸਪਤਾਲਾਂ ਦੀ ਲੜੀ ਬਣਾਉਣਾ ਹੈ, ਤਾਂ ਜੋ ਪਿੰਡਾਂ ਦੇ ਸਭ ਤੋਂ ਗ਼ਰੀਬ ਲੋਕਾਂ ਨੂੰ ਵੀ ਗੁਣਵੱਤਾ ਭਰਪੂਰ ਸਿਹਤ ਸੇਵਾ ਮਿਲ ਸਕੇ।

ਵਿਵਾਦਤ ਬਿਆਨ ਤੋਂ ਬਾਅਦ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀਆਂ ਵਧੀਆਂ ਮੁਸ਼ਕਲਾਂ, ਮਹਿਲਾ ਕਮਿਸ਼ਨ ਵੱਲੋਂ ਨੋਟਿਸ

ਪਟਿਆਲਾ : ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਸਾਬਕਾ ਕੈਬਨਿਟ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਵੱਲੋਂ ਦਿੱਤੇ ਗਏ ਇੱਕ ਕਥਿਤ ਵਿਵਾਦਿਤ ਬਿਆਨ 'ਤੇ ਸੂ-ਮੋਟੋ (ਖ਼ੁਦ ਨੋਟਿਸ) ਨੋਟਿਸ ਲਿਆ ਹੈ।

ਮਲੂਕਾ ਨੇ ਇੱਕ ਨਿੱਜੀ ਨਿਊਜ਼ ਚੈਨਲ ਦੇ

ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸੂਬਾ ਸਰਕਾਰ ਦੀ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਬਾਰੇ ਇਕ ਵਿਵਾਦਿਤ ਬਿਆਨ ਦਿੱਤਾ ਸੀ। ਸੂਬਾ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਸੰਮਨ ਸਾਂਝਾ ਕੀਤਾ।

ਸੰਮਨ ਵਿੱਚ ਲਿਖਿਆ ਹੈ, 'ਕਮਿਸ਼ਨ ਨੂੰ ਇੱਕ ਵੀਡੀਓ ਬਾਰੇ ਜਾਣਕਾਰੀ ਮਿਲੀ ਹੈ ਜਿਸ ਵਿੱਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਔਰਤਾਂ ਪ੍ਰਤੀ ਇਤਰਾਜ਼ਯੋਗ, ਅਪਮਾਨਜਨਕ ਅਤੇ ਅਣਉਚਿਤ ਭਾਸ਼ਾ ਦੀ ਵਰਤੋਂ ਕੀਤੀ ਹੈ। ਵੀਡੀਓ ਵਿੱਚ ਵਰਤੀ ਗਈ ਅਜਿਹੀ ਭਾਸ਼ਾ ਔਰਤਾਂ ਦੇ ਸਨਮਾਨ ਅਤੇ ਸਮਾਜਿਕ ਸਥਿਤੀ ਨੂੰ ਠੇਸ ਪਹੁੰਚਾਉਣ ਵਾਲੀ ਹੈ। ਅਜਿਹੀ ਭਾਸ਼ਾ ਨਾ ਸਿਰਫ਼ ਔਰਤਾਂ ਪ੍ਰਤੀ ਅਪਮਾਨਜਨਕ ਰਵੱਈਏ ਨੂੰ ਉਤਸ਼ਾਹਿਤ ਕਰ ਸਕਦੀ ਹੈ ਬਲਕਿ ਸਮਾਜ ਵਿੱਚ ਔਰਤਾਂ ਪ੍ਰਤੀ ਸਤਿਕਾਰ ਅਤੇ ਬਰਾਬਰੀ ਦੀ ਭਾਵਨਾ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।'

ਡੀਜੀਪੀ ਨੂੰ ਸੰਬੋਧਿਤ ਪੱਤਰ ਵਿੱਚ ਅੱਗੇ ਲਿਖਿਆ ਹੈ ਕਿ 'ਇਸ ਲਈ, ਔਰਤਾਂ ਦੇ ਸਨਮਾਨ ਦੀ ਰਾਖੀ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਕਮਿਸ਼ਨ ਨੇ 'ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001' ਤਹਿਤ ਸੂ-ਮੋਟੋ ਨੋਟਿਸ ਲੈਂਦੇ ਹੋਏ, ਪ੍ਰਾਪਤ ਵੀਡੀਓ ਤੁਹਾਨੂੰ ਭੇਜ ਕੇ ਲਿਖਿਆ ਹੈ ਕਿ ਇਸ ਵੀਡੀਓ ਦੇ ਸਬੰਧ ਵਿੱਚ ਸੁਪਰਡੈਂਟ ਆਫ਼ ਪੁਲੀਸ (ਐੱਸ.ਪੀ.) ਰੈਂਕ ਦੇ ਅਧਿਕਾਰੀ ਤੋਂ ਮਾਮਲੇ ਦੀ ਜਾਂਚ/ਪੜਤਾਲ ਕਰਵਾਈ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ 23.10.2026 ਤੱਕ ਕਮਿਸ਼ਨ ਦੀ ਈਮੇਲ ਰਾਹੀਂ ਭੇਜੀ ਜਾਵੇ।'

ਸੰਮਨ ਵਿੱਚ ਲਿਖਿਆ ਹੈ ਕਿ ਕਮਿਸ਼ਨ ਨੇ ਸਬੰਧਤ ਅਧਿਕਾਰੀ ਨੂੰ ਇਸ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਦੀ ਸਥਿਤੀ ਰਿਪੋਰਟ ਸੌਂਪਣ ਅਤੇ 23 ਅਕਤੂਬਰ ਨੂੰ ਸਵੇਰੇ 11 ਵਜੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਕਮਿਸ਼ਨ ਅੱਗੇ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਲਾਹਨਤ ਪੱਤਰ: 'ਆਪ' ਵਜ਼ੀਰਾਂ ਤੇ ਵਿਧਾਇਕਾਂ ਤੱਕ ਪੁੱਜਾ ਸੇਕ

ਘਰਾਂ ਬਾਹਰ ਪੱਤਰ ਚਿਪਕਾਏ; ਬਹੁਤੇ ਵਿਧਾਇਕ ਘਰਾਂ 'ਚੋਂ ਗਾਇਬ ਹੋਏ

ਚੰਡੀਗੜ੍ਹ : ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ 'ਚ ਬਣੀ ਐਕਸ਼ਨ ਕਮੇਟੀ ਦੇ ਸੱਦੇ 'ਤੇ 'ਆਪ' ਵਿਧਾਇਕਾਂ ਅਤੇ ਵਜ਼ੀਰਾਂ ਨੂੰ ਲਾਹਨਤ ਪੱਤਰ ਸੌਂਪਣ ਦੀ ਮੁਹਿੰਮ ਦੌਰਾਨ ਸਮੁੱਚੇ ਪੰਜਾਬ 'ਚ 'ਆਪ' ਸਰਕਾਰ ਖ਼ਿਲਾਫ਼ ਨਾਅਰੇ ਸੁਣਨ ਨੂੰ ਮਿਲੇ। ਮੁਹਿੰਮ ਕਰ ਕੇ ਤਕਰੀਬਨ ਸਾਰੇ 'ਆਪ' ਵਿਧਾਇਕ ਆਪੋ-ਆਪਣੇ ਘਰਾਂ 'ਚੋਂ ਗ਼ਾਇਬ ਰਹੇ। ਇਹ ਪੱਤਰ ਦੁਪਹਿਰ 12 ਤੋਂ 3 ਵਜੇ ਤੱਕ ਵਿਧਾਇਕਾਂ ਦੇ ਘਰਾਂ ਤੇ ਦਫ਼ਤਰਾਂ ਅੱਗੇ ਚਿਪਕਾਏ ਗਏ। ਇਸ ਦੌਰਾਨ ਕਈ ਵਿਧਾਨ ਸਭਾ ਹਲਕਿਆਂ 'ਚ ਮਾਹੌਲ ਤਣਾਅਪੂਰਨ ਰਿਹਾ ਅਤੇ ਹਲਕਾ ਤਲਵੰਡੀ ਸਾਬੋ 'ਚ ਕਿਸਾਨ ਆਗੂ ਜ਼ਖ਼ਮੀ ਹੋ ਗਿਆ। ਕਈ ਥਾਈਂ ਪੁਲੀਸ ਤੇ ਵਿਖਾਵਾਕਾਰੀ ਭਿੜੇ ਗਏ। ਐਕਸ਼ਨ ਕਮੇਟੀ ਨੇ ਦੂਜੇ ਗੇੜ ਦੇ ਸੂਬਾਈ ਪ੍ਰੋਗਰਾਮ ਤਹਿਤ ਮੁੱਖ ਮੰਤਰੀ ਦੇ ਨਾਮ 'ਤੇ ਵਿਧਾਇਕਾਂ ਤੇ ਵਜ਼ੀਰਾਂ ਨੂੰ ਅੱਜ ਲਾਹਨਤ ਪੱਤਰ ਸੌਂਪਣ ਦਾ ਸੱਦਾ ਦਿੱਤਾ ਸੀ। ਪਿਛਲੇ ਸੱਤ ਦਿਨਾਂ ਤੋਂ ਪਰਵਿੰਦਰ ਸਿੰਘ ਝੋਟਾ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਨਹੀਂ ਹੋਇਆ ਹੈ। ਐਕਸ਼ਨ ਕਮੇਟੀ ਦੀ ਅਗਵਾਈ 'ਚ ਹੁਣ ਯੋਜਨਾਬੱਧ ਤਰੀਕੇ ਨਾਲ ਇਨਸਾਫ਼ ਲਈ ਘੋਲ ਲੜਿਆ ਜਾ ਰਿਹਾ ਹੈ।

ਕਿਸਾਨ ਮਜ਼ਦੂਰ ਜਥੇਬੰਦੀਆਂ, ਜਨਤਕ ਧਿਰਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲੀ ਦਲ (ਵਾਰਿਸ ਪੰਜਾਬ) ਸਮੇਤ ਸਿਆਸੀ ਧਿਰਾਂ ਨੇ ਵੀ ਇਸ ਮੁਹਿੰਮ ਦੀ ਅਗਵਾਈ ਕੀਤੀ। 'ਆਪ' ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰਾਂ ਦਾ ਘਿਰਾਓ ਕੀਤਾ ਅਤੇ ਕਈ ਥਾਵਾਂ 'ਤੇ ਘਰਾਂ ਅੱਗੇ ਧਰਨੇ ਦਿੱਤੇ; ਹਾਲਾਂਕਿ ਪੰਜਾਬ ਪੁਲੀਸ ਨੇ ਇਹਤਿਆਤ ਵਜੋਂ 'ਆਪ' ਵਿਧਾਇਕਾਂ ਦੇ ਘਰਾਂ ਅਤੇ ਦਫ਼ਤਰ ਲਾਗੇ ਸਖ਼ਤ ਰੋਕਾਂ ਲਗਾਈਆਂ ਹੋਈਆਂ ਸਨ। ਬਹੁਤੇ 'ਆਪ' ਵਿਧਾਇਕ ਇਸ ਮੁਹਿੰਮ ਦੇ ਮੱਦੇਨਜ਼ਰ ਆਪਣੇ ਘਰਾਂ 'ਚੋਂ ਪਹਿਲਾਂ ਹੀ ਖਿਸਕ ਗਏ ਸਨ। 'ਆਪ' ਵਿਧਾਇਕਾਂ

ਤਰਨ ਤਾਰਨ ਬਣਿਆ ਪਰਾਲੀ ਸਾੜਨ ਦਾ ਸਭ ਤੋਂ ਵੱਡਾ ਹੌਟਸਪੌਟ: ਪੰਜਾਬ ਦੇ ਕੁੱਲ ਮਾਮਲਿਆਂ 'ਚੋਂ ਅੱਧੇ ਕੇਸ ਇਕੱਲੇ ਜ਼ਿਲ੍ਹੇ 'ਚ ਦਰਜ; ਪ੍ਰਸ਼ਾਸਨ ਵੱਲੋਂ 25 ਐੱਫ.ਆਈ.ਆਰ. ਅਤੇ ਰੈੱਡ ਐਂਟਰੀਆਂ

ਪੰਜਾਬ ਭਰ 'ਚ ਅੰਕੜਾ 454 ਤੱਕ ਪੁੱਜਿਆ, ਤਰਨ ਤਾਰਨ 'ਚ 218 ਘਟਨਾਵਾਂ; ਮਸ਼ੀਨਰੀ ਦੀ ਘਾਟ ਤੇ ਕਣਕ ਦੀ ਬਿਜਾਈ ਦੇ ਦਬਾਅ ਹੇਠ ਕਿਸਾਨ ਮਜਬੂਰ

ਤਰਨ ਤਾਰਨ (ਪੰਜਾਬ) : ਪੰਜਾਬ ਵਿੱਚ ਝੋਨੇ ਦੀ ਵਾਢੀ ਤੇਜ਼ ਹੁੰਦਿਆਂ ਹੀ ਪਰਾਲੀ ਸਾੜਨ (Stubble Burning) ਦੇ ਮਾਮਲਿਆਂ ਵਿੱਚ ਭਾਰੀ ਉਛਾਲ ਆਇਆ ਹੈ, ਜਿਸ ਵਿੱਚ ਸਰਹੱਦੀ ਜ਼ਿਲ੍ਹਾ ਤਰਨ ਤਾਰਨ ਸੂਬੇ ਦੇ ਨਾਲ-ਨਾਲ ਪੂਰੇ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਹੌਟਸਪੌਟ ਬਣ ਕੇ ਉੱਭਰਿਆ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (PPCB) ਅਤੇ ਸੈਟੇਲਾਈਟ ਮਾਨੀਟਰਿੰਗ ਡਾਟਾ ਮੁਤਾਬਕ ਸੂਬੇ ਵਿੱਚ ਦਰਜ ਕੁੱਲ 454 ਮਾਮਲਿਆਂ ਵਿੱਚੋਂ ਲਗਭਗ ਅੱਧੇ (218 ਮਾਮਲੇ) ਇਕੱਲੇ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧਤ ਹਨ। ਬੁੱਧਵਾਰ ਨੂੰ ਤਰਨ ਤਾਰਨ ਦੇ ਵੱਖ-ਵੱਖ ਖੇਤੀਬਾੜੀ ਖੇਤਾਂ ਵਿੱਚੋਂ ਪਰਾਲੀ ਨੂੰ ਅੱਗ ਲਗਾਉਣ ਦੇ ਸਾਹਮਣੇ ਆਏ ਤਾਜ਼ਾ ਦ੍ਰਿਸ਼ਾਂ ਨੇ ਵਾਤਾਵਰਨ ਕਮਿਸ਼ਨ (CAQM) ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਹੈ। ਪ੍ਰਸ਼ਾਸਨ ਨੇ ਸਖ਼ਤੀ ਵਰਤਦਿਆਂ ਭਾਰਤੀ ਨਿਆਂ ਸੰਹਿਤਾ (BNS) ਦੀ ਧਾਰਾ 223 ਤਹਿਤ ਸੂਬੇ ਭਰ ਵਿੱਚ ਦਰਜ 39 ਐੱਫ.ਆਈ.ਆਰਜ਼ ਵਿੱਚੋਂ ਇਕੱਲੇ ਤਰਨ ਤਾਰਨ ਅੰਦਰ 25 ਕੇਸ ਦਰਜ ਕੀਤੇ ਹਨ ਅਤੇ ਦਰਜਨਾਂ ਕਿਸਾਨਾਂ ਦੇ ਮਾਲ ਰਿਕਾਰਡ ਵਿੱਚ ਰੈੱਡ ਐਂਟਰੀਆਂ ਕੀਤੀਆਂ ਹਨ।

ਮੁੱਖ ਵੇਰਵੇ: ਤਰਨ ਤਾਰਨ ਤੇ ਪੰਜਾਬ ਫ਼ਾਰਮ ਫ਼ਾਇਰ ਅੰਕੜੇ

ਪੈਰਾਮੀਟਰ ਅਧਿਕਾਰਤ ਅੰਕੜੇ (21-22 ਅਕਤੂਬਰ 2026)

ਪੰਜਾਬ ਵਿੱਚ ਕੁੱਲ ਮਾਮਲੇ : 454 ਘਟਨਾਵਾਂ (ਬੀਤੇ ਵਰ੍ਹੇ ਦੇ ਮੁਕਾਬਲੇ ਵਾਧਾ)

ਤਰਨ ਤਾਰਨ ਜ਼ਿਲ੍ਹਾ (ਸਿਖ਼ਰ 'ਤੇ) : 218 ਕੇਸ (ਸੂਬੇ ਦੇ ਕੁੱਲ ਮਾਮਲਿਆਂ ਦਾ ਕਰੀਬ 48%)

ਅੰਮ੍ਰਿਤਸਰ ਜ਼ਿਲ੍ਹਾ (ਦੂਜਾ ਨੰਬਰ) : 125 ਕੇਸ

ਦਰਜ FIRs (ਸੂਬਾ/ਤਰਨ ਤਾਰਨ) : 39 ਕੁੱਲ ਐੱਫ.ਆਈ.ਆਰ./25 ਇਕੱਲੇ ਤਰਨ ਤਾਰਨ 'ਚ

ਕਿਸਾਨਾਂ 'ਤੇ ਕਾਰਵਾਈ ਜ਼ਮੀਨੀ ਰਿਕਾਰਡ 'ਚ ਰੈੱਡ ਐਂਟਰੀਆਂ ਅਤੇ ਵਾਤਾਵਰਨ ਮੁਆਵਜ਼ਾ ਜੁਰਮਾਨੇ

ਏਅਰ ਕੁਆਲਿਟੀ ਪ੍ਰਭਾਵ : ਜਲੰਧਰ (AQI 198), ਮੰਡੀ ਗੋਬਿੰਦਗੜ੍ਹ (AQI 177), ਬਠਿੰਡਾ (AQI 142)

ਕਿਸਾਨਾਂ ਦੀਆਂ ਮਜਬੂਰੀਆਂ ਬਨਾਮ ਸਰਕਾਰੀ ਸਖ਼ਤੀ

ਖੇਤੀ ਮਾਹਿਰਾਂ ਮੁਤਾਬਕ 15 ਨਵੰਬਰ ਤੱਕ ਕਣਕ ਦੀ ਅਗੇਤੀ ਬਿਜਾਈ ਮੁਕੰਮਲ ਕਰਨ ਦਾ ਸਮਾਂ ਹੁੰਦਾ ਹੈ, ਜਿਸ ਕਾਰਨ ਕਿਸਾਨਾਂ ਕੋਲ ਖੇਤ ਖ਼ਾਲੀ ਕਰਨ ਲਈ ਸਿਰਫ਼ 10 ਤੋਂ 15 ਦਿਨਾਂ ਦਾ ਸਮਾਂ ਬਚਦਾ ਹੈ। ਜ਼ਮੀਨੀ ਪੱਧਰ 'ਤੇ ਛੋਟੇ ਕਿਸਾਨਾਂ ਦਾ ਕਹਿਣਾ ਹੈ:

ਬੇਲਰਾਂ ਦੀ ਘਾਟ: ਸਰਕਾਰੀ ਬੇਲਰ ਅਤੇ ਸੁਪਰ-ਸੀਡਰ ਮਸ਼ੀਨਾਂ ਸੀਮਤ ਗਿਣਤੀ ਵਿੱਚ ਹਨ ਅਤੇ ਜ਼ਿਆਦਾਤਰ ਰਸੂਖ਼ਦਾਰ ਵੱਡੇ ਕਿਸਾਨਾਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ।

ਭਾਰੀ ਲਾਗਤ: ਪਰਾਲੀ ਨੂੰ ਖੇਤ ਵਿੱਚੋਂ ਬਾਹਰ ਕਢਵਾਉਣ 'ਤੇ ਪ੍ਰਤੀ ਏਕੜ 3,000 ਤੋਂ 5,000 ਰੁਪਏ ਤੱਕ ਵਾਧੂ ਖ਼ਰਚ ਆਉਂਦਾ ਹੈ, ਜਿਸ ਦੀ ਭਰਪਾਈ ਲਈ ਸਰਕਾਰ ਵੱਲੋਂ ਕੋਈ ਨਕਦ ਮੁਆਵਜ਼ਾ (NGT ਦੀ ਸਿਫ਼ਾਰਸ਼ ਮੁਤਾਬਕ 6,000) ਨਹੀਂ ਦਿੱਤਾ ਜਾ ਰਿਹਾ।

ਮੰਡੀਆਂ ਵਿੱਚ ਰੁਲਾਈ: ਦਾਣਾ ਮੰਡੀਆਂ ਵਿੱਚ ਝੋਨੇ ਦੀ ਸਰਕਾਰੀ ਖ਼ਰੀਦ ਅਤੇ ਲਿਫ਼ਟਿੰਗ ਦੀ ਸੁਸਤ ਰਫ਼ਤਾਰ ਕਾਰਨ ਕਿਸਾਨ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹਨ।

ਪਰਵਿੰਦਰ ਸਿੰਘ ਦੇ ਨਾਲ ਜ਼ਖਮੀ ਹੋਏ ਸਾਥੀਆਂ ਨੂੰ ਐੱਸਜੀਪੀਸੀ ਨੇ ਸੌਂਪੇ 5-5 ਲੱਖ ਦੇ ਚੈੱਕ

ਨਸ਼ਿਆਂ ਵਿਰੁੱਧ ਲੜਨ ਵਾਲੇ ਕੌਮੀ ਯੋਧਿਆਂ ਦੀ ਪਿੱਠ 'ਤੇ ਚੱਟਾਨ ਵਾਂਗ ਖੜ੍ਹੀ ਹੈ ਸਿੱਖ ਸੰਸਥਾ: ਗਿਆਨੀ ਟੇਕ ਸਿੰਘ

ਮਾਨਸਾ : ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਨਾਲ ਜ਼ਖ਼ਮੀ ਹੋਏ ਨੌਜਵਾਨਾਂ ਦੀ ਸਹਾਇਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਵੱਲੋਂ ਮਾਲੀ ਸਹਾਇਤਾ ਦਿੱਤੀ ਗਈ ਹੈ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਕੀਤੇ ਐਲਾਨ ਨੂੰ ਅਮਲੀ ਰੂਪ ਵਿੱਚ ਪੂਰਾ ਕਰਦਿਆਂ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਚਾਰ ਨੌਜਵਾਨਾਂ ਨੂੰ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਸੌਂਪੇ ਗਏ। ਇਹ ਚੈੱਕ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ, ਅੰਤਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਤੇ ਮੀਤ ਸਕੱਤਰ ਆਜ਼ਾਦਦੀਪ ਸਿੰਘ ਨੇ ਜ਼ਖ਼ਮੀ ਨੌਜਵਾਨਾਂ ਨੂੰ ਮਿਲ ਕੇ ਸੌਂਪੇ। ਇਸ ਮੌਕੇ ਸ਼ਹੀਦ ਭਾਈ ਪਰਵਿੰਦਰ ਸਿੰਘ ਦੇ ਪਿਤਾ ਬਾਪੂ ਭੀਮ ਸਿੰਘ ਵੀ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨਸ਼ਿਆਂ ਦੇ ਕਾਰੋਬਾਰ ਵਿਰੁੱਧ ਆਵਾਜ਼ ਉਠਾਉਣ ਸਮੇਂ ਵਾਪਰੀ ਘਟਨਾ ਦੌਰਾਨ ਪਰਵਿੰਦਰ ਸਿੰਘ ਝੋਟਾ ਸ਼ਹਾਦਤ ਪ੍ਰਾਪਤ ਕਰ ਗਏ ਸਨ, ਜਦਕਿ ਉਨ੍ਹਾਂ ਦੇ ਚਾਰ ਸਾਥੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ। ਇਸ ਦੁਖਦਾਈ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ ਸੀ ਅਤੇ ਜ਼ਖ਼ਮੀ ਨੌਜਵਾਨਾਂ ਦੇ ਇਲਾਜ ਅਤੇ ਸਹਾਇਤਾ ਲਈ ਮਾਲੀ ਮਦਦ ਦੇਣ ਦਾ ਐਲਾਨ ਕੀਤਾ ਸੀ। ਇਸ ਤਹਿਤ ਅੱਜ ਜ਼ਖ਼ਮੀਆਂ ਨੂੰ 5-5 ਲੱਖ ਰੁਪਏ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ ਗਏ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਕਿਹਾ ਕਿ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਹਿੰਮਤ ਨਾਲ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਦੀ ਕੁਰਬਾਨੀ ਸਮੁੱਚੀ ਕੌਮ ਲਈ ਪ੍ਰੇਰਨਾ ਸਰੋਤ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਰਗੀ ਸਮਾਜਿਕ ਬੁਰਾਈ ਵਿਰੁੱਧ ਸੰਘਰਸ਼ ਕਰਨਾ ਸਮੇਂ ਦੀ ਵੱਡੀ ਲੋੜ ਹੈ ਅਤੇ ਇਸ ਦਿਸ਼ਾ ਵਿੱਚ ਯਤਨ ਕਰਨ ਵਾਲੇ ਨੌਜਵਾਨਾਂ ਦੇ ਨਾਲ ਖੜ੍ਹਨਾ ਸਾਰਿਆਂ ਦਾ ਫ਼ਰਜ਼ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁੱਖ ਦੀ ਇਸ ਘੜੀ ਵਿੱਚ ਪੀੜਤ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਖੜ੍ਹੀ ਹੈ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨਾਂ ਨੂੰ ਇਕੱਲੇ ਮਹਿਸੂਸ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਜ਼ਖ਼ਮੀ ਨੌਜਵਾਨਾਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕਰਦਿਆਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੀ ਕੁਰਬਾਨੀ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪ੍ਰੇਰਨਾ ਦਿੰਦੀ ਰਹੇਗੀ।

ਤਬਦੀਲੀ ਦਾ ਹੋਕਾ: ਫਰਾਂਸ ਦਾ ਵਿਦਿਆਰਥੀ ਅੰਦੋਲਨ

ਮਨਦੀਪ

ਬੀਤੇ ਕੁਝ ਵਰ੍ਹਿਆਂ ਦੌਰਾਨ ਨਵ-ਉਦਾਰਵਾਦੀ ਨੀਤੀਆਂ, ਭ੍ਰਿਸ਼ਟਾਚਾਰ, ਮਹਿੰਗਾਈ, ਵਿੱਦਿਅਕ ਬਜਟ ਵਿੱਚ ਕਟੌਤੀ, ਜੰਗ ਅਤੇ ਜਮਹੂਰੀ ਹੱਕਾਂ ਦੇ ਘਾਣ ਵਿਰੁੱਧ ਪੂਰੀ ਦੁਨੀਆ ਵਿੱਚ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਰੋਹ ਲਗਾਤਾਰ ਫੁੱਟ ਰਿਹਾ ਹੈ। ਇਨ੍ਹੀਂ ਦਿਨੀਂ ਫਰਾਂਸ ਵਿੱਚ ਸਕੂਲੀ ਬੁਨਿਆਦੀ ਢਾਂਚੇ ਦੀ ਖ਼ਸਤਾ ਹਾਲਤ ਤੇ ਫੰਡਾਂ 'ਚ ਕਟੌਤੀ, ਭਾਰਤ ਵਿੱਚ ਚੋਣ ਕਮਿਸ਼ਨ ਵਿਰੁੱਧ ਰੋਸ, ਅਲਬਾਨੀਆ ਵਿੱਚ ਉੱਚ ਸਿੱਖਿਆ ਦੀ ਲਾਗਤ, ਵਿੱਤੀ ਮਦਦ ਦੀ ਘਾਟ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਨੌਕਰੀਆਂ ਦੀ ਅਣਹੋਂਦ, ਸਰਬੀਆ ਵਿੱਚ ਸਰਕਾਰੀ ਭ੍ਰਿਸ਼ਟਾਚਾਰ, ਇੰਡੋਨੇਸ਼ੀਆ ਵਿੱਚ ਫ਼ੌਜੀ ਦਖ਼ਲ ਤੇ ਮਹਿੰਗਾਈ, ਬੰਗਲਾਦੇਸ਼ ਵਿੱਚ ਨਵੀਂ ਸਰਕਾਰ ਦੀਆਂ ਨਾਕਾਮੀਆਂ, ਪਾਕਿਸਤਾਨ ਵਿੱਚ ਗ਼ੁਰਬਤ ਤੇ ਬੇਰੁਜ਼ਗਾਰੀ, ਬੈਲਜੀਅਮ ਵਿੱਚ ਸਿੱਖਿਆ ਸਹੂਲਤਾਂ 'ਚ ਕਟੌਤੀ ਅਤੇ ਫਿਲਪੀਨਜ਼ ਵਿੱਚ ਜੀਵਨ ਲਾਗਤਾਂ 'ਚ ਵਾਧੇ ਵਿਰੁੱਧ ਨੌਜਵਾਨ-ਵਿਦਿਆਰਥੀ ਸਫ਼ਬੰਦ ਹੋ ਰਹੇ ਹਨ। ਇਸ ਤੋਂ ਇਲਾਵਾ ਅਮਰੀਕਾ ਅਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਫ਼ਲਸਤੀਨ ਨਾਲ ਹਮ-ਆਵਾਜ਼ੀ, ਜੰਗਾਂ ਤੇ ਵਿਦਿਆਰਥੀ ਕਰਜ਼ੇ ਵਿਰੁੱਧ, ਸਪੇਨ ਵਿੱਚ ਰਿਹਾਇਸ਼ੀ ਘਰਾਂ ਦੇ ਸੰਕਟ ਤੇ ਕਿਰਾਏ ਵਿੱਚ ਵਾਧੇ ਖ਼ਿਲਾਫ਼, ਬਰਤਾਨੀਆ ਵਿੱਚ ਆਸਮਾਨ ਛੂੰਹਦੀਆਂ ਫੀਸਾਂ ਖ਼ਿਲਾਫ਼ ਅਤੇ ਲਾਤੀਨੀ ਅਮਰੀਕਾ (ਅਰਜਨਟੀਨਾ ਤੇ ਚਿੱਲੀ) ਵਿੱਚ ਯੂਨੀਵਰਸਿਟੀ ਫੰਡਾਂ 'ਚ ਕਟੌਤੀ ਵਿਰੁੱਧ ਵਿਸ਼ਾਲ ਸੰਘਰਸ਼ ਚੱਲ ਰਹੇ ਹਨ। ਇਹ ਸਾਰੇ ਸੰਘਰਸ਼ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹਕੂਮਤਾਂ ਦੀਆਂ ਲੋਕ-ਵਿਰੋਧੀ ਨੀਤੀਆਂ ਖ਼ਿਲਾਫ਼ ਨੌਜਵਾਨ ਪੀੜ੍ਹੀ ਹਰ ਥਾਂ ਤਬਦੀਲੀ ਦਾ ਹਰਾਵਲ ਦਸਤਾ ਬਣੀ ਹੋਈ ਹੈ।

ਹਾਲ ਹੀ ਵਿੱਚ ਫਰਾਂਸ ਦੀ ਰਾਜਧਾਨੀ ਪੈਰਿਸ ਦੀਆਂ ਸੜਕਾਂ 'ਤੇ ਅੱਗ ਦੇ ਗੋਲਿਆਂ ਅਤੇ ਅੱਥਰੂ ਗੈਸ ਦੇ ਧੂੰਏਂ ਵਿੱਚੋਂ 'ਸਾਡਾ ਭਵਿੱਖ ਵੇਚਣਾ ਬੰਦ ਕਰੋ' ਦੇ ਨਾਅਰੇ ਗੂੰਜ ਰਹੇ ਹਨ। ਫਰਾਂਸ ਵਿੱਚ ਇਸ ਵੇਲੇ ਉੱਠਿਆ ਵਿਦਿਆਰਥੀ ਸੰਘਰਸ਼ ਮਹਿਜ਼ ਯੂਨੀਵਰਸਿਟੀ ਫੰਡਾਂ ਦੀ ਕਟੌਤੀ ਵਰਗੀ ਇਕਹਿਰੀ ਘਟਨਾ ਦਾ ਵਿਰੋਧ ਨਹੀਂ ਹੈ ਸਗੋਂ ਇਹ ਪੂਰੇ ਪ੍ਰਬੰਧ ਦੀਆਂ ਢਾਂਚਾਗਤ ਨੀਤੀਆਂ ਖ਼ਿਲਾਫ਼ ਇੱਕ ਜ਼ਬਰਦਸਤ ਸਿਆਸੀ ਸੰਘਰਸ਼ ਹੈ। ਇਸ ਵਿਦਿਆਰਥੀ ਸੰਘਰਸ਼ ਦੀ ਸਿਆਸੀ ਤਾਸੀਰ ਦੁਨੀਆ ਭਰ ਵਿੱਚ ਲਗਾਤਾਰ ਉੱਠ ਰਹੇ ਮੌਜੂਦਾ ਨੌਜਵਾਨ-ਵਿਦਿਆਰਥੀ (ਜੈੱਨ-ਜ਼ੀ) ਅੰਦੋਲਨਾਂ ਨਾਲੋਂ ਵਧੇਰੇ ਤਿੱਖੀ, ਸਿਆਸੀ ਤੇ ਅਰਥਪੂਰਨ ਹੈ। ਇਹ ਸੰਘਰਸ਼ ਕਿਸੇ ਅਚਾਨਕ ਵਾਪਰੀ ਘਟਨਾ ਦਾ ਨਤੀਜਾ ਨਹੀਂ ਹੈ ਸਗੋਂ ਇਹ ਨਵ-ਉਦਾਰਵਾਦੀ ਆਰਥਿਕ ਨੀਤੀਆਂ ਕਾਰਨ ਹੁੰਦੀ ਨਿਰੰਤਰ ਲੁੱਟ ਤੇ ਅਰਾਜਕਤਾ ਵਿਰੁੱਧ ਚੇਤੰਨ ਪ੍ਰਤੀਕਰਮ ਹੈ, ਜਿਸ ਨੇ ਨੌਜਵਾਨ ਪੀੜ੍ਹੀ ਨੂੰ ਅਨਿਸ਼ਚਿਤਤਾ, ਬੇਰੁਜ਼ਗਾਰੀ, ਮਹਿੰਗਾਈ ਅਤੇ ਮਾਨਸਿਕ ਤਣਾਅ ਦੇ ਹਨੇਰੇ ਭਵਿੱਖ ਵੱਲ ਧੱਕ ਦਿੱਤਾ ਹੈ।

ਫਰਾਂਸ ਦੇ ਵਿਦਿਆਰਥੀ ਅਧਿਆਪਕਾਂ ਦੀ ਘਾਟ, ਏਅਰ ਕੰਡੀਸ਼ਨਰਾਂ ਤੇ ਡੈਸਕਾਂ ਦੀ ਘਾਟ, ਟੁੱਟੀਆਂ-ਭੱਜੀਆਂ ਇਮਾਰਤਾਂ, ਪੇਂਡੂ ਤੇ ਸ਼ਹਿਰੀ ਸਿੱਖਿਆ ਸਹੂਲਤਾਂ ਵਿਚਲੇ ਫ਼ਰਕ ਅਤੇ ਖਚਾਖਚ ਭਰੀਆਂ ਜਮਾਤਾਂ ਵਾਲੀ ਤੰਗਹਾਲੀ ਖ਼ ?ਲਾਫ਼ ਰੋਹ ਵਿੱਚ ਹਨ। ਇਹ ਕਰਵਟ ਲੈ ਰਿਹਾ ਇੱਕ ਅਜਿਹਾ ਵਰਗ ਹੈ, ਜੋ ਸਿੱਖਿਆ ਮੰਡੀ ਵਿੱਚੋਂ ਹੁਨਰਮੰਦ ਕਾਮੇ ਵਜੋਂ ਤਿਆਰ ਹੋ ਕੇ ਫੈਕਟਰੀ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਆਪ ਨੂੰ ਪਛਾਣ ਰਿਹਾ ਹੈ। ਸਿੱਖਿਆ ਦੇ ਬੁਨਿਆਦੀ ਹੱਕਾਂ ਉੱਤੇ ਹਮਲਿਆਂ ਖ਼ਿਲਾਫ਼ ਸਕੂਲਾਂ ਤੋਂ ਸ਼ੁਰੂ ਹੋਇਆ ਇਹ ਵਿਦਿਆਰਥੀ ਸੰਘਰਸ਼ ਹੁਣ ਪੂਰੇ ਫਰਾਂਸ ਵਿੱਚ ਫੈਲ ਗਿਆ ਹੈ। 640 ਸਕੂਲਾਂ ਅਤੇ 30 ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕ, ਮਾਪੇ ਅਤੇ ਮਜ਼ਦੂਰ-ਮੁਲਾਜ਼ਮ ਯੂਨੀਅਨਾਂ ਵੀ ਇਸ ਵਿੱਚ ਸ਼ਾਮਿਲ ਹੋ ਰਹੀਆਂ ਹਨ। ਫਰਾਂਸ ਦੇ ਗ੍ਰਹਿ ਮੰਤਰਾਲੇ ਮੁਤਾਬਿਕ ਇਸ ਸੰਘਰਸ਼ ਵਿੱਚ 2,56,000 ਪ੍ਰਦਰਸ਼ਨਕਾਰੀਆਂ ਦੇ ਸ਼ਾਮਲ ਹੋਣ, ਲਗਪਗ 1,800 ਸਕੂਲ ਤਾਲਾਬੰਦ ਹੋਣ ਅਤੇ 6,500 ਗ੍ਰਿਫ਼ਤਾਰੀਆਂ ਹੋਣ ਦਾ ਅਨੁਮਾਨ ਹੈ। ਸਰਕਾਰ ਵਿਰੋਧ ਪ੍ਰਦਰਸ਼ਨਾਂ ਨੂੰ ਜਬਰੀ ਦਬਾਉਣ ਦੇ ਰਾਹ ਪਈ ਹੋਈ ਹੈ, ਜਿਸ ਨਾਲ ਇਹ ਸੰਘਰਸ਼ ਹਿੰਸਕ ਰੂਪ ਧਾਰਨ ਕਰ ਗਏ ਹਨ। ਫਰਾਂਸ ਦੀ ਇਤਿਹਾਸਕ ਰਵਾਇਤ ਰਹੀ ਹੈ ਕਿ ਉੱਥੋਂ ਦੇ ਵਿਦਿਆਰਥੀ ਸਿਰਫ਼ ਆਪਣੀਆਂ ਜਮਾਤਾਂ ਤੱਕ ਸੀਮਿਤ ਰਹਿਣ ਵਾਲੇ ਪੜ੍ਹਾਕੂ ਨਹੀਂ ਸਗੋਂ ਉਹ ਸਮਾਜਿਕ ਤਬਦੀਲੀ ਦੀਆਂ ਲਹਿਰਾਂ ਵਿੱਚ ਸਦਾ ਮੋਹਰੀ ਰਹੇ ਹਨ। ਅੱਜ ਫਰਾਂਸ ਦੇ ਨੌਜਵਾਨ ਯੂਨੀਵਰਸਿਟੀਆਂ 'ਤੇ ਕਬਜ਼ੇ, ਹੜਤਾਲਾਂ ਅਤੇ ਪੁਲੀਸ ਦੇ ਜਬਰ-ਜ਼ੁਲਮ ਦਾ ਡਟ ਕੇ ਸਾਹਮਣਾ ਕਰ ਰਹੇ ਹਨ। ਇਉਂ ਇਹ ਸੰਘਰਸ਼ ਸਥਾਨਕ ਵਿਰੋਧ ਤੋਂ ਅੱਗੇ ਵਧ ਕੇ ਵਿਸ਼ਵਵਿਆਪੀ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਤਿੱਖੇ ਪ੍ਰਤੀਰੋਧ ਦਾ ਰੂਪ ਧਾਰਨ ਕਰ ਰਿਹਾ ਹੈ ਅਤੇ ਯੂਰੋਪ ਤੇ ਲਾਤੀਨੀ ਅਮਰੀਕੀ ਮੁਲਕਾਂ ਦੇ ਵਿਦਿਆਰਥੀ ਸੰਘਰਸ਼ਾਂ ਲਈ ਮਿਸਾਲ ਬਣ ਰਿਹਾ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਫਰਾਂਸ ਵਿੱਚ ਲੋਕਾਂ ਦੀ ਸੁਰੱਖਿਆ ਤੇ ਵਿਕਾਸ ਲਈ ਚੱਲੇ ਸੰਘਰਸ਼ਾਂ ਮਗਰੋਂ ਸਮਾਜਿਕ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਸਨ, ਪਰ ਦੁਨੀਆ ਭਰ ਵਿੱਚ ਤੇਜ਼ੀ ਨਾਲ ਬਦਲਦੇ ਆਰਥਿਕ-ਸਮਾਜਿਕ ਹਾਲਾਤ ਕਾਰਨ ਇਹ ਪੂੰਜੀਵਾਦੀ ਮਾਡਲ ਸੰਕਟ ਵਿੱਚ ਘਿਰ ਰਿਹਾ ਹੈ। ਇਸ ਮਾਡਲ ਦਾ ਵਿਸ਼ਵਵਿਆਪੀ ਕੇਂਦਰ ਯਾਨੀ ਅਮਰੀਕਾ ਦੁਨੀਆ ਦਾ ਸਭ ਤੋਂ ਵੱਧ ਕਰਜ਼ਈ ਮੁਲਕ ਬਣ ਚੁੱਕਾ ਹੈ ਅਤੇ ਆਪਣੇ ਕਰਜ਼ੇ ਦੇ ਸੰਕਟ ਦਾ ਬੋਝ ਉਹ ਹੋਰ ਕਈ ਮੁਲਕਾਂ ਵਿੱਚ ਜੰਗਾਂ ਅਤੇ ਅਰਾਜਕਤਾਵਾਦੀ ਆਰਥਿਕ ਨੀਤੀਆਂ ਦਾ ਹਮਲਾ ਵਿੱਢ ਕੇ, ਮਹਿੰਗਾਈ ਦੇ ਰੂਪ ਵਿੱਚ ਦੁਨੀਆ ਭਰ ਦੇ ਲੋਕਾਂ ਉੱਤੇ ਲੱਦਣ ਦਾ ਰਾਹ ਅਪਣਾ ਰਿਹਾ ਹੈ। ਇਸ ਦੇ ਚੱਲਦਿਆਂ ਰੱਖਿਆ ਖੇਤਰ ਵਿੱਚ ਬਜਟ ਵਾਧੇ ਦੀਆਂ ਸਾਮਰਾਜੀ ਤਜਵੀਜ਼ਾਂ ਤੇਜ਼ੀ ਫੜ ਰਹੀਆਂ ਹਨ। ਯੂਰੋਪ ਸਮੇਤ ਫਰਾਂਸ ਦੀ ਸਰਕਾਰ ਵੀ ਇਨ੍ਹਾਂ ਸਾਮਰਾਜੀ ਦਿਸ਼ਾ-ਨਿਰਦੇਸ਼ਾਂ ਹੇਠ ਨਿਹੱਕੀਆਂ ਜੰਗਾਂ ਦਾ ਸਾਥ ਦੇ ਰਹੀ ਹੈ। ਸਾਮਰਾਜੀ ਜੰਗਾਂ ਦਾ ਬੋਝ ਦੁਨੀਆ ਭਰ ਦੇ ਲੋਕਾਂ ਉੱਤੇ ਪਾਇਆ ਜਾ ਰਿਹਾ ਹੈ ਤੇ ਇਹ ਬੋਝ ਫਰਾਂਸ ਦੇ ਆਮ ਲੋਕਾਂ ਉੱਤੇ ਵੀ ਪੈ ਰਿਹਾ ਹੈ, ਜਿਸ ਦੀ ਭਰਪਾਈ ਜਨਤਕ ਸਹੂਲਤਾਂ ਉੱਤੇ ਕੱਟ ਲਾ ਕੇ ਕੀਤੀ ਜਾ ਰਹੀ ਹੈ। ਇਸ ਸਿਆਸੀ ਖੇਡ ਨੂੰ ਸਮਝਦਿਆਂ ਫਰਾਂਸ ਦੇ ਵਿਦਿਆਰਥੀਆਂ ਨੇ ਸੋਸ਼ਲ ਮੀਡੀਆ ਰਾਹੀਂ ਲਾਮਬੰਦੀ ਕਰਕੇ ਸੜਕਾਂ 'ਤੇ ਇਨ੍ਹਾਂ ਨਵ-ਉਦਾਰਵਾਦੀ ਨੀਤੀਆਂ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।

ਫਰਾਂਸ ਦੀ ਆਰਥਿਕਤਾ ਇਸ ਸਮੇਂ ਵੱਡੇ ਸੰਕਟ ਵਿੱਚ ਹੈ। ਦੇਸ਼ ਦਾ ਕੁੱਲ ਜਨਤਕ ਕਰਜ਼ਾ ਵਧ ਕੇ ਜੀ ਡੀ ਪੀ ਦੇ ਲਗਪਗ 116 ਤੋਂ 119 ਫ਼ੀਸਦੀ ਤੱਕ ਪਹੁੰਚ ਗਿਆ ਹੈ, ਜੋ ਦੂਜੀ ਆਲਮੀ ਜੰਗ ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ। ਸਰਕਾਰ ਦਾ ਵਿੱਤੀ ਘਾਟਾ ਜੀ ਡੀ ਪੀ ਦੇ 5 ਫ਼ੀਸਦੀ ਤੋਂ ਉੱਪਰ ਹੈ, ਜਿਸ ਨੂੰ ਪੂਰਾ ਕਰਨ ਲਈ ਮੈਕਰੋਂ ਸਰਕਾਰ ਜਨਤਕ ਖੇਤਰਾਂ (ਸਿੱਖਿਆ ਅਤੇ ਪੈਨਸ਼ਨਾਂ) ਵਿੱਚ ਕਟੌਤੀ ਕਰ ਰਹੀ ਹੈ। ਫਰਾਂਸ ਵਿੱਚ ਬੇਰੁਜ਼ਗਾਰੀ ਦੀ ਦਰ ਵਧ ਕੇ ਲਗਪਗ 8.3 ਫ਼ੀਸਦੀ ਹੋ ਗਈ ਹੈ। ਨੌਜਵਾਨਾਂ ਵਿੱਚ ਇਹ ਹਾਲਤ ਹੋਰ ਵੀ ਨਿੱਘਰ ਚੁੱਕੀ ਹੈ, ਜਿੱਥੇ ਹਰ ਛੋਟਾ-ਮੋਟਾ ਰੁਜ਼ਗਾਰ ਵੀ ਅਸਥਾਈ ਹੁੰਦਾ ਹੈ। ਇਸੇ ਕਾਰਨ ਯੂਨੀਵਰਸਿਟੀ ਪਾਸ ਕਰਨ ਵਾਲੇ ਨੌਜਵਾਨਾਂ ਨੂੰ ਵੀ ਆਪਣਾ ਭਵਿੱਖ ਸੁਰੱਖਿਅਤ ਨਹੀਂ ਜਾਪਦਾ। ਅਮਰੀਕੀ ਸਾਮਰਾਜ ਅਤੇ ਨਾਟੋ ਦੇ ਦਬਾਅ ਹੇਠ ਫਰਾਂਸ ਆਪਣੇ ਫ਼ੌਜੀ ਬਜਟ ਵਿੱਚ ਲਗਾਤਾਰ ਵੱਡਾ ਵਾਧਾ ਕਰ ਰਿਹਾ ਹੈ। ਫਰਾਂਸ ਦਾ ਸਾਲਾਨਾ ਫ਼ੌਜੀ ਖ਼ਰਚਾ ਵਧ ਕੇ ਲਗਪਗ 68 ਬਿਲੀਅਨ ਅਮਰੀਕੀ ਡਾਲਰ ਤੱਕ ਜਾ ਪੁੱਜਿਆ ਹੈ। ਸਿੱਖਿਆ ਫਰਾਂਸੀਸੀ ਰਾਜ ਦੇ ਬਜਟ ਵਿੱਚ ਸਭ ਤੋਂ ਮਹਿੰਗੀਆਂ ਮੱਦਾਂ ਵਿੱਚੋਂ ਇੱਕ ਹੈ ਅਤੇ ਬੱਚਤ ਦੀ ਨੀਤੀ 'ਤੇ ਚੱਲ ਰਹੀ ਸਰਕਾਰ ਲਈ ਇਹ ਖੇਤਰ ਸਿੱਧਾ ਨਿਸ਼ਾਨੇ ਹੇਠ ਹੈ। ਫਰਾਂਸ ਦੀ ਸਰਕਾਰ ਨੇ ਆਪਣੀ ਫ਼ੌਜੀ ਤਾਕਤ ਅਤੇ ਹਥਿਆਰਾਂ ਦੀ ਖ਼ਰੀਦ ਨੂੰ ਮਜ਼ਬੂਤ ਕਰਨ ਲਈ ਸੈਂਕੜੇ ਬਿਲੀਅਨ ਯੂਰੋ ਰੱਖਿਆ ਪ੍ਰੋਗਰਾਮ ਉੱਤੇ ਲਾਏ ਹੋਏ ਹਨ। ਪਹਿਲਾਂ ਫਰਾਂਸ ਅਤੇ ਯੂਰੋਪੀਅਨ ਦੇਸ਼ ਰੂਸ ਤੋਂ ਬਹੁਤ ਘੱਟ ਭਾਅ 'ਤੇ ਸਸਤੀ ਗੈਸ ਅਤੇ ਤੇਲ ਲੈਂਦੇ ਸਨ, ਜਿਸ ਨਾਲ ਉੱਥੋਂ ਦੀ ਆਰਥਿਕਤਾ ਅਤੇ ਆਮ ਲੋਕਾਂ ਦੀ ਜ਼ਿੰਦਗੀ ਮੁਕਾਬਲਤਨ ਸੌਖੀ ਸੀ। ਫਿਰ ਅਮਰੀਕੀ ਸਾਮਰਾਜ ਦੀ ਮੰਨਦਿਆਂ ਯੂਕਰੇਨ-ਰੂਸ ਜੰਗ ਅਤੇ ਹੋਰ ਭੂ-ਸਿਆਸੀ ਕਾਰਨਾਂ ਕਰਕੇ ਰੂਸੀ ਊਰਜਾ 'ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਹੁਣ ਫਰਾਂਸ ਨੂੰ ਅਮਰੀਕਾ ਤੋਂ ਸਮੁੰਦਰੀ ਜਹਾਜ਼ਾਂ ਰਾਹੀਂ ਬਹੁਤ ਜ਼ਿਆਦਾ ਮਹਿੰਗਾ ਤੇਲ-ਗੈਸ ਮੰਗਵਾਉਣਾ ਪੈ ਰਿਹਾ ਹੈ। ਇਸ ਮਹਿੰਗੀ ਊਰਜਾ ਕਾਰਨ ਫਰਾਂਸ ਵਿੱਚ ਬਿਜਲੀ, ਗੈਸ ਅਤੇ ਰੋਜ਼ਮੱਰ੍ਹਾ ਦੀਆਂ ਚੀਜ਼ਾਂ ਦੇ ਭਾਅ ਆਸਮਾਨੀਂ ਚੜ੍ਹ ਗਏ ਹਨ। ਸਰਕਾਰ ਇਸ ਵਾਧੂ ਬੋਝ ਨੂੰ ਪੂਰਾ ਕਰਨ ਲਈ ਜਨਤਕ ਸੇਵਾਵਾਂ ਅਤੇ ਸਿੱਖਿਆ ਦੇ ਬਜਟ ਵਿੱਚ ਕਟੌਤੀ ਕਰ ਰਹੀ ਹੈ, ਜਿਸ ਦੇ ਵਿਰੋਧ ਵਿੱਚ ਅੱਜ ਫਰਾਂਸ ਦਾ ਵਿਦਿਆਰਥੀ ਅਤੇ ਮਜ਼ਦੂਰ ਵਰਗ ਸੜਕਾਂ 'ਤੇ ਸੰਘਰਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ ਇਹ ਅੰਦੋਲਨ ਨਵ-ਫਾਸ਼ੀਵਾਦੀ ਤਾਕਤਾਂ ਦੇ ਉਭਾਰ ਵਿਰੁੱਧ ਵੀ ਇੱਕ ਵੱਡਾ ਬੰਨ੍ਹ ਬਣ ਰਿਹਾ ਹੈ।

ਫਰਾਂਸ ਵਿੱਚ ਉੱਭਰੇ ਵਿਦਿਆਰਥੀ ਅੰਦੋਲਨ ਪਿੱਛੇ ਆਰਥਿਕ ਨਾਬਰਾਬਰੀ, ਸਿੱਖਿਆ ਦਾ ਮੰਡੀਕਰਨ ਅਤੇ ਰਾਜਸੀ ਜਬਰ- ਤਿੰਨ ਵੱਡੇ ਸੰਕਟ ਕੰਮ ਕਰ ਰਹੇ ਹਨ। ਫਰਾਂਸੀਸੀ ਸਰਕਾਰਾਂ (ਖ਼ਾਸ ਕਰਕੇ ਮੈਕਰੋਂ ਪ੍ਰਸ਼ਾਸਨ) ਨੇ ਪਿਛਲੇ ਕੁਝ ਸਾਲਾਂ ਤੋਂ ਸਿੱਖਿਆ ਖੇਤਰ ਵਿੱਚ ਕਲਿਆਣਕਾਰੀ ਰਾਜ ਦੇ ਨਿਯਮਾਂ ਨੂੰ ਤਿਲਾਂਜਲੀ ਦੇ ਕੇ ਅਮਰੀਕੀ ਅਤੇ ਬਰਤਾਨਵੀ ਸਾਮਰਾਜੀ ਤਰਜ਼ 'ਤੇ ਸਿੱਖਿਆ ਦਾ ਵਪਾਰੀਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉੱਚ ਸਿੱਖਿਆ ਦੀਆਂ ਫੀਸਾਂ ਵਿੱਚ ਵਾਧਾ ਅਤੇ ਨਸਲਵਾਦੀ ਤੇ ਜਮਾਤੀ ਫਿਲਟਰੇਸ਼ਨ ਪ੍ਰਣਾਲੀਆਂ ਲਾਗੂ ਕਰਨ ਨਾਲ ਮਜ਼ਦੂਰ ਵਰਗ ਦੇ ਬੱਚਿਆਂ ਲਈ ਉੱਚ ਸਿੱਖਿਆ ਦੇ ਦਰਵਾਜ਼ੇ ਬੰਦ ਕੀਤੇ ਜਾ ਰਹੇ ਹਨ। ਦੂਜਾ, ਫਰਾਂਸ ਵਿੱਚ ਅਨਿਸ਼ਚਿਤਤਾ ਅੱਜ ਦੇ ਨੌਜਵਾਨਾਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਮਹਿੰਗਾਈ, ਰਿਹਾਇਸ਼ੀ ਮਕਾਨਾਂ ਦੇ ਆਸਮਾਨ ਛੂੰਹਦੇ ਕਿਰਾਏ ਅਤੇ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਫੂਡ ਬੈਂਕਾਂ ਦੀਆਂ ਕਤਾਰਾਂ ਵਿੱਚ ਖੜ੍ਹਾ ਕਰ ਦਿੱਤਾ ਹੈ। ਤੀਜਾ, ਪੈਨਸ਼ਨ ਸੁਧਾਰ ਅਤੇ ਕਲਿਆਣਕਾਰੀ ਢਾਂਚੇ ਦਾ ਉਜਾੜਾ ਇਸ ਸੰਘਰਸ਼ ਦੀ ਚੂਲ ਬਣ ਗਿਆ ਹੈ। ਹਾਲ ਹੀ ਵਿੱਚ ਲਾਗੂ ਕੀਤੇ ਗਏ ਪੈਨਸ਼ਨ ਸੁਧਾਰਾਂ ਨੇ ਨੌਜਵਾਨਾਂ ਵਿੱਚ ਇਹ ਅਹਿਸਾਸ ਭਰ ਦਿੱਤਾ ਹੈ ਕਿ ਪੂੰਜੀਵਾਦੀ ਪ੍ਰਣਾਲੀ ਉਨ੍ਹਾਂ ਦੇ ਬੁਢਾਪੇ ਨੂੰ ਵੀ ਸੁਰੱਖਿਅਤ ਨਹੀਂ ਛੱਡੇਗੀ। ਵਿਦਿਆਰਥੀਆਂ ਦਾ ਮੰਨਣਾ ਹੈ ਕਿ ਇਹ ਲੜਾਈ ਸਿਰਫ਼ ਉਨ੍ਹਾਂ ਦੀ ਵਰਤਮਾਨ ਪੜ੍ਹਾਈ ਦੀ ਨਹੀਂ ਸਗੋਂ ਉਨ੍ਹਾਂ ਦੇ ਭਵਿੱਖ ਦੀ ਵੀ ਹੈ। ਫਰਾਂਸ ਦੇ ਵਿਦਿਆਰਥੀ ਜ਼ਿੰਦਗੀ ਦੀ ਉਸ ਗੁਣਵੱਤਾ ਵਿਰੁੱਧ ਬਗ਼ਾਵਤ ਕਰ ਰਹੇ ਹਨ, ਜਿਸ ਦਾ ਪੂੰਜੀਵਾਦ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ।

ਵਿਦਿਆਰਥੀ ਅੰਦੋਲਨ ਦੀਆਂ ਮੁੱਖ ਮੰਗਾਂ ਹਨ ਕਿ ਸਿੱਖਿਆ ਦੇ ਮੰਡੀਕਰਨ 'ਤੇ ਰੋਕ ਲਗਾਈ ਜਾਵੇ, ਸਾਰੇ ਨਵ-ਉਦਾਰਵਾਦੀ ਸੁਧਾਰਾਂ ਨੂੰ ਰੱਦ ਕੀਤਾ ਜਾਵੇ ਅਤੇ ਸਿੱਖਿਆ ਨੂੰ ਪੂਰੀ ਤਰ੍ਹਾਂ ਮੁਫ਼ਤ ਤੇ ਸਰਬ-ਵਿਆਪੀ ਬਣਾਇਆ ਜਾਵੇ। ਹਰ ਵਿਦਿਆਰਥੀ ਲਈ ਇੱਕ ਬੁਨਿਆਦੀ ਜੀਵਨ-ਨਿਰਬਾਹ ਭੱਤਾ ਨਿਸ਼ਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਪੜ੍ਹਾਈ ਛੱਡ ਕੇ ਮਜ਼ਦੂਰੀ ਨਾ ਕਰਨੀ ਪਵੇ। 'ਪਾਰਕੌਫਸਿਊਪ' ਪ੍ਰਣਾਲੀ ਦਾ ਖ਼ਾਤਮਾ ਕੀਤਾ ਜਾਵੇ, ਜਿਸ ਤਹਿਤ ਯੂਨੀਵਰਸਿਟੀ ਵਿੱਚ ਦਾਖ਼ਲੇ ਦੀਆਂ ਅਸੰਵੇਦਨਸ਼ੀਲ ਅਤੇ ਜਮਾਤੀ ਸ਼ਰਤਾਂ ਲਾਗੂ ਹੁੰਦੀਆਂ ਹਨ, ਕੈਂਪਸਾਂ ਵਿੱਚੋਂ ਪੁਲੀਸ ਦੀ ਵਾਪਸੀ ਯਕੀਨੀ ਬਣਾ ਕੇ ਗ੍ਰਿਫ਼ਤਾਰ ਕੀਤੇ ਵਿਦਿਆਰਥੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਪੂੰਜੀਵਾਦੀ ਲੁੱਟ ਦੇ ਨਤੀਜੇ ਵਜੋਂ ਪੈਦਾ ਹੋ ਰਹੇ ਜਲਵਾਯੂ ਸੰਕਟ ਵਿਰੁੱਧ ਠੋਸ ਰਾਜਸੀ ਨੀਤੀ ਬਣਾਈ ਜਾਵੇ। ਇਸ ਵਿਦਿਆਰਥੀ ਸੰਘਰਸ਼ ਦੀ ਤੁਲਨਾ 1968 ਦੇ ਇਤਿਹਾਸਕ ਫਰਾਂਸੀਸੀ ਵਿਦਿਆਰਥੀ ਅੰਦੋਲਨ ਨਾਲ ਕੀਤੀ ਜਾ ਰਹੀ ਹੈ, ਜੋ ਹੋਸਟਲ ਦੇ ਨਿਯਮਾਂ, ਵੀਅਤਨਾਮ ਯੁੱਧ ਅਤੇ ਯੂਨੀਵਰਸਿਟੀ ਦੀ ਤਾਨਾਸ਼ਾਹੀ ਵਿਰੁੱਧ ਉੱਠਿਆ ਸੀ ਪਰ ਮੌਜੂਦਾ ਅੰਦੋਲਨ ਕਈ ਪੱਖਾਂ ਤੋਂ ਉਸ ਨਾਲੋਂ ਵੱਖਰਾ ਹੈ। 1968 ਵਿੱਚ ਫਰਾਂਸ ਆਰਥਿਕ ਉਛਾਲ ਦੀ ਦਹਿਲੀਜ਼ 'ਤੇ ਸੀ ਅਤੇ ਡਿਗਰੀ ਨੌਕਰੀ ਦੀ ਗਾਰੰਟੀ ਹੁੰਦੀ ਸੀ ਪਰ ਅੱਜ ਇਹ

ਬੇਕ਼ਫਨ ਦਿਨ, ਜੋ ਕਦੇ ਦ਼ਫਨ ਨਾ ਹੋਏ

ਡਾ. ਚੰਦਰ ਤ੍ਰਿਖਾ

ਭਾਰਤ ਦੀ ਵੰਡ ਦੀ ਤ੍ਰਾਸਦੀ ਨੂੰ ਅੱਖੀਂ ਦੇਖਣ ਤੇ ਹੰਢਾਉਣ ਵਾਲੇ ਲੇਖਕਾਂ ਵਿੱਚੋਂ ਗੁਲਜ਼ਾਰ ਇੱਕ ਅਜਿਹੇ ਲੇਖਕ ਹਨ, ਜਿਨ੍ਹਾਂ ਲਈ ਵੰਡ ਉਨ੍ਹਾਂ ਦੇ ਅਵਚੇਤਨ ਵਿੱਚ ਜਿਊਂਦੀ-ਜਾਗਦੀ ਹਕੀਕਤ ਵਾਂਗ ਵਸੀ ਹੈ। ਉਨ੍ਹਾਂ ਦੀਆਂ ਕਹਾਣੀਆਂ ਨਾ ਸਿਰਫ਼ ਵੰਡ ਦੀ ਤ੍ਰਾਸਦੀ ਨੂੰ ਸੰਜੀਦਗੀ ਨਾਲ ਮਹਿਸੂਸ ਕਰਵਾਉਂਦੀਆਂ ਹਨ ਸਗੋਂ ਇਸ ਦੇ ਕਾਰਨਾਂ ਦੀ ਪੜਚੋਲ ਵੀ ਕਰਦੀਆਂ ਹਨ। ਉਨ੍ਹਾਂ ਵਿੱਚ ਉਹ ਪੀੜ, ਕਸਕ, ਵੰਡ ਦਾ ਭਿਆਨਕ ਰੂਪ ਅਤੇ ਡਰਾਉਣਾ ਮੰਜ਼ਰ ਪੂਰੀ ਸੰਜੀਦਗੀ ਨਾਲ ਮੌਜੂਦ ਹੈ। ਉਨ੍ਹਾਂ ਦੀਆਂ ਕਹਾਣੀਆਂ ਨਾ ਸਿਰਫ਼ ਭਾਵਨਾਤਮਕ ਪੱਧਰ 'ਤੇ ਡੂੰਘੀ ਸੰਵੇਦਨਾ ਵਾਲੀਆਂ ਹਨ ਸਗੋਂ ਵੰਡ ਦੇ ਵੱਖ-ਵੱਖ ਰਾਜਨੀਤਕ ਅਤੇ ਸਮਾਜਿਕ ਪੱਖਾਂ ਨੂੰ ਵੀ ਆਪਣੇ ਅੰਦਰ ਸਮੇਟਦੀਆਂ ਹਨ। ਭਾਰਤ ਦੇ ਇਤਿਹਾਸ ਵਿੱਚ ਵੰਡ ਇੱਕ ਅਜਿਹੀ ਘਟਨਾ ਹੈ, ਜਿਸ ਨੇ ਇਸ ਦੇਸ਼ ਦੀ ਸਿਆਸਤ ਅਤੇ ਸਮਾਜਿਕ ਵਿਵਸਥਾ ਨੂੰ ਇੱਕੋ ਜਿੰਨਾ ਪ੍ਰਭਾਵਿਤ ਕੀਤਾ ਹੈ। ਇਸ ਦੇ ਦੁੱਖਾਂ ਤੇ ਜ਼ਖ਼ਮਾਂ ਤੋਂ ਅੱਜ ਵੀ ਸਾਡਾ ਦੇਸ਼ ਉੱਭਰ ਨਹੀਂ ਸਕਿਆ। ਅੱਜ ਦੀ ਪੀੜ੍ਹੀ ਨੇ ਵੰਡ ਦੀ ਭਿਆਨਕਤਾ ਨਹੀਂ ਦੇਖੀ ਅਤੇ ਉੱਜੜ ਕੇ ਦੂਜੀ ਥਾਂ ਵੱਸਣ ਦਾ ਦਰਦ ਨਹੀਂ ਸਹਾਰਿਆ। ਇਸ ਲਈ ਅਜੋਕੀ ਪੀੜ੍ਹੀ ਵਾਸਤੇ ਇਹ ਬਟਵਾਰਾ ਪਿਛਲੀ ਸਦੀ ਦੇ ਇਤਿਹਾਸ ਦਾ ਮਹਿਜ਼ ਇੱਕ ਹਿੱਸਾ ਹੈ, ਪਰ ਇਤਿਹਾਸ ਦੇ ਇਸ ਹਿੱਸੇ ਵਿੱਚ ਉਨ੍ਹਾਂ ਲੱਖਾਂ ਲੋਕਾਂ ਦੀਆਂ ਚੀਕਾਂ ਅਤੇ ਦਰਦ ਇਸ ਕਦਰ ਮੌਜੂਦ ਹੈ ਕਿ ਚਾਹ ਕੇ ਵੀ ਅਸੀਂ ਇਸ ਨੂੰ ਅਣਡਿੱਠ ਨਹੀਂ ਕਰ ਸਕਦੇ। ਵੰਡ ਦੀ ਤ੍ਰਾਸਦੀ ਨੂੰ ਅੱਖੀਂ ਦੇਖਣ ਤੇ ਹੰਢਾਉਣ ਵਾਲੇ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਮਨੁੱਖੀ ਭਾਵਨਾਵਾਂ ਦਾ ਤੀਬਰ ਅਹਿਸਾਸ ਦੇਖਣ ਨੂੰ ਮਿਲਦਾ ਹੈ। ਗੁਲਜ਼ਾਰ ਦੀਆਂ ਕਹਾਣੀਆਂ ਵਿੱਚ ਵੰਡ ਦਾ ਦਰਦ ਕਿਸ ਹੱਦ ਤੱਕ ਫੈਲਿਆ ਹੋਇਆ ਹੈ, ਇਹ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਰਾਵੀ ਪਾਰ' ਦੀ ਭੂਮਿਕਾ ਤੋਂ ਸਪੱਸ਼ਟ ਹੁੰਦਾ ਹੈ:

'ਕੁਝ ਅਫ਼ਸਾਨੇ ਯੂੰ ਹੁਏ ਕਿ ਫੋੜੇ ਕੀ ਤਰ੍ਹਾਂ ਨਿਕਲੇ। ਵਹ ਹਾਲਾਤ, ਮਾਹੌਲ ਔਰ ਸੁਸਾਇਟੀ ਕੇ ਦੀਏ ਹੁਏ ਥੇ। ਕਭੀ ਨਜ਼ਮ ਕਹਿ ਕੇ ਖ਼ੂਨ ਥੂਕ ਲਿਆ ਔਰ ਕਭੀ ਅਫ਼ਸਾਨਾ ਲਿਖ ਕਰ ਜ਼ਖ਼ਮ ਪਰ ਪੱਟੀ ਬਾਂਧ ਲੀ।'

ਗੁਲਜ਼ਾਰ ਦੀਆਂ ਕਹਾਣੀਆਂ ਨਾ ਸਿਰਫ਼ ਵੰਡ ਦੇ ਦੌਰ ਦੀਆਂ ਘਟਨਾਵਾਂ ਨੂੰ ਬਿਆਨ ਕਰਦੀਆਂ ਹਨ ਸਗੋਂ ਦੇਸ਼ ਦੀ ਸਮਾਜਿਕ ਬਣਤਰ, ਲੋਕਾਂ ਦੀ ਮਾਨਸਿਕ ਹਾਲਤ ਅਤੇ ਉਨ੍ਹਾਂ ਦੇ ਡਰ ਦੀ ਵੀ ਪੜਚੋਲ ਕਰਦੀਆਂ ਹਨ। ਵੰਡ ਦੀ ਭਿਆਨਕਤਾ ਨੂੰ ਉਸ ਸਮੇਂ ਲੱਖਾਂ ਲੋਕਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ। ਵੰਡ ਅਤੇ ਦੰਗਿਆਂ ਬਾਰੇ ਉਨ੍ਹਾਂ ਸਾਰਿਆਂ ਦੇ ਆਪੋ-ਆਪਣੇ ਅਨੁਭਵ ਰਹੇ ਹਨ। ਇਸ ਲਈ ਇਹ ਸੁਭਾਵਿਕ ਹੈ ਕਿ ਉਨ੍ਹਾਂ ਕੋਲ ਇਸ ਘਟਨਾ ਨਾਲ ਜੁੜੀਆਂ ਅਨੇਕਾਂ ਕਹਾਣੀਆਂ ਹੋਣਗੀਆਂ, ਪਰ ਲੇਖਕ ਦਾ ਬਿਆਨ ਉਨ੍ਹਾਂ ਕਹਾਣੀਆਂ ਨਾਲੋਂ ਇਸ ਪੱਖੋਂ ਵੱਖਰਾ ਹੁੰਦਾ ਹੈ ਕਿ ਆਮ ਲੋਕਾਂ ਦੀਆਂ ਕਹਾਣੀਆਂ ਵਿੱਚ ਘਟਨਾ ਮੁੱਖ ਹੁੰਦੀ ਹੈ ਅਤੇ ਆਪਣੇ ਹੀ ਨਜ਼ਰੀਏ ਮੁਤਾਬਿਕ ਇੱਕ ਪੱਖ ਦੱਸਿਆ ਗਿਆ ਹੁੰਦਾ ਹੈ, ਉੱਥੇ ਲੇਖਕ ਇਸ ਨੂੰ ਕਈ ਪੱਖਾਂ ਤੋਂ ਉਜਾਗਰ ਕਰਦਾ ਹੈ। ਗੁਲਜ਼ਾਰ ਦੀਆਂ ਕਹਾਣੀਆਂ- ਖੌਫ਼, ਧੂੰਆਂ, ਰਾਵੀ ਪਾਰ, ਬਟਵਾਰਾ, ਜਾਮੁਨ ਕਾ ਪੇੜ, ਦੋ ਲੋਕ, ਐਲ ਓ ਸੀ, ਦੂਬੇ ਆਦਿ- ਵੰਡ ਦੇ ਇਸੇ ਦਰਦ ਨੂੰ ਬਿਆਨ ਕਰਦੀਆਂ ਹਨ। ਲੇਖਕ ਤੇ ਸਮੀਖਿਆਕਾਰ ਅਸ਼ੋਕ ਭੌਮਿਕ ਲਿਖਦਾ ਹੈ: 'ਸਰਹੱਦ ਦੀ ਇਸ ਕਾਲੀ ਲਕੀਰ 'ਤੇ ਆਪਣੀਆਂ ਨਜ਼ਮਾਂ, ਕਹਾਣੀਆਂ ਅਤੇ ਆਪਣੇ ਸੁਪਨਿਆਂ ਵਿੱਚ ਪੂਰੀ ਸ਼ਿੱਦਤ ਨਾਲ ਜੇਕਰ ਦੋਵਾਂ ਮੁਲਕਾਂ ਵਿੱਚੋਂ ਕਿਸੇ ਇੱਕ ਰਚਨਾਕਾਰ ਨੇ ਆਪਣੀ ਉਂਗਲ ਰੱਖੀ ਹੈ ਤਾਂ ਉਹ ਗੁਲਜ਼ਾਰ ਹੀ ਹੈ।' ਦੂਰਦਰਸ਼ਨ 'ਤੇ 'ਏ ਜਰਨੀ ਆਫ ਬੌਟ-ਵਿਦ ਗੁਲਜ਼ਾਰ' ਵਿੱਚ ਇੰਟਰਵਿਊ ਦੌਰਾਨ ਗੁਲਜ਼ਾਰ ਕਹਿੰਦੇ ਹਨ, "ਪਾਰਟੀਸ਼ਨ ਮੈਂ ਦੇਖੀ ਹੈ! ਉਹ ਦੰਗੇ ਵੀ ਦੇਖੇ ਹਨ, ਸੜਕ 'ਤੇ ਵਹਿਦਾ ਲਹੂ ਵੀ ਦੇਖਿਆ ਹੈ ਅਤੇ ਉਸ ਨੂੰ ਉੱਥੇ ਹੀ ਜੰਮ ਕੇ ਕਾਲਾ ਹੁੰਦਿਆਂ ਵੀ ਦੇਖਿਆ ਹੈ, ਅਧਸੜੀਆਂ ਲਾਸ਼ਾਂ ਨੂੰ ਆਪਸ ਵਿੱਚ ਚਿਪਕਿਆਂ ਦੇਖਿਆ ਹੈ ਜਿਨ੍ਹਾਂ ਨੂੰ ਖੁਰਚ ਕੇ ਟਰੱਕਾਂ ਵਿੱਚ ਭਰਿਆ ਗਿਆ ਸੀ। ਮੈਂ ਬਹੁਤ ਹੀ ਹੈਰਾਨ-ਪ੍ਰੇਸ਼ਾਨ ਕਰਨ ਵਾਲੇ ਮੰਜ਼ਰ ਦੇਖੇ ਹਨ। ਤਕਰੀਬਨ 20-25 ਸਾਲ ਤੱਕ ਉਹ ਡਰਾਉਣੇ ਸੁਪਨੇ ਮੈਨੂੰ ਆਉਂਦੇ ਰਹੇ, ਜਿਨ੍ਹਾਂ ਤੋਂ ਡਰ ਕੇ ਮੈਂ ਜਾਗ ਪੈਂਦਾ ਸੀ ਅਤੇ ਇਸ ਡਰੋਂ ਦੁਬਾਰਾ ਨਹੀਂ ਸੀ ਸੌਂਦਾ ਕਿ ਇਹ ਸੁਪਨਾ ਫਿਰ ਆਵੇਗਾ। ਉਸ ਨੂੰ ਮਨ 'ਚੋਂ ਬਾਹਰ ਕੱਢਣ ਦਾ ਵੀ ਇਹ ਇੱਕ ਤਰੀਕਾ ਸੀ। ਉਸ ਨੇ ਕਿਸੇ ਨਾ ਕਿਸੇ ਤਰ੍ਹਾਂ ਤੁਹਾਡੇ ਸਿਸਟਮ ਵਿੱਚੋਂ ਬਾਹਰ ਆਉਣਾ ਹੀ ਸੀ, ਸੋ ਉਹ ਲਿਖਤ ਵਿੱਚ ਆ ਗਿਆ। ਉਸ ਉੱਤੇ ਬਹੁਤ ਸਾਰੀਆਂ ਨਜ਼ਮਾਂ ਵੀ ਕਹੀਆਂ ਅਤੇ ਬਹੁਤ ਸਾਰੇ ਅਫ਼ਸਾਨੇ ਵੀ ਲਿਖੇ।"

'ਖਰਾਸ਼ੇ' ਦੀ ਭੂਮਿਕਾ ਵਿੱਚ ਗੁਲਜ਼ਾਰ ਖ਼ੁਦ ਇਸ ਗੱਲ ਨੂੰ ਸਵੀਕਾਰ ਕਰਦਿਆਂ ਲਿਖਦੇ ਹਨ: '1947 ਵਿੱਚ ਇਨੀਆਂ ਲਾਸ਼ਾਂ ਡਿੱਗਦੀਆਂ ਦੇਖੀਆਂ ਅਤੇ ਇੰਨੇ ਫਸਾਦ ਭੜਕਦੇ ਦੇਖੇ ਕਿ ਉਨ੍ਹਾਂ ਦੀ ਛਾਪ ਹੁਣ ਤੱਕ ਅੱਖਾਂ ਤੋਂ ਉਤਰੀ ਨਹੀਂ ਹੈ। ਆਸਮਾਨ 'ਚ ਉੱਡਦੀਆਂ ਇੱਲਾਂ ਵੀ ਦੇਖਾਂ ਤਾਂ ਗਿੱਧਾਂ ਜਾਪਦੀਆਂ ਹਨ- ਕਿਤੇ ਕੋਈ ਕਫ਼ਨ ਖੁੱਲ੍ਹ ਜਾਂਦਾ ਹੈ, ਕੋਈ ਬੇਕ਼ਫਨ ਲਾਸ਼ ਨਜ਼ਰ ਆ ਜਾਂਦੀ ਹੈ- ਕੋਈ ਬੇਕ਼ਫਨ ਦਿਨ ਜਿਹੜਾ ਹੁਣ ਤੱਕ ਦਫ਼ਨਾਇਆ ਨਹੀਂ ਗਿਆ।' ਸੰਨ 1947 ਦੀ ਭਾਰਤ ਦੀ ਵੰਡ ਦੌਰਾਂ ਮੁਲਕਾਂ ਦੀ ਇੱਕ ਵੱਡੀ ਆਬਾਦੀ ਲਈ ਅੱਜ ਵੀ ਡਰਾਉਣੇ ਸੁਪਨੇ ਵਾਂਗ ਉਨ੍ਹਾਂ ਦੀਆਂ ਯਾਦਾਂ ਵਿੱਚ ਜਿਊਂਦੀ ਹੈ। ਦੋ ਮੁਲਕਾਂ ਦੀ ਇਸ ਸਿਆਸੀ ਵੰਡ ਬਾਰੇ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਇਤਿਹਾਸਕਾਰਾਂ ਨੇ ਆਪੋ-ਆਪਣੇ ਵਿਚਾਰ ਸਾਂਝੇ ਕੀਤੇ ਹਨ, ਪਰ ਇਸ ਵੰਡ ਵਿੱਚ ਫ਼ਿਰਕੂ ਦੰਗਿਆਂ ਤੋਂ ਪ੍ਰਭਾਵਿਤ ਉਨ੍ਹਾਂ ਲੱਖਾਂ ਲੋਕਾਂ ਦੀ ਰਾਇ ਜਾਣਨ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ ਗਈ, ਜਿਨ੍ਹਾਂ ਨੇ ਧਾਰਮਿਕ ਜਨੂੰਨ ਕਾਰਨ ਭੜਕੇ ਦੰਗਿਆਂ ਵਿੱਚ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ। ਇਹ ਉਹ ਲੋਕ ਸਨ, ਜਿਨ੍ਹਾਂ 'ਤੇ ਵੰਡ ਦਾ ਫ਼ੈਸਲਾ ਜ਼ਬਰਦਸਤੀ ਥੋਪ ਦਿੱਤਾ ਗਿਆ ਸੀ। ਸਿੱਟੇ ਵਜੋਂ ਇੱਕ ਵੱਡੀ ਆਬਾਦੀ ਨਾ ਚਾਹੁੰਦੇ ਹੋਏ ਵੀ ਉੱਜੜਨ ਅਤੇ ਸ਼ਰਨਾਰਥੀਆਂ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਸੀ। ਇਹ ਦਹਿਸ਼ਤ ਉਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਵਿੱਚ ਫੈਲ ਗਈ। ਉਨ੍ਹਾਂ ਦੀ ਮੁੱਖ ਅਤੇ ਮੁੱਢਲੀ ਸਮੱਸਿਆ ਰੁਜ਼ਗਾਰ ਸੀ। ਭਿਆਨਕ ਦੰਗਿਆਂ ਅਤੇ ਉਜਾੜੇ ਨੇ ਉਨ੍ਹਾਂ ਦੇ ਰੋਜ਼ੀ-ਰੋਟੀ ਦੇ ਸਾਰੇ ਸਾਧਨ ਖੋਹ ਲਏ ਸਨ। ਨਤੀਜੇ ਵਜੋਂ ਆਜ਼ਾਦੀ ਵੇਲੇ ਭਾਰਤ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਬਹੁਤ ਹੀ ਤਰਸਯੋਗ ਹੋ ਗਈ ਸੀ। ਗੁਲਜ਼ਾਰ ਦੀਆਂ ਕਹਾਣੀਆਂ ਇਸ ਸੰਕਟ ਤੋਂ ਪੈਦਾ ਹੋਣ ਵਾਲੀਆਂ ਗੁਜ਼ਾਰੇ ਦੀਆਂ ਸਮੱਸਿਆਵਾਂ ਨੂੰ ਆਵਾਜ਼ ਦਿੰਦੀਆਂ ਹਨ। ਇੱਕ ਕਹਾਣੀਕਾਰ ਵਜੋਂ ਗੁਲਜ਼ਾਰ ਸਿਆਸੀ ਤੌਰ 'ਤੇ ਕਿੰਨੇ ਪਰਿਪੱਕ ਹਨ, ਇਹ ਉਨ੍ਹਾਂ ਦੀਆਂ ਕਹਾਣੀਆਂ ਤੋਂ ਪਤਾ ਲੱਗਦਾ ਹੈ। ਆਪਣੀਆਂ ਕਹਾਣੀਆਂ ਵਿੱਚ ਉਹ ਨਾ ਸਿਰਫ਼ ਵੰਡ ਦੌਰਾਨ ਪੈਦਾ ਹੋਈ ਹਿੰਸਾ ਅਤੇ ਨਫ਼ਰਤ ਦਾ ਵਰਣਨ ਕਰਦੇ ਹਨ ਸਗੋਂ ਉਸ ਹਿੰਸਾ ਦੇ ਅਸਲ ਕਾਰਨਾਂ ਦੀ ਵੀ ਜਾਂਚ ਕਰਦੇ ਹਨ, ਜਿਸ ਨਾਲ ਸਮਾਜਿਕ ਢਾਂਚੇ 'ਤੇ ਇਸ ਦੇ ਆਰਥਿਕ, ਧਾਰਮਿਕ ਅਤੇ ਰਾਜਨੀਤਕ ਪ੍ਰਭਾਵ ਦਾ ਖੁਲਾਸਾ ਹੁੰਦਾ ਹੈ। ਆਜ਼ਾਦੀ ਤੋਂ ਇਨੇ ਸਾਲਾਂ ਬਾਅਦ ਵੀ ਦੇਸ਼ ਦੀ ਵੰਡ ਸਿਆਸੀ ਅਤੇ ਜਨਤਕ ਚੇਤਨਾ ਵਿੱਚ ਇਨ-ਬਿਨ ਵਸੀ ਹੋਈ ਹੈ। ਇਸੇ ਕਾਰਨ ਵੰਡ ਨੇ ਦੋਵਾਂ ਦੇਸ਼ਾਂ ਦੀ ਆਰਥਿਕ, ਰਾਜਨੀਤਕ ਅਤੇ ਫ਼ੌਜੀ ਸ਼ਕਤੀ ਨੂੰ ਕਾਫ਼ੀ ਕਮਜ਼ੋਰ ਕਰ ਦਿੱਤਾ। ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਬਜਾਏ ਦੋਵਾਂ ਮੁਲਕਾਂ ਦੇ ਸਬੰਧ ਤਣਾਅਪੂਰਨ ਰਹੇ ਹਨ। ਸਮੇਂ-ਸਮੇਂ ਹੋਈਆਂ ਭਿਆਨਕ ਜੰਗਾਂ ਨੇ ਦੋਵਾਂ ਦੇਸ਼ਾਂ ਦੀ ਆਰਥਿਕਤਾ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਇਉਂ ਉਹ ਮੰਨਦੇ ਕਿ ਦੋਵਾਂ ਦੇਸ਼ਾਂ ਨੂੰ ਵੰਡਣ ਲਈ ਬਰਤਾਨਵੀਆਂ ਵੱਲੋਂ ਵਰਤੀ ਗਈ ਕੂਟਨੀਤੀ ਵਾਰ-ਵਾਰ ਸਫ਼ਲ ਰਹੀ ਹੈ। ਇੱਧਰ ਆਮ ਆਦਮੀ ਦੀ ਰੋਜ਼ਮੱਰ੍ਹਾ ਦੀ ਜ਼ਿੰਦਗੀ 'ਚ ਖੁਸ਼ਹਾਲੀ ਲਿਆਉਣ 'ਚ ਨਾਕਾਮ ਰਹੇ ਦੋਵੇਂ ਮੁਲਕਾਂ ਦੇ ਹੁਕਮਰਾਨਾਂ ਦੀ ਸਮੇਂ-ਸਮੇਂ 'ਤੇ ਅੰਨ੍ਹੇ ਰਾਸ਼ਟਰਵਾਦ ਅਤੇ ਦੇਸ਼ਭਗਤੀ ਦੇ ਨਾਮ 'ਤੇ ਯੁੱਧ ਦਾ ਸਿਲਸਿਲਾ ਚਲਾਈ ਰੱਖਣ ਦੀ ਸੋਚੀ-ਸਮਝੀ ਚਾਲ 'ਤੇ ਗੁਲਜ਼ਾਰ ਆਪਣੀਆਂ ਕਹਾਣੀਆਂ ਜ਼ਰੀਏ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸਿਆਸੀ ਸਵਾਰਥ ਤਹਿਤ ਸਰਹੱਦ 'ਤੇ ਕਰਵਾਏ ਜਾਣ ਵਾਲੀਆਂ ਜੰਗਾਂ ਹੋਣ ਜਾਂ ਦੇਸ਼ ਦੇ ਅੰਦਰ ਦੰਗੇ, ਦੋਵੇਂ ਸੂਰਤਾਂ ਵਿੱਚ ਅੰਤ ਆਮ ਨਾਗਰਿਕ ਨੂੰ ਹੀ ਨੁਕਸਾਨ ਭੁਗਤਣਾ ਪੈਂਦਾ ਹੈ। ਸਰਹੱਦ 'ਤੇ ਲੜਨ ਵਾਲੇ ਫ਼ੌਜੀ ਵੀ ਇਸੇ ਵਰਗ ਵਿੱਚੋਂ ਆਉਂਦੇ ਹਨ। ਗੁਲਜ਼ਾਰ ਦੀਆਂ ਕਹਾਣੀਆਂ ਵਿੱਚ ਉਨ੍ਹਾਂ ਫ਼ੌਜੀਆਂ ਦੀ ਲਾਚਾਰੀ ਦਾ ਜ਼ਿਕਰ ਮਿਲਦਾ ਹੈ, ਜੋ ਆਪਣੇ ਨੇਤਾਵਾਂ ਦੇ ਸਿਆਸੀ ਸਵਾਰਥਾਂ ਨੂੰ ਪੂਰਾ ਕਰਨ ਲਈ ਬੇਵਜ ?ਹਾ ਇੱਕ-ਦੂਜੇ ਦੇ ਦੁਸ਼ਮਣ ਬਣ ਕੇ ਆਪੋ-ਆਪਣੇ ਮੁਲਕਾਂ ਦੀ ਸਰਹੱਦਾਂ ਦੀ ਰਾਖੀ ਕਰ ਰਹੇ ਹਨ ਤੇ ਜਿਨ੍ਹਾਂ ਦੇ ਘਰਾਂ ਵਿੱਚ ਉਨ੍ਹਾਂ ਦੇ ਖੇਤਾਂ ਦੀ ਸੰਭਾਲ ਕਰਨ ਵਾਲਾ ਕੋਈ ਨਹੀਂ ਹੁੰਦਾ। 'ਓਵਰ' ਕਹਾਣੀ ਵਿੱਚ ਬੁਝਾਰਤ ਸਿੰਘ ਇੱਕ ਚੌਕੀ 'ਤੇ ਤਾਇਨਾਤ ਫ਼ੌਜੀ ਹੈ, ਜੋ ਆਪਣੀ ਆਰਥਿਕ ਕੰਗਾਲੀ ਅਤੇ ਆਪਣੇ ਮੁਲਕ ਦੀ ਤਰੱਕੀ ਦੀ ਨਿਸ਼ਾਨੀ ਵਜੋਂ ਪਰਮਾਣੂ ਬੰਬ ਬਣਾ ਲੈਣ ਦੀ ਵਿਡੰਬਨਾ ਨੂੰ ਸਮਝਦਿਆਂ ਕਹਿੰਦਾ ਹੈ: 'ਸਰਕਾਰ ਨੇ ਪਰਮਾਣੂ ਬੰਬ ਬਣਾ ਲਏ। ਸਾਡੇ ਲਈ ਕੀ ਕੀਤਾ ? ਮਾਚਿਸ ਵੀ ਇੱਕ ਰੁਪਏ ਦੀ ਹੋ ਗਈ।' ਅਸਲ ਵਿੱਚ ਆਮ ਮੱਧਵਰਗੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਦਾ ਹੱਲ ਪਰਮਾਣੂ ਬੰਬ ਨਹੀਂ ਹੋ ਸਕਦਾ ਸਗੋਂ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਰੋਟੀ, ਦਾਲ ਵਰਗੀਆਂ ਰੋਜ਼ਮੱਰ੍ਹਾ ਦੀਆਂ ਚੀਜ਼ਾਂ ਨਾਲ ਹੀ ਪੂਰੀਆਂ ਹੁੰਦੀਆਂ ਹਨ। 'ਓਵਰ' ਕਹਾਣੀ ਵਿੱਚ ਹੀ ਫ਼ੌਜੀ ਗੋਪੀ ਕਹਿੰਦਾ ਹੈ, 'ਸਾਡੇ ਕੋਲ ਵੀ ਜੇ ਇੱਕ ਲਾਈਟਰ ਹੁੰਦਾ ਤਾਂ ਜ਼ਿੰਦਗੀ ਦਾ ਮਜ਼ਾ ਹੀ ਮਜ਼ਾ ਹੁੰਦਾ। ਹੁਣ ਪਰਮਾਣੂ ਬੰਬ ਨਾਲ ਬੀੜੀ ਤਾਂ ਨਹੀਂ ਸੁਲਗਾ ਸਕਦੇ ਨਾ।' ਸਰਹੱਦ 'ਤੇ ਬੈਠੇ ਇਨ੍ਹਾਂ ਫ਼ੌਜੀਆਂ ਦੀਆਂ ਇਹ ਛੋਟੀਆਂ-ਛੋਟੀਆਂ ਸਮੱਸਿਆਵਾਂ ਆਮ ਮੱਧਵਰਗੀ ਜ਼ਿੰਦਗੀ ਦੀਆਂ ਸਮੁੱਚੀਆਂ ਸਮੱਸਿਆਵਾਂ ਦੀ ਨੁਮਾਇੰਦਗੀ ਕਰਦੀਆਂ ਹਨ। ਭੂਗੋਲਿਕ ਪੱਧਰ 'ਤੇ ਹੋਈ ਵੰਡ ਨੇ ਲੋਕਾਂ ਦੀ ਆਸਥਾ ਅਤੇ ਭਾਵਨਾਵਾਂ 'ਤੇ ਵੀ ਡੂੰਘਾ ਵਾਰ ਕੀਤਾ ਸੀ। ਯਾਦਨਾਮੇ ਦੀ ਤਰਜ਼ 'ਤੇ ਲਿਖੀ 'ਕੁਲਦੀਪ ਨਈਅਰ ਅਤੇ ਪੀਰ ਸਾਹਿਬ' ਅਜਿਹੀ ਹੀ ਇੱਕ ਰਚਨਾ ਹੈ। ਇਸ ਰਚਨਾ ਵਿੱਚ ਇਹ ਦੱਸਿਆ ਗਿਆ ਹੈ ਕਿ ਆਮ ਲੋਕਾਂ ਵਿੱਚ ਇਨ੍ਹਾਂ ਸਥਾਨਕ ਪ੍ਰਤੀਕਾਂ ਦੀ ਕਿੰਨੀ ਡੂੰਘੀ ਪਕੜ ਹੁੰਦੀ ਹੈ। ਮੁਲਕ ਅਤੇ ਘਰ ਭਾਵੇਂ ਬਦਲ ਜਾਣ, ਪਰ ਉਨ੍ਹਾਂ ਪਵਿੱਤਰ ਥਾਵਾਂ ਨਾਲ ਉਨ੍ਹਾਂ ਦਾ ਲਗਾਅ ਰੱਤੀ ਭਰ ਵੀ ਘਟਦਾ ਨਹੀਂ। ਕੁਲਦੀਪ ਨਈਅਰ ਦੀ ਮਾਂ ਲਈ ਪਿੱਪਲ ਦੇ ਦਰੱਖ਼ਤ ਕੋਲ 'ਪੀਰ ਸਾਹਿਬ' ਦੀ ਕਬਰ ਆਸਥਾ ਦਾ ਇੱਕ ਅਜਿਹਾ ਹੀ ਵਿਸ਼ਾ ਸੀ। ਨਈਅਰ ਸਿਆਲਕੋਟ (ਪਾਕਿਸਤਾਨ) ਵਿੱਚ ਸਥਿਤ ਉਸ ਕਬਰ ਬਾਰੇ ਲਿਖਦੇ ਹਨ: 'ਇਸ ਅਹਾਤੇ ਦੇ ਇੱਕ ਪਾਸੇ ਬਹੁਤ ਹੀ ਸੰਘਣਾ ਪਿੱਪਲ ਦਾ ਦਰੱਖ਼ਤ ਸੀ, ਜੋ ਸਾਡੇ ਘਰ ਦੇ ਕਾਫ਼ੀ ਨੇੜੇ ਸੀ। ਉਸ ਦੇ ਹੇਠਾਂ ਇੱਕ ਕਬਰ ਸੀ। ਪਤਾ ਨਹੀਂ ਕਿਸ ਦੀ ਸੀ, ਪਰ ਮਾਂ ਨੇ ਵਾਰ-ਵਾਰ ਕਹਿ-ਕਹਿ ਕੇ ਉਸ ਨੂੰ 'ਪੀਰ ਸਾਹਿਬ' ਦੀ ਕਬਰ ਬਣਾ ਦਿੱਤਾ ਸੀ। ਮਾਂ ਪਿੱਪਲ 'ਤੇ ਪੂਜਾ ਦਾ ਸਿੰਧੂਰ ਲਾਉਂਦੀ ਅਤੇ ਨਾਲ ਹੀ ਉਸ ਕਬਰ 'ਤੇ ਇੱਕ ਦੀਵਾ ਰੱਖ ਦਿੰਦੀ। ਸਿੰਧੂਰ ਪਿੱਪਲ 'ਤੇ ਲਾ ਕੇ ਉਂਗਲ ਕਬਰ ਦੀ ਇੱਟ ਨਾਲ ਪੂੰਝ ਲੈਂਦੀ। ਇਮਤਿਹਾਨ ਹੋਣ, ਤਿਉਹਾਰ ਹੋਵੇ, ਖ਼ੁਸ਼ੀ ਹੋਵੇ, ਗ਼ਮੀ ਹੋਵੇ... ਹਰ ਗੱਲ ਵਿੱਚ ਪੀਰ ਸਾਹਿਬ ਜ਼ਰੂਰ ਸ਼ਾਮਿਲ ਹੁੰਦੇ ਸਨ।' ਵੰਡ ਮਗਰੋਂ ਨਈਅਰ ਅਤੇ ਉਨ੍ਹਾਂ ਦੀ ਮਾਂ ਭਾਰਤ ਆ ਗਏ ਅਤੇ ਪੀਰ ਸਾਹਿਬ ਉੱਥੇ ਹੀ ਸਿਆਲਕੋਟ ਵਿੱਚ ਛੁੱਟ ਗਏ। ਸੰਨ 1975 ਵਿੱਚ ਐਮਰਜੈਂਸੀ ਦੌਰਾਨ ਪੀਰ ਸਾਹਿਬ ਕੁਲਦੀਪ ਨਈਅਰ ਦੇ ਸੁਪਨੇ ਵਿੱਚ ਆਏ ਅਤੇ ਉਨ੍ਹਾਂ ਕੋਲੋਂ ਇੱਕ ਚਾਦਰ ਦੀ ਮੰਗ ਕੀਤੀ। ਇਹ ਗੱਲ ਜਦੋਂ ਉਨ੍ਹਾਂ ਨੇ ਆਪਣੀ ਮਾਂ ਨੂੰ ਦੱਸੀ ਤਾਂ ਮਾਂ ਨੇ ਕਿਹਾ, "ਪੁੱਤਰ, ਸਿਆਲਕੋਟ ਜਾ ਕੇ ਉਨ੍ਹਾਂ ਦੀ ਕਬਰ 'ਤੇ ਚਾਦਰ ਜ਼ਰੂਰ ਚੜ੍ਹਾ ਦੇਵੀਂ" ਅਤੇ ਮਾਂ ਦੀਆਂ ਅੱਖਾਂ ਭਿੱਜੀਆਂ ਹੋਈਆਂ ਸਨ। ਉਜਾੜੇ ਨੂੰ ਤਕਰੀਬਨ ਤੀਹ ਸਾਲ ਬੀਤਣ ਮਗਰੋਂ ਵੀ ਨਈਅਰ ਦੀ ਮਾਂ ਲਈ ਪੀਰ ਬਾਬਾ ਦੀ ਕਬਰ ਪ੍ਰਤੀ ਉਹੀ ਆਸਥਾ ਕਾਇਮ ਸੀ, ਜੋ ਕਈ

ਅਹਿਸਾਸਾਂ ਦੇ ਅਦਿੱਖ ਰੰਗ

ਅਜਮੀਤ ਭੁੱਲਰ

ਉਹ ਜੋ ਅਕਸਰ ਗਹਿਰ-ਗੰਭੀਰ ਦਿਖਦੇ ਹਨ। ਉਹ ਜੋ ਅਕਸਰ ਚੁੱਪ ਦੇ ਸਾਥੀ ਹੁੰਦੇ ਹਨ। ਉਹ ਜੋ ਛੇਤੀ ਕੀਤੇ ਕਿਸੇ ਨਾਲ ਭਿੱਜਦੇ ਨਹੀਂ। ਜੋ ਅਕਸਰ ਆਪਣਾ ਆਪ ਸਹਿਜੇ ਬਿਆਨ ਨਹੀਂ ਕਰ ਪਾਉਂਦੇ। ਉਨ੍ਹਾਂ ਦੇ ਬਹੁਤ ਕੁਝ ਕਹਿਣ ਤੋਂ ਬਾਅਦ ਵੀ ਬਹੁਤ ਕੁਝ ਉਨ੍ਹਾਂ ਦੇ ਅੰਦਰ ਹੀ ਰਹਿ ਜਾਂਦਾ ਹੈ-ਸ਼ਾਇਦ ਕਹੇ ਨਾਲੋਂ ਵੀ ਜ਼ਿਆਦਾ। ਅਕਸਰ ਇੱਕ ਲੰਮੀ ਗੱਲਬਾਤ ਵੀ ਉਨ੍ਹਾਂ ਦੇ ਅੰਦਰ ਨੂੰ ਪੂਰੀ ਤਰ੍ਹਾਂ ਖੋਲ੍ਹਣ ਵਿੱਚ ਕਾਫ਼ੀ ਹੱਦ ਤੱਕ ਅਸਮਰੱਥ ਰਹਿੰਦੀ ਹੈ।

ਇਹ ਲੋਕ ਸ਼ਬਦਾਂ ਨਾਲੋਂ ਸ਼ਬਦਾਂ ਦੇ ਅੰਦਰ ਲੁਕੇ ਅਹਿਸਾਸਾਂ ਨੂੰ ਪੜ੍ਹਦੇ ਹਨ। ਗੱਲ ਨੂੰ ਸੁਣਨਾ ਤੇ ਗੱਲ ਨੂੰ ਗ੍ਰਹਿਣ ਕਰਨਾ ਦੋ ਵੱਖ-ਵੱਖ ਪ੍ਰਕਿਰਿਆਵਾਂ ਹੋ ਸਕਦੀਆਂ ਹਨ। ਕੁਝ ਲੋਕ ਕਿਸੇ ਦੀ ਗੱਲ ਨੂੰ ਸੁਣਦੇ ਹਨ। ਕੁਝ ਕਿਸੇ ਦੀ ਗੱਲ ਨੂੰ ਸਮਝਦੇ ਹਨ ਤੇ ਕੁਝ ਉਹ ਵੀ ਹੁੰਦੇ ਹਨ ਜੋ ਨਾ ਸਿਰਫ਼ ਕਿਸੇ ਨੂੰ ਸੁਣਦੇ ਹਨ ਸਗੋਂ ਉਸ ਦੀ ਗੱਲ ਦੇ ਅੰਦਰ ਲੁਕੇ ਭਾਵਾਂ ਨੂੰ ਵੀ ਸਮਝ ਜਾਂਦੇ ਹਨ। ਇਨ੍ਹਾਂ ਲੁਕਵੇਂ ਹਾਵਾਂ-ਭਾਵਾਂ ਰਾਹੀਂ ਉਹ ਉਸ ਵਾਕ ਨੂੰ ਵੀ ਪੂਰਾ ਕਰ ਜਾਂਦੇ ਹਨ ਜੋ ਵਕਤਾ ਨੇ ਅਧੂਰਾ ਛੱਡ ਦਿੱਤਾ ਹੁੰਦਾ ਹੈ। ਉਹ ਗੱਲ ਸੁਣਦੇ ਨਹੀਂ ਸਗੋਂ ਗੱਲ ਨੂੰ ਆਪਣੇ ਅੰਦਰ ਲੰਘਾ ਕੇ ਦੇਖਦੇ ਹਨ ਕਿ ਕੀ ਵਾਪਰਨ ਤੋਂ ਬਾਅਦ ਇਹ ਸ਼ਬਦ ਉਸ ਦੇ ਅੰਦਰੋਂ ਬਾਹਰ ਆਏ ਹਨ।

ਸ਼ਾਇਦ ਇਸੇ ਕਰਕੇ ਹੀ ਇਨ੍ਹਾਂ ਲੋਕਾਂ ਲਈ ਆਪਣਾ ਮਨ ਖੋਲ੍ਹਣਾ ਕਿਸੇ ਚੋਟੀ ਨੂੰ ਸਰ ਕਰਨ ਦੇ ਬਰਾਬਰ ਹੁੰਦਾ ਹੈ। ਜਿਵੇਂ ਕਿਸੇ ਗੁੱਝੇ ਭੇਤ ਨੂੰ ਦੁਨੀਆ ਸਾਹਮਣੇ ਰੱਖਣਾ। ਉਹ ਉਦੋਂ ਤੱਕ ਕਿਸੇ ਨਾਲ ਆਪਣਾ ਦਿਲ ਨਹੀਂ ਫਰੋਲ ਪਾਉਂਦੇ ਜਦੋਂ ਤੱਕ ਕੋਈ ਉਨ੍ਹਾਂ ਦੇ ਅੰਦਰ ਨੂੰ ਛੂਹ ਨਹੀਂ ਜਾਂਦਾ। ਇਹ ਲੋਕ ਕਿਸੇ ਅਪਰਾਧ-ਬੋਧ ਦਾ ਸ਼ਿਕਾਰ ਨਹੀਂ ਹੁੰਦੇ ਤੇ ਨਾ ਹੀ ਕੋਈ ਰਹੱਸਮਈ ਵਿਅਕਤੀ। ਸਗੋਂ ਇਹ ਸਮੁੰਦਰਾਂ ਜਿਹੇ ਡੂੰਘੇ ਲੋਕ ਹੁੰਦੇ ਹਨ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਦਾ ਅੰਦਰਲਾ ਸੰਸਾਰ ਉਨ੍ਹਾਂ ਦੇ ਬਾਹਰਲੇ ਸੰਸਾਰ ਤੋਂ ਜ਼ਿਆਦਾ ਵਿਸਤ੍ਰਿਤ ਹੁੰਦਾ ਹੈ। ਉਹ ਕਿਸੇ ਵੀ ਘਟਨਾ, ਵਿਚਾਰ, ਅਹਿਸਾਸ ਨੂੰ ਸ਼ਬਦ ਦੇਣ ਤੋਂ ਪਹਿਲਾਂ ਆਪਣੇ ਅੰਦਰੋਂ ਚੰਗੀ ਤਰ੍ਹਾਂ ਲੰਘਾਉਂਦੇ ਹਨ।

ਸਿਰਫ਼ ਇਹੀ ਨਹੀਂ ਕਿ ਇਹ ਆਪਣੇ ਵਿਸ਼ਵਾਸ-ਪਾਤਰਾਂ ਨਾਲ ਹੀ ਆਪਣਾ ਮਨ ਖੋਲ੍ਹ ਸਕਦੇ ਹਨ। ਸਗੋਂ ਇਨ੍ਹਾਂ ਦੇ ਨਜ਼ਦੀਕੀ ਵੀ ਕਈ ਵਾਰ ਇਨ੍ਹਾਂ ਕੋਲ ਆਪਣੀਆਂ ਉਲਝਣਾਂ ਖੋਲ੍ਹ ਬੈਠਦੇ ਹਨ। ਜਦੋਂ ਉਨ੍ਹਾਂ ਦਾ ਹਰ ਹੀਲਾ ਖ਼ਤਮ ਹੋ ਜਾਂਦਾ ਹੈ ਤਾਂ ਇਨ੍ਹਾਂ ਨਾਲ ਹੀ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਸਮਝਦੇ ਹਨ। ਉਨ੍ਹਾਂ ਤੋਂ ਸੇਧ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦੇ ਅਧੂਰੇ ਵਾਕਾਂ ਨੂੰ ਇਨ੍ਹਾਂ ਨੇ ਪੂਰਾ ਕਰ ਲੈਣਾ ਹੈ। ਉਨ੍ਹਾਂ ਦੇ ਅੰਦਰ ਨੂੰ ਇਨ੍ਹਾਂ ਨੇ ਸੁਖਮਤਾ ਨਾਲ ਖੰਘਾਲ ਜਾਣਾ ਹੈ ਅਤੇ ਇੱਕ ਪੁਖਤਾ ਸਲਾਹ ਦੇਣੀ ਹੈ ਜੋ ਕਿਤੋਂ ਹੋਰ ਨਹੀਂ ਮਿਲਣੀ।

ਇਹ ਵੀ ਆਮ ਇਨਸਾਨਾਂ ਜਿਹੇ ਹੀ ਹੁੰਦੇ ਹਨ, ਪਰ ਸ਼ਾਇਦ ਕੁਦਰਤ ਨੇ ਇਨ੍ਹਾਂ ਦੀ ਅੰਦਰੂਨੀ ਰਚਨਾ ਕੁਝ ਇਸੇ ਤਰ੍ਹਾਂ ਦੀ ਬਣਾਈ ਹੈ। ਆਪਣੇ-ਆਪ ਨਾਲ ਬੈਠਣਾ ਇਨ੍ਹਾਂ ਨੂੰ ਚੰਗਾ ਲੱਗਦਾ ਹੈ। ਇਕੱਲਤਾ ਇਨ੍ਹਾਂ ਨੂੰ ਸਤਾਉਂਦੀ ਨਹੀਂ ਸਗੋਂ ਇਨ੍ਹਾਂ ਲਈ ਵਰਦਾਨ ਬਣਦੀ ਹੈ-ਕੁਝ ਸਮਾਂ ਆਪਣੇ-ਆਪ ਨਾਲ ਬਿਤਾਉਣ ਲਈ। ਇਸ ਸਮੇਂ ਵਿੱਚ ਇਹ ਆਪਣੇ ਮਨ ਨੂੰ ਫਰੋਲ ਲੈਂਦੇ ਹਨ। ਦੱਬੇ ਪਏ ਵਿਚਾਰ ਬਾਹਰ ਨਿਕਲਦੇ ਹਨ। ਉਨ੍ਹਾਂ ਵਿੱਚ ਨਵੀਂ ਜਾਨ ਪੈਂਦੀ ਹੈ। ਉਨ੍ਹਾਂ ਦੇ ਮਨ ਵਿੱਚ ਕੁਝ ਨਵਾਂ ਸਿਰਜਿਆ ਜਾਂਦਾ ਹੈ, ਪੁਰਾਣਾ ਜੋ ਸਮਾਂ ਵਿਹਾ ਚੁੱਕਾ ਹੈ ਉਹ ਖ਼ਤਮ ਹੋ ਜਾਂਦਾ ਹੈ। ਇਹ ਇਕੱਲਤਾ ਉਨ੍ਹਾਂ ਦੇ ਮਨ ਨੂੰ ਸਾਹ ਲੈਣ ਜੋਗਾ ਬਣਾ ਦਿੰਦੀ ਹੈ। ਇਨ੍ਹਾਂ ਦੀ ਖਾਮੋਸ਼ੀ ਹਰ ਵਾਰ ਕਿਸੇ ਦੁੱਖ-ਦਰਦ ਜਾਂ ਕਿਸੇ ਗੁੱਸੇ-ਸ਼ਿਕਵੇ ਦੀ ਪੈਦਾਇਸ਼ ਨਹੀਂ ਹੁੰਦੀ। ਸਗੋਂ ਇਹ ਚੁੱਪ ਉਨ੍ਹਾਂ ਲਈ ਕੁਦਰਤੀ ਹੈ। ਆਪਣੇ ਅੰਦਰ ਨੂੰ ਸੰਗਠਿਤ ਕਰਨ ਦਾ ਕੁਦਰਤੀ ਤਰੀਕਾ। ਇਹ ਸਮਾਂ ਭਾਵਨਾਵਾਂ ਨੂੰ ਸ਼ਬਦ ਦੇਣ ਤੋਂ ਪਹਿਲਾਂ ਦਾ ਸਮਾਂ ਹੁੰਦਾ ਹੈ। ਕੁਝ ਅਣਕਹੇ ਨੂੰ ਵਿਚਾਰਨ ਦੇ ਪਲ। ਆਪਣੇ ਆਪ ਦਾ ਸਾਥ ਮਾਣਨ ਦਾ ਢੁੱਕਵਾਂ ਸਮਾਂ। ਆਪਣੇ ਮਨ ਅੰਦਰ ਵਾਪਰ ਰਹੀਆਂ ਘਟਨਾਵਾਂ ਨੂੰ ਸਲੀਕੇ ਰਾਹੀਂ ਬਾਹਰ ਰੱਖਣ ਜਾਂ ਅੰਦਰ ਹੀ ਸਮਾਅ ਲੈਣ ਦਾ ਫ਼ੈਸਲਾ ਵੀ ਇਹੀ ਚੁੱਪ ਹੀ ਕਰਦੀ ਹੈ।

ਡੂੰਘੇ ਅਹਿਸਾਸਾਂ ਨੂੰ ਪੜ੍ਹ ਲੈਣ ਦੀ ਕਲਾ, ਕਿਸੇ ਦੇ ਸ਼ਬਦਾਂ ਦੇ ਆਧਾਰ ਨੂੰ ਜਾਚ ਲੈਣਾ, ਬਾਹਰੀ ਚੁੱਪ ਰਾਹੀਂ ਅੰਦਰ ਦੇ ਰੌਲੇ ਨੂੰ ਸ਼ਾਂਤ ਕਰਨਾ, ਇਕੱਲਤਾ ਨੂੰ ਮਾਣਨ ਜਿਹੀਆਂ ਕੁਝ ਆਦਤਾਂ ਜਾਂ ਵਿਵਹਾਰ ਇਨ੍ਹਾਂ ਨੂੰ ਦੂਜਿਆਂ ਦੇ ਸੁਭਾਅ ਨਾਲੋਂ ਕੁਝ ਵੱਖਰਾ ਬਣਾਉਂਦਾ ਹੈ। ਇਹ ਆਪਣੇ ਇਸ ਵਖਰੇਵੇਂ ਨੂੰ ਵੱਖ-ਵੱਖ ਤਰੀਕਿਆਂ ਰਾਹੀਂ ਸਾਕਾਰ ਕਰਦੇ ਹਨ। ਇਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਇਸ ਵਿਲੱਖਣਤਾ ਨੂੰ ਕਲਮ ਰਾਹੀਂ ਨਵੀਂ ਸੇਧ ਦਿੰਦੇ ਹਨ। ਉਹ ਕਲਮ ਰਾਹੀਂ ਦੁਨੀਆ ਨਾਲ ਆਪਣੀ ਸਾਂਝ ਪਾਉਂਦੇ ਹਨ। ਜੋ ਉਹ ਮੂੰਹੋਂ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੇ ਉਹ ਸ਼ਬਦਾਂ ਰਾਹੀਂ ਆਪਾ ਬਿਆਨ ਕਰਦੇ ਹਨ। ਆਪਣੇ ਅੰਦਰ ਦੀ ਬੇਚੈਨੀ ਨੂੰ ਕਵਿਤਾ ਬਣਾ ਦੇਣਾ, ਕਿਸੇ ਯਾਦ ਨੂੰ ਕਹਾਣੀ ਦਾ ਰੂਪ ਦੇ ਦੇਣਾ, ਕਿਸੇ ਅਨੁਭਵ ਨੂੰ ਪਾਤਰ-ਚਿਤਰਨ ਰਾਹੀਂ ਆਪਣੇ ਨਾਟਕ ਦੀ ਰੂਪ-ਰੇਖਾ ਤਿਆਰ ਕਰ ਦੇਣੀ, ਕਿਸੇ ਦਰਦ ਨੂੰ ਗ਼ਜ਼ਲ ਬਣਾ ਕੇ ਪੇਸ਼ ਕਰ ਦੇਣਾ ਇਨ੍ਹਾਂ ਦੇ ਇਸ ਵਿਵਹਾਰ ਦਾ ਹਿੱਸਾ ਹੁੰਦਾ ਹੈ। ਇਨ੍ਹਾਂ ਵਿੱਚੋਂ ਕੁਝ ਰੰਗਾਂ ਨਾਲ ਕੈਨਵਸ 'ਤੇ ਕਲਾਕਾਰੀ ਕਰਦੇ ਹਨ। ਕੁਝ ਪੱਥਰਾਂ ਨੂੰ ਤਰਾਸ਼ ਕੇ ਆਪਣੇ ਮਨ ਦੇ ਵਲਵਲਿਆਂ ਨੂੰ ਬੁੱਤ ਦਾ ਰੂਪ ਦਿੰਦੇ ਹਨ। ਉਨ੍ਹਾਂ ਦੇ ਮਨ ਦੀ ਡੂੰਘਾਈ ਉਨ੍ਹਾਂ ਨੂੰ ਸਿਰਜਣਾਤਮਕ ਬਣਾ ਦਿੰਦੀ ਹੈ।

ਅਕਸਰ ਇਹ ਆਪਣੇ ਇਕਾਂਤ ਵਿੱਚ ਕੁਝ ਸਿਰਜਣ ਦੀ ਅਦਭੁੱਤ ਯਾਤਰਾ ਸ਼ੁਰੂ ਕਰਦੇ ਹਨ। ਇਹ ਯਾਤਰਾ ਅਨੁਭਵ ਤੋਂ ਮਨਨ ਤੱਕ, ਮਨਨ ਤੋਂ ਅਰਥ ਤੱਕ ਹੁੰਦੀ ਹੋਈ, ਅਰਥ ਤੋਂ ਸਿਰਜਣਾ ਤੱਕ ਦਾ ਸਫ਼ਰ ਤੈਅ ਕਰਦੀ ਹੈ, ਪਰ ਹਰ ਡੂੰਘਾ ਤੇ ਸੰਵੇਦਨਸ਼ੀਲ ਇਨਸਾਨ ਜ਼ਰੂਰੀ ਨਹੀਂ ਕਿ ਕਲਾਕਾਰ ਬਣ ਜਾਵੇ। ਕਈਆਂ ਨੂੰ ਨਾ ਤਾਂ ਆਪਣੀ ਕਲਾਕਾਰੀ ਦਿਖਾਉਣ ਦੇ ਮੌਕੇ ਮਿਲਦੇ ਹਨ ਤੇ ਨਾ ਹੀ ਸਮਾਂ। ਉਹ ਖਾਲੀ ਸਮੇਂ ਵਿੱਚ ਕੁਝ ਗੁਣਗਣਾ ਲੈਂਦੇ ਹਨ ਜਾਂ ਫਿਰ ਦੁਨੀਆ ਤੋਂ ਲੁਕ ਕੇ ਅੱਥਰੂ ਵਹਾ ਲੈਂਦੇ ਹਨ। ਇਨ੍ਹਾਂ ਨੇ ਮਨ ਹੀ ਹੌਲਾ ਕਰਨਾ ਹੁੰਦਾ ਹੈ ਜਾਂ ਤਾਂ ਸਿਰਜਣਾ ਰਾਹੀਂ ਕਰ ਲੈਂਦੇ ਹਨ ਜਾਂ ਫਿਰ ਹਉਕਿਆਂ ਰਾਹੀਂ।

ਇਸ ਡੂੰਘਾਈ ਦੀ ਵੀ ਇੱਕ ਕੀਮਤ ਹੁੰਦੀ ਹੈ। ਉਹ ਲੋਕ ਜੋ ਅਕਸਰ ਡੂੰਘਾਈ ਨਾਲ ਸੋਚਦੇ ਹਨ ਜਾਂ ਦੂਜਿਆਂ ਨਾਲੋਂ ਵੱਧ ਗ੍ਰਹਿਣ ਕਰਦੇ ਹਨ, ਉਹ ਹਰ ਗੱਲ ਆਸਾਨੀ ਨਾਲ ਝਾੜ ਕੇ ਅੱਗੇ ਨਹੀਂ ਲੰਘ ਸਕਦੇ। ਇੱਕ ਛੋਟਾ ਜਿਹਾ ਵਾਕ, ਕਿਸੇ ਮੁਲਾਕਾਤ ਦੀ ਅਣਕਹੀ ਗੱਲ, ਕਿਸੇ ਦਾ ਬਦਲਿਆ ਲਹਿਜਾ ਕਈ ਵਾਰ ਉਨ੍ਹਾਂ ਦੇ ਮਨ ਵਿੱਚ ਲੰਮੇ ਸਮੇਂ ਲਈ ਰਹਿ ਜਾਂਦਾ ਹੈ। ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਉਹ ਇਨ੍ਹਾਂ ਨੂੰ ਚੰਗੀ ਤਰ੍ਹਾਂ ਵਾਚਦੇ ਹਨ। ਇਹ ਉਨ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਕਿ ਉਹ ਕਿਸੇ ਨਤੀਜੇ 'ਤੇ ਹੌਲੀ ਪਹੁੰਚਦੇ ਹਨ। ਸੰਵੇਦਨਸ਼ੀਲਤਾ ਨੂੰ ਮਹਿਜ਼ ਕਮਜ਼ੋਰੀ ਸਮਝ ਲੈਣਾ ਠੀਕ ਨਹੀਂ ਹੁੰਦਾ। ਜ਼ਰੂਰੀ ਨਹੀਂ ਡੂੰਘਾਈ ਹਰ ਸਮੇਂ ਇਨਸਾਨ ਨੂੰ ਤੋੜਦੀ ਹੀ ਹੋਵੇ। ਕਈ ਵਾਰ ਇਹ ਚੀਜ਼ਾਂ ਨੂੰ ਵਧੇਰੇ ਸੂਖਮਤਾ ਨਾਲ ਸਮਝਣ ਦੀ ਸਮਰੱਥਾ ਵੀ ਦਿੰਦੀ ਹੈ।

ਅਜਿਹੇ ਮਨੁੱਖਾਂ ਦੀ ਇਕੱਲਤਾ, ਖਾਮੋਸ਼ੀ ਤੇ ਸੰਵੇਦਨਸ਼ੀਲਤਾ ਨੂੰ ਆਪਣੇ ਮਾਪਦੰਡਾਂ 'ਤੇ ਨਹੀਂ ਤੋਲਣਾ ਚਾਹੀਦਾ। ਜ਼ਰੂਰੀ ਨਹੀਂ ਕਿ ਜੋ ਮਨੁੱਖ ਘੱਟ ਗੱਲਬਾਤ ਕਰਦਾ ਹੋਵੇ, ਉਹ ਮਹਿਸੂਸ ਵੀ ਘੱਟ ਕਰਦਾ ਹੋਵੇ। ਇਹ ਵੀ ਲਾਜ਼ਮੀ ਨਹੀਂ ਕਿ ਜੋ ਇਨਸਾਨ ਹਰ ਗੱਲ ਤੁਰੰਤ ਸਾਂਝੀ ਨਾ ਕਰਦਾ ਹੋਵੇ, ਉਹ ਦੂਰ ਹੀ ਰਹਿਣਾ ਚਾਹੁੰਦਾ ਹੋਵੇ। ਕੁਝ ਵੱਖਰੇ ਲੋਕ ਵੀ ਹੁੰਦੇ ਹਨ, ਉਹ ਆਪਣੇ ਸ਼ਬਦਾਂ ਨੂੰ ਢੁੱਕਵੀਂ ਥਾਂ ਦਿੰਦੇ ਹਨ। ਫਿਰ ਇਹ ਸ਼ਬਦ ਵੱਖ-ਵੱਖ ਲਹਿਜ਼ਿਆਂ ਵਿੱਚ ਦੂਜਿਆਂ ਤੱਕ ਪਹੁੰਚਦੇ ਹਨ। ਕਲਾ ਰਾਹੀਂ ਇਨ੍ਹਾਂ ਦਾ ਪ੍ਰਗਟਾਵਾ ਮਨੁੱਖ ਲਈ ਬਿਹਤਰੀਨ ਹੁੰਦਾ ਹੈ।

ਇਹ ਆਪਣੇ ਅੰਦਰਲੇ ਚੱਲ ਰਹੇ ਵਲਵਲਿਆਂ ਦਾ ਪ੍ਰਗਟਾਵਾ ਹੌਲੀ-ਹੌਲੀ ਕਰਦੇ ਹਨ। ਸ਼ਾਇਦ ਅਜਿਹੇ ਮਨੁੱਖਾਂ ਦੇ ਪ੍ਰਗਟਾਵੇ ਵਿੱਚ ਦੇਰੀ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੀ ਆਪਣੇ ਅੰਦਰਲੇ ਰੂਪ ਦਾ ਬਾਹਰੀ ਪ੍ਰਗਟ ਕਰਨ ਦੀ ਯਾਤਰਾ ਬਾਕੀਆਂ ਨਾਲੋਂ ਲੰਮੀ ਹੁੰਦੀ ਹੈ। ਕੋਈ ਗੱਲ ਬਾਹਰ ਆਉਣ ਤੋਂ ਪਹਿਲਾਂ ਉੱਥੇ ਕੁਝ ਪਲ ਠਹਿਰਦੀ ਹੈ ਤੇ ਬਾਹਰ ਵੱਲ ਰੁਖ਼ ਕਰਦੀ ਹੈ ਕਦੇ ਕਿਸੇ ਕਵਿਤਾ ਦੇ ਰੂਪ ਵਿੱਚ, ਕਦੇ ਵਿਚਾਰ ਬਣ, ਕਦੇ ਅੱਥਰੂ ਬਣ ਤੇ ਕਦੇ ਕੋਈ ਚਿੱਤਰ ਬਣ। ਇਹ ਪਹਿਲਾਂ ਆਪਣੇ-ਆਪ ਨਾਲ ਸੰਵਾਦ ਰਚਾਉਂਦੇ ਹਨ ਤੇ ਬਾਹਰੀ ਦੁਨੀਆ ਨਾਲ ਸਾਂਝ ਪਾਉਂਦੇ ਹਨ।

ਕਈ ਵਾਰ ਜਿਸ ਮਨੁੱਖ ਨੂੰ ਖਾਮੋਸ਼ ਸਮਝ ਕੇ ਦੁਨੀਆ ਅੱਗੇ ਲੰਘ ਜਾਂਦੀ ਹੈ, ਹੋ ਸਕਦਾ ਹੈ ਕਿ ਉਸ ਦੇ ਅੰਦਰ ਦੀ ਦੁਨੀਆ ਸਿਰਫ਼ ਪ੍ਰਗਟਾਵੇ ਲਈ ਉਚਿਤ ਸ਼ਬਦਾਂ ਦੀ ਉਡੀਕ ਕਰ ਰਹੀ ਹੋਵੇ ਜਾਂ ਰੰਗਾਂ ਰਾਹੀਂ ਕੈਨਵਸ 'ਤੇ ਉਤਰ ਜਾਣ ਦਾ ਸੋਚ ਰਹੀ ਹੋਵੇ ਜਾਂ ਫਿਰ ਲੈਅਬੱਧ ਹੋ ਕੇ ਕਵਿਤਾ ਬਣ ਜਾਣ ਦਾ ਸੋਚ ਰਹੀ ਹੋਵੇ।

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪਾਸਪੋਰਟ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker

CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਾਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

ਸਿੱਖੋ ਅਣਡਿੱਠ ਕਰਨ ਦੀ ਕਲਾ

ਸੁਖਵੰਤ ਸਿੰਘ

ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਇਹ ਹੈ ਕਿ ਸਾਡੇ ਨਾਲ ਕੀ ਵਾਪਰਦਾ ਹੈ, ਉਹ ਸਾਡੀ ਕਿਸਮਤ ਜਾਂ ਹਾਲਾਤ ਤੈਅ ਕਰਦੇ ਹਨ, ਪਰ ਅਸੀਂ ਉਸ ਘਟਨਾ ਉੱਤੇ ਕੀ ਪ੍ਰਤੀਕਿਰਿਆ ਦਿੰਦੇ ਹਾਂ, ਉਹ ਸਾਡਾ ਭਵਿੱਖ ਅਤੇ ਚਰਿੱਤਰ ਤੈਅ ਕਰਦਾ ਹੈ। ਅਜੋਕੇ ਦੌਰ ਵਿੱਚ ਮਨੁੱਖ ਸਬਰ ਅਤੇ ਸੰਜਮ ਤੋਂ ਕੋਹਾਂ ਦੂਰ ਹੁੰਦਾ ਜਾ ਰਿਹਾ ਹੈ। ਅਸੀਂ ਛੋਟੀਆਂ-ਛੋਟੀਆਂ ਗੱਲਾਂ ਨੂੰ ਆਪਣੀ ਹਉਮੈ ਦਾ ਸਵਾਲ ਬਣਾ ਲੈਂਦੇ ਹਾਂ। ਜਦੋਂ ਕੋਈ ਸਾਨੂੰ ਮਾੜਾ-ਮੋਟਾ ਬੁਰਾ ਬੋਲ ਦਿੰਦਾ ਹੈ, ਕੋਈ ਕੌੜੀ ਟਿੱਪਣੀ ਕਰ ਦਿੰਦਾ ਹੈ ਜਾਂ ਸਾਡੀ ਮਰਜ਼ੀ ਦੇ ਉਲਟ ਕੋਈ ਨਿੱਕੀ ਜਿਹੀ ਗੱਲ ਕਹਿ ਦਿੰਦਾ ਹੈ ਤਾਂ ਸਾਡਾ ਖ਼ੂਨ ਉਬਾਲੇ ਖਾਣ ਲੱਗਦਾ ਹੈ। ਅਸੀਂ ਬਿਨਾਂ ਭਵਿੱਖ ਦਾ ਨਫ਼ਾ-ਨੁਕਸਾਨ ਸੋਚੇ ਤੁਰੰਤ ਬਦਲੇ ਦੀ ਭਾਵਨਾ ਨਾਲ ਭਰ ਜਾਂਦੇ ਹਾਂ ਅਤੇ ਸਾਹਮਣੇ ਵਾਲੇ ਨੂੰ 'ਸਬਕ ਸਿਖਾਉਣ' ਲਈ ਅੱਗੋਂ ਦਸ ਗੁਣਾ ਵੱਧ ਕੌੜੇ ਅਤੇ ਜ਼ਹਿਰੀਲੇ ਸ਼ਬਦ ਬੋਲ ਦਿੰਦੇ ਹਾਂ। ਸਾਡੀ ਇਹ ਅੰਨ੍ਹੀ ਪ੍ਰਤੀਕਿਰਿਆ ਸੁਲਘਦੀ ਚੰਗਿਆੜੀ ਨੂੰ ਭਾਂਬੜ ਬਣਾ ਦਿੰਦੀ ਹੈ, ਜਿਸ ਵਿੱਚ ਨਾ ਸਿਰਫ਼ ਪਿਆਰੇ ਅਤੇ ਸਾਲਾਂ ਪੁਰਾਣੇ ਰਿਸ਼ਤੇ ਸੁਆਹ ਹੋ ਜਾਂਦੇ ਹਨ, ਸਗੋਂ ਕਈ ਵਾਰ ਅਜਿਹਾ ਮਾਨਸਿਕ, ਸਮਾਜਿਕ ਅਤੇ ਸਰੀਰਕ ਨੁਕਸਾਨ ਹੋ ਜਾਂਦਾ ਹੈ ਜਿਸ ਦਾ ਪਛਤਾਵਾ ਸਾਰੀ ਉਮਰ ਪਿੱਛਾ ਨਹੀਂ ਛੱਡਦਾ।

ਇਸ ਘਾਤਕ ਪ੍ਰਵਿਰਤੀ ਨੂੰ ਕੁਦਰਤ ਦੀ ਇੱਕ ਬਹੁਤ ਹੀ ਸਿੱਖਿਆ-ਦਾਇਕ ਉਦਾਹਰਨ ਰਾਹੀਂ ਬਾਖ਼ੂਬੀ ਸਮਝਿਆ ਜਾ ਸਕਦਾ ਹੈ। ਇੱਕ ਵਾਰ ਜੰਗਲ ਵਿੱਚ ਇੱਕ ਬਲਵਾਨ ਭਾਲੂ ਆਪਣੀ ਮਸਤੀ ਵਿੱਚ ਤੁਰਿਆ ਜਾ ਰਿਹਾ ਸੀ। ਅਚਾਨਕ ਇੱਕ ਮਧੂ-ਮੱਖੀ ਨੇ ਉਸ ਦੇ ਸਰੀਰ ਉੱਤੇ ਇੱਕ ਨਿੱਕਾ ਜਿਹਾ ਡੰਗ ਮਾਰ ਦਿੱਤਾ। ਉਹ ਡੰਗ ਮਹਿਜ਼ ਇੱਕ ਪਲ ਦੀ ਚੀਸ ਸੀ, ਜੋ ਕੁਝ ਸਮੇਂ ਬਾਅਦ ਆਪਣੇ-ਆਪ ਸ਼ਾਂਤ ਹੋ ਜਾਣੀ ਸੀ, ਪਰ ਭਾਲੂ ਦੇ ਜੁੱਸੇ ਅਤੇ ਹੰਕਾਰ ਨੂੰ ਇਹ ਗੱਲ ਹਜ਼ਮ ਨਾ ਹੋਈ ਕਿ ਇੰਨੇ ਵੱਡੇ ਅਤੇ ਤਾਕਤਵਰ ਜੀਵ ਨੂੰ ਇੱਕ ਤੁੱਛ ਜਿਹੀ ਮੱਖੀ ਨੇ ਕਿਵੇਂ ਛੇੜ ਦਿੱਤਾ! ਗੁੱਸੇ ਅਤੇ ਬਦਲੇ ਦੀ ਅੱਗ ਵਿੱਚ ਅੰਨ੍ਹਾ ਹੋ ਕੇ ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਨੇੜੇ ਦਰੱਖਤ 'ਤੇ ਲੱਗੇ ਮਧੂ-ਮੱਖੀਆਂ ਦੇ ਵਿਸ਼ਾਲ ਛੱਤੇ ਉੱਤੇ ਸਿੱਧਾ ਹਮਲਾ ਬੋਲ ਦਿੱਤਾ ਅਤੇ ਪਲਕ ਝਪਕਦੇ ਹੀ ਛੱਤੇ ਨੂੰ ਤੋੜ-ਮਰੋੜ ਕੇ ਜ਼ਮੀਨ 'ਤੇ ਸੁੱਟ ਦਿੱਤਾ। ਭਾਲੂ ਨੇ ਸੋਚਿਆ ਸੀ ਕਿ ਉਹ ਆਪਣੀ ਤਾਕਤ ਨਾਲ ਬਦਲਾ ਲੈ ਚੁੱਕਾ ਹੈ, ਪਰ ਉਸ ਦੀ ਇਸ ਮੂਰਖਤਾ ਭਰੀ ਪ੍ਰਤੀਕਿਰਿਆ ਨੇ ਇੱਕ ਭਿਆਨਕ ਮੁਸੀਬਤ ਨੂੰ ਸੱਦਾ ਦੇ ਦਿੱਤਾ ਸੀ।

ਛੱਤਾ ਟੁੱਟਦੇ ਹੀ ਹਜ਼ਾਰਾਂ ਦੀ ਤਾਦਾਦ ਵਿੱਚ ਕ੍ਰੋਧਿਤ ਮਧੂ-ਮੱਖੀਆਂ ਬੱਦਲ ਵਾਂਗ ਉੱਠੀਆਂ ਅਤੇ ਉਨ੍ਹਾਂ ਨੇ ਭਾਲੂ ਨੂੰ ਚਾਰੇ ਪਾਸਿਓਂ ਘੇਰ ਲਿਆ। ਮੱਖੀਆਂ ਨੇ ਉਸ ਦੇ ਅੰਗ-ਅੰਗ ਉੱਤੇ ਅਣਗਿਣਤ ਜ਼ਹਿਰੀਲੇ ਡੰਗ ਮਾਰਨੇ ਸ਼ੁਰੂ ਕਰ ਦਿੱਤੇ। ਅਸਹਿ ਦਰਦ ਅਤੇ ਸਾੜੇ ਤੋਂ ਬਚਣ ਲਈ ਉਹ ਤਾਕਤਵਰ ਭਾਲੂ ਬੇਵੱਸ ਹੋ ਕੇ ਬੇਤਹਾਸ਼ਾ ਅੱਗੇ ਭੱਜਣ ਲੱਗਾ। ਉਸ ਦਾ ਦਿਮਾਗ਼ ਕੰਮ ਕਰਨਾ ਬੰਦ ਕਰ ਚੁੱਕਾ ਸੀ, ਅੱਖਾਂ ਅੱਗੇ ਹਨੇਰਾ ਛਾ ਗਿਆ ਸੀ ਅਤੇ ਪਿੱਛੇ ਮੱਖੀਆਂ ਦੀ ਫੌਜ ਸੀ। ਅੰਨ੍ਹੇਵਾਹ ਭੱਜਦਿਆਂ ਪਹਾੜ ਦੇ ਕੰਢੇ 'ਤੇ ਉਸ ਦਾ ਪੈਰ ਤਿਲਕ ਗਿਆ ਅਤੇ ਉਹ ਇੱਕ ਡੂੰਘੀ ਪਹਾੜੀ ਖਾਈ ਵਿੱਚ ਜਾ ਡਿੱਗਿਆ। ਪੱਥਰਾਂ ਨਾਲ ਸਿਰ ਅਤੇ ਹੱਡੀਆਂ ਟਕਰਾਉਣ ਕਾਰਨ ਉਸ ਦੀ ਮੌਕੇ 'ਤੇ ਹੀ ਤੜਫ਼-ਤੜਫ਼ ਕੇ ਮੌਤ ਹੋ ਗਈ।

ਹੁਣ ਜੇਕਰ ਠੰਢੇ ਦਿਮਾਗ਼ ਨਾਲ ਸੋਚਿਆ ਜਾਵੇ ਤਾਂ ਉਸ ਭਾਲੂ ਦੀ ਜਾਨ ਕਿਸ ਨੇ ਲਈ? ਕੀ ਉਹ ਇੱਕ ਨਿੱਕੀ ਜਿਹੀ ਮਧੂ-ਮੱਖੀ ਉਸ ਦੀ ਮੌਤ ਦੀ ਜ਼ਿੰਮੇਵਾਰ ਸੀ? ਬਿਲਕੁਲ ਨਹੀਂ! ਉਸ ਦੀ ਮੌਤ ਦਾ ਅਸਲ ਕਾਰਨ ਉਹ ਇੱਕ ਡੰਗ ਨਹੀਂ ਸੀ, ਸਗੋਂ ਉਸ ਦਾ ਬੇਕਾਬੂ ਅਹੰਕਾਰ, ਸਬਰ ਦੀ ਘਾਟ ਅਤੇ ਬੇਲੋੜੀ ਪ੍ਰਤੀਕਿਰਿਆ ਸੀ। ਜੇਕਰ ਉਹ ਉਸ ਪਹਿਲੇ ਡੰਗ ਦੀ ਮਾਮੂਲੀ ਚੀਸ ਨੂੰ ਅਣਗੌਲਿਆ ਕਰ ਦਿੰਦਾ, ਤਾਂ ਕੁਝ ਮਿੰਟਾਂ ਬਾਅਦ ਉਹ ਦਰਦ ਮਿਟ ਜਾਂਦਾ ਅਤੇ ਉਹ ਸੁਰੱਖਿਅਤ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦਾ, ਪਰ ਉਸ ਨੇ ਇੱਕ ਛੋਟੀ ਜਿਹੀ ਗੱਲ ਦਾ ਬਦਲਾ ਲੈਣ ਲਈ ਪੂਰੇ ਛੱਤੇ ਨਾਲ ਪੰਗਾ ਲਿਆ ਅਤੇ ਅੰਤ ਵਿੱਚ ਆਪਣੀ ਅਣਮੁੱਲੀ ਜਾਨ ਗੁਆ ਬੈਠਾ।

ਸਾਡੀ ਰੋਜ਼ਾਨਾ ਜ਼ਿੰਦਗੀ ਦਾ ਦ੍ਰਿਸ਼ ਵੀ ਇਸ ਕਹਾਣੀ ਨਾਲੋਂ ਵੱਖਰਾ ਨਹੀਂ ਹੈ। ਸਮਾਜ ਵਿੱਚ ਵਿਚਰਦਿਆਂ, ਪਰਿਵਾਰ ਵਿੱਚ ਜਾਂ ਕੰਮ-ਕਾਰ ਵਾਲੀ ਥਾਂ 'ਤੇ ਅਕਸਰ ਕੋਈ ਨਾ ਕੋਈ ਅਜਿਹੀ ਘਟਨਾ ਵਾਪਰਦੀ ਹੈ ਜੋ ਸਾਨੂੰ ਮਾਨਸਿਕ ਤੌਰ 'ਤੇ ਡੰਗ ਮਾਰਦੀ ਹੈ। ਕਿਸੇ ਦਾ ਵਿਅੰਗ, ਕਿਸੇ ਦਾ ਈਰਖਾਲੂ ਬੋਲ, ਟ੍ਰੈਫਿਕ ਵਿੱਚ ਕਿਸੇ ਦੀ ਬੇਸਬਰੀ ਜਾਂ ਸੋਸ਼ਲ ਮੀਡੀਆ 'ਤੇ ਕਿਸੇ ਦੀ ਬੇਲੋੜੀ ਨੁਕਤਾਚੀਨੀ। ਅਜਿਹੇ ਮੌਕੇ ਜੇਕਰ ਅਸੀਂ ਵੀ ਭਾਲੂ ਵਾਂਗ ਆਪਣਾ ਆਪਾ ਗੁਆ ਕੇ ਹਰ ਗੱਲ ਦਾ ਜਵਾਬ ਦੇਣ ਤੁਰ ਪਈਏ, ਝਗੜੇ ਵਧਾਈਏ ਜਾਂ ਗਾਲ੍ਹੀ-ਗਲੋਚ 'ਤੇ ਉਤਰ ਆਈਏ ਤਾਂ ਅਸੀਂ ਅਣਜਾਣੇ ਵਿੱਚ ਕਲੇਸ਼, ਮਾਨਸਿਕ ਤਣਾਅ ਅਤੇ ਅਦਾਲਤੀ ਜਾਂ ਸਮਾਜਿਕ ਖ਼ੁਆਰੀਆਂ ਵਰਗੇ ਵੱਡੇ ਛੱਤਿਆਂ ਨੂੰ ਤੋੜ ਬੈਠਦੇ ਹਾਂ। ਨਤੀਜਾ ਇਹ ਹੁੰਦਾ ਹੈ ਕਿ ਉਹ ਛੋਟਾ ਜਿਹਾ ਵਿਵਾਦ ਵੱਡਾ ਤੂਫ਼ਾਨ ਬਣ ਕੇ ਸਾਡੇ ਸਕੂਨ, ਸਾਡੀ ਸਿਹਤ ਅਤੇ ਸਾਡੇ ਪਰਿਵਾਰ ਨੂੰ ਨਿਗਲ ਜਾਂਦਾ ਹੈ। ਸਿਆਣਪ ਅਤੇ ਮਨੁੱਖੀ ਪਰਿਪੱਕਤਾ ਇਸੇ ਵਿੱਚ ਹੈ ਕਿ ਅਸੀਂ 'ਅਣਡਿੱਠ ਕਰਨ ਦੀ ਕਲਾ' ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ।

ਹਰ ਕੁੱਤੇ ਦੇ ਭੌਂਕਣ 'ਤੇ ਪੱਥਰ ਚੁੱਕਣ ਵਾਲਾ ਮੁਸਾਫ਼ਰ ਕਦੇ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦਾ। ਚੁੱਪ ਰਹਿਣਾ ਜਾਂ ਕਿਸੇ ਕੌੜੀ ਗੱਲ ਨੂੰ ਹੱਸ ਕੇ ਟਾਲ ਦੇਣਾ ਕੋਈ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ ਹੁੰਦੀ, ਸਗੋਂ ਇਹ ਮਾਨਸਿਕ ਬਲਵਾਨ ਹੋਣ ਦਾ ਸਭ ਤੋਂ ਵੱਡਾ ਸਬੂਤ ਹੈ। ਜਿਸ ਇਨਸਾਨ ਨੇ ਆਪਣੇ ਜਜ਼ਬਾਤਾਂ ਅਤੇ ਪ੍ਰਤੀਕਿਰਿਆਵਾਂ 'ਤੇ ਕਾਬੂ ਪਾ ਲਿਆ, ਉਸ ਨੂੰ ਦੁਨੀਆ ਦਾ ਕੋਈ ਵੀ ਵਿਅਕਤੀ ਭੜਕਾ ਨਹੀਂ ਸਕਦਾ। ਇਸ ਲਈ ਜਦੋਂ ਵੀ ਜ਼ਿੰਦਗੀ ਵਿੱਚ ਕੋਈ ਤੁਹਾਨੂੰ ਛੋਟੀ-ਮੋਟੀ ਠੇਸ ਪਹੁੰਚਾਏ ਜਾਂ ਗ਼ਲਤ ਬੋਲੇ ਤਾਂ ਇੱਕ ਪਲ ਰੁਕ ਕੇ ਉਸ ਭਾਲੂ ਅਤੇ ਖਾਈ ਨੂੰ ਜ਼ਰੂਰ ਯਾਦ ਕਰ ਲਵੋ। ਆਪਣੇ ਆਪ ਨੂੰ ਪੁੱਛੋ ਕਿ ਕੀ ਇੱਕ ਪਲ ਦਾ ਬਦਲਾ ਤੁਹਾਡੇ ਸਾਲਾਂ ਦੇ ਸਕੂਨ ਅਤੇ ਭਵਿੱਖ ਨਾਲੋਂ ਵੱਡਾ ਹੈ? ਛੋਟੀਆਂ ਗੱਲਾਂ ਨੂੰ ਦਿਲ 'ਤੇ ਲਾਉਣ ਦੀ ਬਜਾਏ ਉਨ੍ਹਾਂ ਨੂੰ ਹਵਾ ਵਿੱਚ ਉਡਾ ਦੇਣਾ ਹੀ ਜਿਊਣ ਦਾ ਸਭ ਤੋਂ ਉੱਤਮ ਤਰੀਕਾ ਹੈ ਤਾਂ ਜੋ ਅਸੀਂ ਆਪਣੇ ਹੀ ਕਰੋਧ ਦੀ ਡੂੰਘੀ ਖਾਈ ਵਿੱਚ ਡਿੱਗਣ ਤੋਂ ਬਚ ਸਕੀਏ ਅਤੇ ਜ਼ਿੰਦਗੀ ਦੀ ਖ਼ੂਬਸੂਰਤ ਯਾਤਰਾ ਸ਼ਾਂਤੀ ਤੇ ਇੱਜ਼ਤ ਨਾਲ ਤੈਅ ਕਰ ਸਕੀਏ।

ਗ਼ਰੀਬ ਔਰਤਾਂ ਲਈ ਰੁਜ਼ਗਾਰ

ਦੀਨਦਿਆਲ ਅੰਤੋਦਿਆ ਯੋਜਨਾ- ਨੈਸ਼ਨਲ ਅਰਬਨ ਲਾਇਵਲੀਹੁਡਜ਼ ਮਿਸ਼ਨ (DAY-NULM) ਨੂੰ ਬਿਨਾਂ ਕੋਈ ਸਪੱਸ਼ਟ ਕਾਰਨ ਦੱਸਿਆਂ ਅਤੇ ਪਾਰਦਰਸ਼ੀ ਰੂਪ ਨਾਲ ਕੋਈ ਹੋਰ ਸਰਕਾਰੀ ਸਕੀਮ ਸ਼ੁਰੂ ਕੀਤੇ ਬਗ਼ੈਰ ਬੰਦ ਕਰਨ ਨਾਲ ਗ਼ਰੀਬ ਸ਼ਹਿਰੀ ਔਰਤਾਂ ਨੂੰ ਸਮਰੱਥ ਬਣਾਉਣ ਲਈ ਦਹਾਕਿਆਂਬੱਧੀ ਕੀਤੀ ਘਾਲਣਾ ਖੂਹ ਖਾਤੇ ਪੈ ਸਕਦੀ ਹੈ। ਕੇਂਦਰ ਸਰਕਾਰ ਨੂੰ ਸੂਬਿਆਂ ਨਾਲ ਮਿਲ ਕੇ ਫੰਡਾਂ ਸਬੰਧੀ ਵਿਵਾਦਾਂ ਨੂੰ ਸੁਲਝਾਉਣਾ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੈਲਫ ਹੈੱਲਪ ਗਰੁੱਪ ਤੇ ਉਨ੍ਹਾਂ ਦੇ ਰੁਜ਼ਗਾਰ ਇਸ ਦੀ ਲਪੇਟ ਵਿੱਚ ਨਾ ਆਉਣ। ਅਹਿਮ ਗੱਲ ਇਹ ਹੈ ਕਿ ਭਾਜਪਾ ਸ਼ਾਸਿਤ ਰਾਜਾਂ ਨੇ ਕਾਂਗਰਸ ਸ਼ਾਸਿਤ ਸੂਬਿਆਂ ਕਰਨਾਟਕ ਅਤੇ ਟੀ ਵੀ ਕੇ ਦੀ ਅਗਵਾਈ ਹੇਠਲੀ ਸਰਕਾਰ ਵਾਲੇ ਤਾਮਿਲਨਾਡੂ ਨਾਲ ਮਿਲ ਕੇ ਵਿੱਤੀ ਸੰਕਟ ਬਾਰੇ ਤੱਥ ਸਾਹਮਣੇ ਲਿਆਂਦੇ ਹਨ। ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਨੇ ਵਿੱਤੀ ਮਦਦ ਦੀ ਮੰਗ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਫ਼ਿਕਰਮੰਦੀ ਪਾਰਟੀ ਸਫ਼ਾਂ ਤੋਂ ਉੱਪਰ ਉੱਠ ਕੇ ਪ੍ਰਗਟਾਈ ਗਈ ਹੈ। ਇਸ ਦੇ ਮੱਦੇਨਜ਼ਰ ਕੇਂਦਰ ਨੂੰ ਇਹ ਮੁੱਦਾ ਕੇਂਦਰ-ਰਾਜ ਰੇੜਕੇ ਵਜੋਂ ਪੇਸ਼ ਕਰਨ ਦੀ ਬਜਾਏ ਯੋਗਤਾ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਹੈ।

ਸਤੰਬਰ 2024 ਤੱਕ ਐੱਨ ਯੂ ਐੱਲ ਐੱਮ ਨੇ 10 ਲੱਖ ਤੋਂ ਵੱਧ ਔਰਤਾਂ ਦੇ ਸੈਲਫ ਹੈੱਲਪ ਗਰੁੱਪਾਂ ਦੇ ਗਠਨ ਵਿੱਚ ਮਦਦ ਕੀਤੀ ਸੀ, ਜਿਸ ਨਾਲ ਲਗਪਗ ਇੱਕ ਕਰੋੜ ਸ਼ਹਿਰੀ ਗ਼ਰੀਬ ਔਰਤਾਂ ਇਸ ਦੇ ਘੇਰੇ ਵਿੱਚ ਆ ਗਈਆਂ ਸਨ। ਇਸ ਦਾ ਉਦੇਸ਼ ਔਰਤਾਂ ਨੂੰ ਜੀਵਨ ਬਸਰ ਕਰਨ ਲਈ ਕੀਤੇ ਜਾਣ ਵਾਲੇ ਕੰਮਾਂ ਤੋਂ ਅਗਾਂਹ ਵਧ ਕੇ ਸਥਾਈ ਰੋਜ਼ੀ-ਰੋਟੀ ਦੇ ਵਸੀਲੇ ਵੱਲ ਲਿਜਾਣਾ ਸੀ, ਪਰ ਇਹ ਮਿਸ਼ਨ 30 ਸਤੰਬਰ 2024 ਨੂੰ ਸਮਾਪਤ ਹੋ ਗਿਆ ਜਦੋਂਕਿ ਇਸ ਦੀ ਥਾਂ ਕੋਈ ਨਵੀਂ ਯੋਜਨਾ ਸ਼ੁਰੂ ਕਰਨ ਬਾਰੇ ਹਾਲੇ ਤੱਕ ਬੇਯਕੀਨੀ ਹੈ। ਸੂਬਿਆਂ ਦੀਆਂ ਮੰਗਾਂ ਵਿੱਚ ਮੌਜੂਦਾ ਗਤੀਵਿਧੀਆਂ ਲਈ ਫੰਡ, ਵਿਆਜ ਸਬਸਿਡੀਆਂ ਅਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦਾ ਭੁਗਤਾਨ ਕਰਨਾ ਸ਼ਾਮਿਲ ਹੈ। ਕੇਂਦਰ ਸਰਕਾਰ ਦਾ ਕਹਿਣਾ ਹੈ ਕਿ ਕਿਸੇ ਵੀ ਸੂਬੇ ਦੀ ਫੰਡ ਸਬੰਧੀ ਮੰਗ ਬਕਾਇਆ ਨਹੀਂ ਹੈ ਅਤੇ ਸੈਲਫ ਹੈੱਲਪ ਗਰੁੱਪਾਂ ਨੂੰ ਹੋਰ ਸਰਕਾਰੀ ਪ੍ਰੋਗਰਾਮਾਂ ਨਾਲ ਜੋੜਿਆ ਜਾ ਰਿਹਾ ਹੈ। ਇਨ੍ਹਾਂ ਸ਼ਸ਼ੋਪੰਜ ਵਾਲਿਆਂ ਦਾਅਵਿਆਂ ਦੇ ਮੱਦੇਨਜ਼ਰ ਜਾਰੀ ਕੀਤੇ ਗਏ ਪੈਸਿਆਂ, ਦੇਣਦਾਰੀਆਂ

ਦੀ ਪੁਸ਼ਟੀ ਅਤੇ ਦੇਣਦਾਰੀਆਂ ਦੇ ਭੁਗਤਾਨਾਂ ਦਾ ਪਾਰਦਰਸ਼ੀ ਢੰਗ ਨਾਲ ਸੂਬਾ ਵਾਰ ਖੁਲਾਸਾ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਵਰਦੀਆਂ ਦੀ ਸਿਲਾਈ, ਖਾਣਾ ਬਣਾਉਣ ਜਾਂ ਛੋਟੇ-ਮੋਟੇ ਕਿੱਤੇ ਕਰਨ ਵਾਲੀਆਂ ਔਰਤਾਂ ਨੂੰ ਘੱਟ ਵਿਆਜ ਦਰਾਂ 'ਤੇ ਕਰਜ਼ਿਆਂ, ਭਰੋਸੇਯੋਗ ਬਾਜ਼ਾਰਾਂ, ਸਮੇਂ ਸਿਰ ਭੁਗਤਾਨ ਅਤੇ ਸੰਸਥਾਗਤ ਸਹਾਇਤਾ ਦੀ ਲੋੜ ਹੁੰਦੀ ਹੈ। ਇਸ ਤੋਂ ਬਗ਼ੈਰ ਸਵੈ-ਰੁਜ਼ਗਾਰ ਗ਼ਰੀਬੀ 'ਚੋਂ ਬਾਹਰ ਨਿਕਲਣ ਦੇ ਰਸਤੇ ਦੀ ਬਜਾਏ ਉਨ੍ਹਾਂ ਨੂੰ ਕਰਜ਼ੇ ਦੇ ਕੁਚੱਕਰ 'ਚ ਉਲਝਾ ਸਕਦਾ ਹੈ। ਇਸੇ ਤਰ੍ਹਾਂ ਹੋਰ ਯੋਜਨਾਵਾਂ ਨਾਲ ਜੋੜਨ ਜਾਂ ਰਲੇਵਾਂ ਕਰਨ ਦੇ ਮੌਕੇ ਮਿਲ ਸਕਦੇ ਹਨ, ਪਰ ਇਹ ਰੋਜ਼ੀ-ਰੋਟੀ ਦੇ ਇੱਕ ਸਮਰਪਿਤ ਸਾਧਨ ਦਾ ਬਦਲ ਨਹੀਂ ਬਣ ਸਕਦੇ। ਇਸ ਲਈ ਕੇਂਦਰ ਸਰਕਾਰ ਨੂੰ ਜਾਇਜ਼ ਬਕਾਇਆ ਦੇਣਦਾਰੀਆਂ ਦਾ ਨਿਬੇੜਾ ਅਤੇ ਸਮਾਂ-ਬੱਧ ਤਬਦੀਲੀ ਯੋਜਨਾ ਦਾ ਐਲਾਨ ਕਰਨਾ ਚਾਹੀਦਾ ਹੈ। ਇਸ ਲਈ ਆਮਦਨ ਵਧਾਉਣ ਅਤੇ ਉੱਦਮਾਂ ਨੂੰ ਬਚਾਉਣ ਲਈ ਅਨੁਮਾਨਯੋਗ ਟੀਚੇ ਨਿਰਧਾਰਿਤ ਕਰਨੇ ਪੈਣਗੇ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਸਾਫ਼ ਦਿਲਾਂ ਦਾ ਮੁੱਲ ਨਹੀਂ ਪੈਂਦਾ

ਸਾਫ਼ ਦਿਲਾਂ ਦਾ ਮੁੱਲ ਨਹੀਂ ਪੈਂਦਾ,
ਝੂਠਿਆਂ ਦੀ ਹੈ ਵਾਹ ਬਈ ਵਾਹ,
ਸੱਚ ਲੱਗਿਆ ਹੁਣ ਖੁੱਡੇ ਲਾਈਨੇ,
ਸੱਚਿਆਂ ਦੀ ਕੋਈ ਸੁਣਦਾ ਨਾਂਹ।

ਖੁਦਗਰਜ਼ੀ ਹੈ ਸਭ ਜੱਗ ਤੇ ਭਾਰੂ,
ਮੂੰਹ ਮਿੱਠੁਆਂ ਦੀ ਖਾਸ ਹੈ ਥਾਂਹ,
ਕੁਨਬਾ ਪਰਵਰੀ ਹਰ ਥਾਂ ਚੱਲਦੀ,
ਗੌਅ ਭੁੰਨਾਂਉਦੈ ਜੋਂ ਠਾਹ ਠਾਹ।

ਸੱਸੀ ਸੋਹਣੀ ਸਾਹਿਬਾਂ ਰਲ ਰੋਵਣ,
ਭੁੰਡ ਆਸ਼ਕ ਹਨ ਪਾਸੇ ਚਾਰੇ,
ਕਰਕੇ ਵਣਜ ਪਰਚਾਉਂਦੇ ਨੇ ਦਿਲ,
ਰਾਂਝੇ ਪੁੰਨੂੰ ਅੱਜਕਲ੍ਹ ਦੇ ਸਾਰੇ।

ਪਾੜੇ ਪੱਟ ਨ ਜੰਡ ਥੱਲੇ ਕੋਈ ਮਰਦੈ,
ਹੁਣ ਨ ਬੇਲੇ ਮੱਝੀਆਂ ਚਾਰੇ,

ਟਾਂਵਾਂ ਟਾਂਵਾਂ ਹਰਾ ਬੂਟਾ ਰਹਿਓ ਗੀ,
ਬਾਹਲੇ ਨੇਤਾਵਾਂ ਵਰਗੇ ਲਾਰੇ।
ਲੜਨ ਸਦਾ ਹੱਕ ਇਨਸਾਫ਼ ਵਾਸਤੇ,
ਸਾਫ਼ ਦਿਲ ਵਾਲੇ ਸਿੱਧੇ ਸਾਦੇ,

ਸਿਰੜ ਸਿਦਕੀ ਤੇ ਪੱਕੀ ਧੁੰਨ ਵਾਲੇ,
ਰੱਖਦੇ ਨੇ ਸਦਾ ਨੇਕ ਇਰਾਦੇ।
ਤੁਰਦੇ ਨੇ ਸੀਸ ਟਿਕਾ ਤਲੀ 'ਤੇ ਜਦ,
ਕਰਦੇ ਪੂਰੇ ਜੋ ਕੀਤੇ ਵਾਅਦੇ,

ਜਾਗਦੀ ਜ਼ਮੀਰ ਦੇ ਵਾਰਿਸ ਹੁੰਦੇ ਨੇ,
ਫਾਂਸੀ ਚੁੰਮਣ ਦੇ ਰੱਖਣ ਮਾਦੇ।
ਚਤੁਰ ਚਲਾਕਾਂ ਦੀ ਦੁਨੀਆਂ ਅੰਦਰ,
ਸ਼ਰਾਫ਼ਤ ਦਾ ਕੋਈ ਮੁੱਲ ਨਹੀਂ,

ਠਗੀ ਠੋਰੀ ਮਾਰ ਲੁੱਟਦੇ ਨੇ ਸਭ ਨੂੰ,
ਜਾਣ ਕਨੂੰਨ ਜੁੱਤੀ ਤੁੱਲ ਨਹੀਂ।
ਝੂਠੇ ਦਾ ਤਖ਼ਤ ਤੇ ਸੱਚੇ ਲਈ ਤਖ਼ਤਾ,
ਕੱਢਦੈ ਜੱਜ ਕਿਉਂ ਖੁੱਲ੍ਹ ਨਹੀਂ,
ਅੰਨ੍ਹੀ ਪੀਹਦੀ ਹੈ ਕੁੱਤਾ ਚੱਕੀ ਚੱਟਦਾ,
ਬੋਲਣ ਦੀ ਪਰ ਖੁੱਲ੍ਹ ਨਹੀਂ।

ਸੇਵਾ ਸਿੰਘ 'ਨੂਰਪੁਰੀ'

.ਗ਼ਜ਼ਲ

ਕਦੇ ਕਦੇ ਤਾਂ ਆਇਆ ਕਰ
ਆ ਕੇ ਮਿਲ-ਗਿਲ ਜਾਇਆ ਕਰ।
ਉਦਾਸ ਜਿਹਾ ਹੋ ਜਾਂਦੈ ਦਿਲ
ਇਸ ਨੂੰ ਆ ਵਰਚਾਇਆ ਕਰ।
ਅੌੜ ਜਿਹੀ ਲੱਗ ਜਾਂਦੀ ਹੈ
ਬੱਦਲੀਏ ਛਹਿਬਰ ਲਾਇਆ ਕਰ।
ਝਾਕੇ ਚੰਨ ਜਿਓਂ ਬੱਦਲਾਂ 'ਚੋਂ
ਏਸ ਤਰ੍ਹਾਂ ਮੁਸਕਰਾਇਆ ਕਰ।
ਸੁੰਨਾ ਜੰਗਲ ਅਰਜ਼ ਕਰੇ
ਨਦੀਏ ਗੀਤ ਸੁਣਾਇਆ ਕਰ।
ਤਨ ਝਾਂਬਾ ਰੂਹ ਨੂੰ ਕਾਂਬਾ
ਵਿੱਛੜ ਕੇ ਨਾ ਲਾਇਆ ਕਰ।
ਰੋਣ-ਧੋਣ ਹੈ ਚਹੁੰ ਪਾਸੀਂ
ਹੱਸਿਆ ਅਤੇ ਹਸਾਇਆ ਕਰ।
ਚੁੱਪ ਦਾ ਜਿੰਦਰਾ ਬਣਿਆ ਹਾਂ
ਤੂੰ ਚਾਬੀ ਬਣ ਜਾਇਆ ਕਰ।
ਦਿਲ ਦੇ ਵਿੱਚ ਰੱਬ ਵਸਦਾ ਹੈ
ਇਹ ਮੰਦਰ ਨਾ ਢਾਇਆ ਕਰ।

ਸ਼ੇਰ ਸਿੰਘ ਕੰਵਲ

ਆਈਨਾ

ਸਾਹਮਣੇ ਨਕਸਾ ਲਟਕਦਾ ਸੰਸਾਰ ਦਾ।
ਥਹੁ-ਪਤਾ ਪਰ ਮਿਲਦਾ ਨਹੀਉਂ ਯਾਰ ਦਾ।
ਲੱਗਦਾ ਸਾਡਾ ਪਤਾ ਹੀ ਹੈ ਭੁੱਲ ਗਿਆ,
ਹਰ ਪਤਾ ਉਹ ਜਾਣਦਾ ਹੈ ਬਾਜਾਰ ਦਾ।
ਕੱਲ ਕਿਧਰੇ ਲੁੱਟ ਕੋਈ ਨਾ ਹੋਈ,
ਅੱਜ ਚਰਚਿਤ ਇਹ ਵਿਸਾ ਅਖਬਾਰ ਦਾ।
ਭੈਣ ਬਣਾ, ਉਹ ਕੁਕਰਮ ਕਰਦਾ ਰਿਹਾ,
ਬੇੜਾ ਡੁੱਬ ਗਿਆ ਹੈ ਇਤਬਾਰ ਦਾ।
ਘਰ ਵਿੱਚੋਂ ਹੀ ਖੁਸੀਆਂ-ਖੇੜੇ ਨਾ ਮਿਲੇ
"ਕਵਿਤਾ" ਨੇ ਕਰਨਾ ਕੀ ਸੰਸਾਰ ਦਾ?

ਸਵਰਨ ਕਵਿਤਾ

ਸੁਣ ਮਿੱਟੀਏ

ਸੁਣ ਮਿੱਟੀਏ ਦੇਸ਼ ਪੰਜਾਬ ਦੀਏ
ਤੈਨੂੰ ਚੁੰਮ ਮੱਥੇ ਨਾਲ ਲਾਵਾਂ ਮੈਂ
ਰਾਤੋਂ ਦਿਨ ਨਾ ਚੜ੍ਹੇ ਉੱਡ ਵਤਨਾਂ ਨੂੰ ਜਾਵਾਂ ਮੈਂ।

ਵਿੱਚ ਮਜਬੂਰੀਆਂ ਦੇ ਅਸੀਂ ਹੋਏ ਪਰਦੇਸੀ
ਜਦੋਂ ਜਾਵਾਂ, ਭੱਜ ਗਲ ਲਾਵਾਂ ਮੈਂ।
ਲੱਭੇ ਨਾ ਕੋਈ ਪਰਦੇਸ 'ਚ ਆਪਣਾ
ਕਿਹਨੂੰ ਦਿਲ ਦਾ ਦਰਦ ਸੁਣਾਵਾਂ ਮੈਂ।

ਸੁੰਨੀਆਂ ਉਡੀਕਣ ਪਿੰਡ ਦੀਆਂ ਗਲੀਆਂ
ਜਿੱਥੇ ਖੇਡਿਆ ਸੀ ਨਾਲ ਚਾਵਾਂ ਮੈਂ।
ਜਾਵਾਂਗੇ ਪਿੰਡ ਰਈਏ ਇੱਕ ਦਿਨ 'ਮਾਨਾ'
ਇਹੀ ਸੋਚ ਕੇ ਵਕਤ ਲੰਘਾਵਾਂ ਮੈਂ।

ਗਿਸ਼ਤਿਆਂ ਦੀ ਤੰਦ
ਜਦ ਪੈਸਾ ਸਿਰ ਚੜ੍ਹ ਬੋਲੇ
ਫਿਰ ਗਿਸ਼ਤਿਆਂ ਦੀ ਤੰਦ ਡੋਲੇ।
ਇੱਥੇ ਕੌਣ ਕਿਸੇ ਨੂੰ ਬੋਲੇ
ਤੇ ਇੱਥੇ ਸੁਣਦਾ ਕੋਈ ਨਾ
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

ਜਿਹਨੂੰ ਸੀਨੇ ਨਾਲ ਸੀ ਲਾਇਆ
ਉਸ ਨੇ ਚੱਕਰ ਈ ਐਸਾ ਚਲਾਇਆ
ਉਹਨੇ ਪਲਟ ਕੇ ਰੱਖਤੀ ਕਾਇਆ
ਜ਼ੋਰ ਚੱਲੇ ਕੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

ਜਦੋਂ ਨਫ਼ਰਤ ਦਾ ਸੱਪ ਡੰਗਦਾ
ਬੰਦਾ ਪਾਣੀ ਵੀ ਨ੍ਹੀਂ ਮੰਗਦਾ।
ਫਿਰ ਬਿਗੁਲ ਜੰਗ ਦਾ ਵੱਜਦਾ
ਕਿਤੇ ਸ਼ਾਂਤੀ ਹੋਈ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।
'ਮਾਨਾ' ਕਾਹਤੋਂ ਝੇਰਾ ਲਾਇਆ
ਆਪੇ ਵੇਖੂ ਜਿਹਨੇ ਬਣਾਇਆ।
ਜਾ ਦੁਖੜਾ ਉਹਨੂੰ ਸੁਣਾਇਆ
ਕਦੇ ਉਦਾਸ ਹੋਈਂ ਨਾ।
ਝੂਠ ਬੋਲ ਕੇ ਜਿੱਤ ਜਾਂਦੇ
ਪਰ ਅੱਗੇ ਮਿਲਦੀ ਢੋਈ ਨਾ।

- ਹਰਮਨਪ੍ਰੀਤ ਸਿੰਘ ਮਾਨ

ਨਾ ਪੜ੍ਹਿਆ ਕਰ

ਬਹੁਤੇ ਚਿਹਰੇ ਨਾ ਪੜ੍ਹਿਆ ਕਰ
ਉੱਡਦੇ ਬਾਜ਼ ਨਾ ਫੜਿਆ ਕਰ
ਕੋਈ ਕਿੱਦਾਂ, ਕੋਈ ਕਿੱਦਾਂ ਦਾ
ਐਵੇਂ ਨਾ ਕਲਮ ਨਾਲ ਲੜਿਆ ਕਰ।
ਕੋਈ ਉੱਤੋਂ ਸਾਫ਼ ਅੰਦਰੋਂ ਕਾਲਾ ਏ
ਜ਼ਿੰਦਗੀ ਵਿੱਚ ਘਾਲਾ ਮਾਲਾ ਏ
ਅਲਫਾਜ਼ ਥੋੜ੍ਹੇ ਜਿਹੇ ਘੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਕੋਈ ਚਿਹਰਾ ਖਾਸ ਤੇ ਕੋਈ ਆਮ ਏ
ਸੁਖਚੈਨ, ਤੋਂ ਤਾਂ ਪਹਿਲਾਂ ਬਦਨਾਮ ਏ
ਅੰਦਰ ਬਿਨਾਂ ਪੁੱਛੇ ਨਾ ਵੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਕੋਈ ਚਿਹਰਾ ਮੁਰਝਾਇਆ ਏ
ਕਿਸੇ ਨੇ ਹਾਸੜ ਪਾਇਆ ਏ
ਚੰਗੀ ਤਰ੍ਹਾਂ ਕਲਮ ਤੂੰ ਫੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਮਜ਼ਾ ਹੀ ਕੁਝ ਹੋਰ ਸੀ!

- ਸੁਖਚੈਨ ਸਿੰਘ

ਗਾਜਲ

ਨਿੱਤ ਹੀ ਕਰਦੈ,ਓਹ ਚਤੁਰਾਈਆਂ,
ਸਾਨੂੰ ਰਮਜਾਂ, ਸਮਝ ਨਾ ਆਈਆਂ।
ਪਹਿਲਾਂ ਬੋਲੇ, ਕੌੜਾ ਕੌੜਾ,
ਫਿਰ ਓਹ ਦਿੰਦਾ, ਫਿਰੇ ਸਫਾਈਆਂ।
ਪਹਿਲਾਂ ਭੇਜੇ, ਉਸ ਗੁਲਦਸਤੇ,
ਫਿਰ ਉਸ ਘਰ ਨੂੰ, ਅੱਗਾਂ ਲਾਈਆਂ।
ਮੌਸਮ ਬੜਾ, ਹੁਸੀਨ ਏ ਅੱਜਕਲ੍ਹ,
ਬੱਦਲੀਆਂ ਵੀ, ਚੜ੍ਹ ਚੜ੍ਹਕੇ ਆਈਆਂ।
ਜਿਸ ਵੀ ਰਸਤੇ, ਰਾਜਨ ਜਾਵੇ,
ਉਸੇ ਰਸਤੇ, ਦਿੱਸਣ ਖਾਈਆਂ।

ਰਾਜਨਦੀਪ ਕੌਰ ਮਾਨ

ਘਰ ਉਦਾਸ ਹੈ

ਘਰ ਬਹੁਤ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।
ਘਰ ਨੂੰ ਜਿੰਦਰੇ ਵੱਜੇ ਨੇ
ਚੁੱਪ ਸੰਨਾਟਾ ਖੱਬੇ ਸੱਜੇ ਨੇ।
ਘਰ ਖਾਲੀ-ਖਾਲੀ ਹੈ
ਕੋਈ ਨਹੀਂ ਵਾਲੀ ਹੈ।
ਇਕੱਠਾ ਰਹਿੰਦਾ ਪਰਿਵਾਰ ਸੀ
ਸਭ ਪਾਸੇ ਮੌਜ ਬਹਾਰ ਸੀ।
ਘਰ 'ਚ ਖੁਸ਼ੀਆਂ ਖੇੜੇ ਸੀ
ਰੌਣਕ ਚਾਰ ਚੁਫ਼ੇਰੇ ਸੀ।
ਹਰਿਆਲੀ ਫੁੱਲ ਬਥੇਰੇ ਸੀ
ਫੁੱਲਾਂ ਵਰਗੇ ਚਿਹਰੇ ਸੀ।
ਬਾਲਾਂ ਦੀ ਟੁਣਕਾਰ ਸੀ
ਬਜ਼ੁਰਗਾਂ ਨਾਲ ਸੰਸਾਰ ਸੀ।
ਜੀਆਂ ਨਾਲ ਹੀ ਘਰ ਹੈ
ਖੁੱਲ੍ਹਾ ਰਹਿੰਦਾ ਦਰ ਹੈ।
ਘਰ ਬਣਨਾ ਰਮਣੀਕ ਹੈ
ਜੀਆਂ ਦੀ ਉਡੀਕ ਹੈ।
ਘਰ ਸੱਦੇ ਘਰ ਆਓ
ਰੌਣਕ ਫਿਰ ਲਗਾਓ।
ਹਾਲੇ ਘਰ ਉਦਾਸ ਹੈ
ਕੋਈ ਗੱਲ ਤਾਂ ਖਾਸ ਹੈ।
ਲੋਕ ਮਨਾਂ ਦੀ ਜੇਤੂ
ਹੱਕ ਸੱਚ ਇਨਸਾਫ਼ ਦਬਾਉਂਦੇ
ਜਾਬਰ ਟੋਲੇ ਪਾਏ ਘੇਰੇ ਨੇ।
ਜਬਰ ਜ਼ੁਲਮ ਤੇ ਸਾਜ਼ਿਸ਼ੀ ਚਾਲਾਂ
ਹੋ ਰਹੀਆਂ ਚਾਰ ਚੁਫ਼ੇਰੇ ਨੇ।
ਗ੍ਰਾਮਾਂ ਵਾਲੀ ਖੇਡ, ਖੇਡ ਕੇ
ਖਾਹਿਸ਼ਾਂ ਨੂੰ ਦਫ਼ਨਾਇਆ।
ਦੇਸ਼ ਧ੍ਰੋਹੀ ਬਣ ਬੈਠੇ ਨੇ
ਜਿਨ੍ਹਾਂ ਜਾਲ ਵਿਛਾਇਆ।
ਬੇਈਮਾਨ ਤਾਂ ਬਹੁਤ ਨੇ ਵੇਖੇ
ਐਨਾ ਵੀ ਕੋਈ ਹੋ ਨਹੀਂ ਸਕਦਾ।
ਬਾਹੂ-ਬਲ 'ਤੇ ਜਿੱਤਿਆ ਮੈਡਲ
ਇੱਦਾਂ ਵੀ ਕੋਈ ਖੋਹ ਨਹੀਂ ਸਕਦਾ।
ਤੂੰ ਸੱਤਾ ਦੇ ਸਾਹਵੇਂ ਖੜ੍ਹ ਗਈ
ਤੇ ਡਟ ਕੇ ਲੜੀ ਲੜਾਈ।
ਜਾਬਰ ਨੂੰ ਤੂੰ ਪਾਈ ਭਾਜੜ
ਤੂੰ ਹੈਂ ਇਨਸਾਫ਼ ਦੀ ਜਾਈ।
ਸੰਘਰਸ਼ ਤੇਰਾ ਹੈ ਨਾਇਕਾਂ ਵਾਲਾ
ਤੇਰਾ ਨਾਮ ਲੋਕਾਂ ਨੇ ਦੱਸਦੇ ਰਹਿਣਾ।
ਤੂੰ ਹੈਂ ਲੋਕ ਮਨਾਂ ਦੀ ਜੇਤੂ ਧੀਏ
ਲੋਕ ਮਨਾਂ ਵਿੱਚ ਵੱਸਦੇ ਰਹਿਣਾ।

- ਹਰਪਾਲ ਸਿੰਘ ਨਾਗਰਾ

ਆਹ ਲੈ ਮਾਏ

ਆਹ ਲੈ ਮਾਏ ਸਾਂਭ ਕੁੰਜੀਆਂ,
ਮੁੱਕੀ ਪਿੰਡ ਦੇ ਸਿਵੇ 'ਚੋਂ ਸਾਂਝ ਮੇਰੀ।
ਉਦਾਸ ਗੀਟੇ, ਗੁੱਡੀਆਂ, ਪਟੋਲੇ,
ਡੋਲੀ ਤੋਰ ਬਾਬਲੇ ਨੇ ਢਾਹੀ ਢੇਰੀ।
ਪੁੱਤਰ ਮੂਲ ਧਨ, ਧੀ ਪਰਾਇਆ,
ਧੀ ਬਿਗਾਨੀ ਆਖ ਸੱਸ ਨੇ ਘੇਰੀ।
ਖੁਸ਼ੀ ਵਸਣ ਰੱਬਾ, ਮੇਰੇ ਪੇਕੜੇ
ਮੇਰੀ ਕੁਦੇਸਣ ਦੀ ਵਾਟ ਲੰਮੇਰੀ।
ਬੰਗਲਾ ਉਸ ਦਾ, ਕੋਠੀ ਵੀਰ ਦੀ,
ਅੰਮੀਏ ਛੱਤ ਤੇਰੀ ਨਾ ਮੇਰੀ।
ਮਾਪਿਆਂ ਤੋਰੀ, ਘਰ ਦਾ ਮੋਇਆ
ਬਾਤ ਪੁੱਛੀ ਨਾ ਪੁੱਤਾਂ ਮੇਰੀ।
ਨਾਨਕ ਬੋਲੇ, ਹੱਕ ਵਿੱਚ ਨਾਰੀ
ਹੋਈ ਰਬਾਬ ਦੀ ਤਾਨ ਲੰਮੇਰੀ।
ਬਾਬਾ ਨਾਨਕ ਤੁਸੀਂ ਪਾ ਜਾਓ ਫੇਰੀ,
ਧੀ ਰੋਵੇ ਤੇ ਤੱਕੇ ਰਾਹ ਤੇਰੀ।
ਵਾਰਿਸ ਸ਼ਾਹ, ਦੇਖ ਧੀ ਵਹਾਉਂਦੀ ਹੰਝੂ,
ਕਿਉਂ ਕਲਮ ਨਾ ਬੋਲੇ ਤੇਰੀ?
ਨਾਜ਼ ਕਰੇ, ਜੰਮੀਆਂ 'ਤੇ ਆਲਮ
ਗੱਲ ਰਹੀ ਨਾ ਚੌਹਾਨ ਵੱਸ ਤੇਰੀ

- ਗੁਰਨਾਮ ਸਿੰਘ ਚੌਹਾਨ

ਲਕੀਰ ਕੁੱਟਣ ਵਾਲੇ !

ਸਮਾਂ ਰਹਿੰਦਿਆਂ ਸੋਚ ਵਿਚਾਰ ਕਰਨੀ
ਐਸੀ 'ਅਕਲ' ਨੂੰ ਪਰੇ ਹੀ ਸੁੱਟਦੇ ਹਾਂ।
ਜਿਊਂਦੇ ਚੰਗੇ ਦੀ ਕਦਰ ਨਾ ਕਰੇ ਕੋਈ
ਉਸਦੇ ਮਰੇ ਤੋਂ ਮਗਰੋਂ ਫਿਰ ਬੁੱਕਦੇ ਹਾਂ।

ਸੈਹਾ ਲੰਘੇ ਤੋਂ ਬਾਅਦ ਜਦ ਗਾਹ ਪੈਂਦਾ
ਫੇਰ 'ਵਾੜ' ਬਣਾਉਣ ਲਈ ਜੁੱਟਦੇ ਹਾਂ।
ਕਿਸੇ ਮਸਲੇ 'ਤੇ ਹੋਣ ਜਦ 'ਕੱਠ ਕਿਧਰੇ
ਖੁਦ ਦੇ ਲਈ ਮਸ਼ਹੂਰੀਆਂ ਲੁੱਟਦੇ ਹਾਂ।

ਵਧੀਆ ਲੱਗੇ ਜੋ 'ਤੱਤੀਆਂ' ਕਰੇ ਗੱਲਾਂ
ਸਿਆਣੇ ਰਾਹਾਂ 'ਤੇ ਤੁਰਨ ਤੋਂ ਉੱਕਦੇ ਹਾਂ।
ਲੰਘੇ ਸੱਪ ਤੋਂ 'ਲਾਠੀਆਂ' ਕੱਢ ਲਈਏ
ਪਿੱਛੇ ਰਹਿ ਗਈ ਲਕੀਰ ਨੂੰ ਕੁੱਟਦੇ ਹਾਂ!

-ਤਰਲੋਚਨ ਸਿੰਘ ਦੁਪਾਲ ਪੁਰ
001-408-905-5517

ਆ ਦੋ ਗੱਲਾਂ ਕਰੀਏ

ਕੇਹੀ ਐਨਕ ਕੌਮਾਂਤਰੀ ਮਾਰਕਾ!
ਨੇੜਲੀ ਪਛਾਣ ਭੁੱਲ ਗਈ
ਗੱਲ ਦੁਨੀਆਂ ਤੋਂ ਥੱਲੇ ਨਹੀਓਂ ਕਰਦਾ
ਉਹ ਜਾਣੇ ਨਾ ਖ਼ਬਰ ਪਿੰਡ ਦੀ
ਵੇਖ ਨੱਪ ਲਈ ਉਡਾਗੀ ਤੇਰੀ
ਚੋਗਾ ਪਾ ਕੇ ਆਟੇ ਦਾਲ ਦਾ
ਗਿੱਟੇ ਛਾਂਗਦੇ ਨੇ ਆਪਣੇ ਭਰਾਵਾਂ ਦੇ
ਏਕੇ ਦੇ ਜੈਕਾਰੇ ਛੱਡਦੇ
ਮੱਖੀ ਮੱਛਰ ਲਈ 'ਜੀ ਆਇਆਂ'
ਲੋਕਾਂ ਦੇ ਲਈ ਬੂਹੇ ਭੇੜ ਦੇ
ਰੰਗ ਚਿੱਟੇ ਨਾਲੋਂ ਗੋਰਾ ਚੰਗਾ ਲੱਗਦਾ
ਭਗਵੇਂ ਤੋਂ ਚਿੱਟਾ ਫੱਬਦਾ
ਆਪੇ ਠੋਕਦੇ ਗਵਾਹੀ ਦਮਿੱਤਰੋਵ ਦੀ
ਗੱਡੇ ਨਾਲ ਕੱਟਾ ਬੰਨ੍ਹ ਕੇ
ਗਧੀ ਗੇੜ ਦੀ ਬਿਮਾਰੀ ਚੰਦਰੀ
ਰੋਗੀ ਹੋ ਗਏ ਵੈਦ ਦੇਸ਼ ਦੇ
'ਵਾਜਾਂ ਮਾਰਦੇ ਤਰਕਸ਼ੀਲ ਤੈਨੂੰ
ਤੂੰ ਰੁਕ ਜਰਾ ਗੱਲ ਸੁਣ ਜਾ
ਇਸ ਰੋਗ ਦੀ ਦਵਾ ਕੋਲ ਤੇਰੇ
ਕਿਉਂ ਹੱਟੀ ਹੱਟੀ ਪੁੱਛਦਾ ਫਿਰੇਂ
ਏਕਾ ਘੋਲ ਕੇ ਘੋਲਾਂ ਵਿਚ ਪੀ ਲੈ
ਤੇ ਦੋ ਬੂੰਦ ਸੰਗਰਾਮ ਦੇ
ਜਿੰਦੇ ਦੁੱਖਾਂ ਤੋਂ ਮਿਲੂ ਛੁਟਕਾਰਾ
ਲੰਮੀ ਵਾਟ ਮੰਜ਼ਲਾਂ ਦੀ
ਜਿੰਦੇ ਚੱਲੀਏ ਨੀ ਲੰਮੇ ਚਾਲੇ ਚੱਲੀਏ
ਨੀ ਮੁਕਤੀ ਦਾ ਮੁੱਖ ਚੁੰਮਣਾ।

-ਅਮੋਲਕ ਸਿੰਘ

.ਗ਼ਜ਼ਲ

ਕਦੇ ਕਦੇ ਤਾਂ ਆਇਆ ਕਰ
ਆ ਕੇ ਮਿਲ-ਗਿਲ ਜਾਇਆ ਕਰ।
ਉਦਾਸ ਜਿਹਾ ਹੋ ਜਾਂਦੈ ਦਿਲ
ਇਸ ਨੂੰ ਆ ਵਰਚਾਇਆ ਕਰ।
ਅੌੜ ਜਿਹੀ ਲੱਗ ਜਾਂਦੀ ਹੈ
ਬੱਦਲੀਏ ਛਹਿਬਰ ਲਾਇਆ ਕਰ।
ਝਾਕੇ ਚੰਨ ਜਿਓਂ ਬੱਦਲਾਂ 'ਚੋਂ
ਏਸ ਤਰ੍ਹਾਂ ਮੁਸਕਰਾਇਆ ਕਰ।
ਸੁੰਨਾ ਜੰਗਲ ਅਰਜ਼ ਕਰੇ
ਨਦੀਏ ਗੀਤ ਸੁਣਾਇਆ ਕਰ।
ਤਨ ਝਾਂਬਾ ਰੂਹ ਨੂੰ ਕਾਂਬਾ
ਵਿੱਛੜ ਕੇ ਨਾ ਲਾਇਆ ਕਰ।
ਰੋਣ-ਧੋਣ ਹੈ ਚਹੁੰ ਪਾਸੀਂ
ਹੱਸਿਆ ਅਤੇ ਹਸਾਇਆ ਕਰ।
ਚੁੱਪ ਦਾ ਜਿੰਦਰਾ ਬਣਿਆ ਹਾਂ
ਤੂੰ ਚਾਬੀ ਬਣ ਜਾਇਆ ਕਰ।
ਦਿਲ ਦੇ ਵਿੱਚ ਰੱਬ ਵਸਦਾ ਹੈ
ਇਹ ਮੰਦਰ ਨਾ ਢਾਇਆ ਕਰ।

ਸ਼ੇਰ ਸਿੰਘ ਕੰਵਲ

ਆਈਆਈਟੀ ਨੂੰ ਵਿਲੱਖਣ ਕੀ ਬਣਾਉਂਦਾ ਹੈ? ਭਾਰਤੀ ਯੂਨੀਵਰਸਿਟੀਆਂ ਲਈ ਸਿੱਖਣਯੋਗ ਸਬਕ

ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਅੱਜ ਇੱਕ ਮਹੱਤਵਪੂਰਨ ਮੋੜ 'ਤੇ ਖੜ੍ਹੀ ਹੈ। ਦੇਸ਼ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਤੱਕ ਸਿੱਖਿਆ ਦੀ ਪਹੁੰਚ ਵਧਾਉਣ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ, ਪਰ ਸਿੱਖਿਆ ਦੀ ਗੁਣਵੱਤਾ, ਖੋਜ, ਰੁਜ਼ਗਾਰਯੋਗਤਾ ਅਤੇ ਨਵੀਨਤਾ ਨਾਲ ਜੁੜੀਆਂ ਚੁਣੌਤੀਆਂ ਅਜੇ ਵੀ ਮੌਜੂਦ ਹਨ। ਅਜਿਹੇ ਸਮੇਂ ਵਿੱਚ ਭਾਰਤੀ ਤਕਨਾਲੋਜੀ ਸੰਸਥਾਨ (ਆਈਆਈਟੀ) ਉਨ੍ਹਾਂ ਯੂਨੀਵਰਸਿਟੀਆਂ ਲਈ ਪ੍ਰੇਰਣਾਦਾਇਕ ਉਦਾਹਰਨ ਪੇਸ਼ ਕਰਦੇ ਹਨ, ਜੋ ਆਪਣੇ ਅਕਾਦਮਿਕ ਮਿਆਰਾਂ ਨੂੰ ਉੱਚਾ ਚੁੱਕਣਾ ਅਤੇ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਬਦਲ ਰਹੀ ਦੁਨੀਆ ਲਈ ਤਿਆਰ ਕਰਨਾ ਚਾਹੁੰਦੀਆਂ ਹਨ।

ਆਈਆਈਟੀ ਦੀ ਵਿਸ਼ੇਸ਼ਤਾ ਸਿਰਫ਼ ਉਨ੍ਹਾਂ ਦੇ ਪ੍ਰਸਿੱਧ ਨਾਂ ਜਾਂ ਔਖੀਆਂ ਦਾਖ਼ਲਾ ਪ੍ਰੀਖਿਆਵਾਂ ਤੱਕ ਸੀਮਿਤ ਨਹੀਂ ਹੈ। ਉਨ੍ਹਾਂ ਦੀ ਪਛਾਣ ਪਾਰਦਰਸ਼ੀ ਚੋਣ ਪ੍ਰਕਿਰਿਆ, ਉੱਚ ਅਕਾਦਮਿਕ ਮਿਆਰਾਂ, ਤਜਰਬੇਕਾਰ ਅਧਿਆਪਕਾਂ, ਖੋਜ ਦੇ ਮੌਕਿਆਂ, ਸੰਸਥਾਗਤ ਖ਼ੁਦਮੁਖ਼ਤਿਆਰੀ, ਉਦਯੋਗਾਂ ਨਾਲ ਸਹਿਯੋਗ ਅਤੇ ਸਮੱਸਿਆਵਾਂ ਦੇ ਹੱਲ ਲੱਭਣ ਦੀ ਸੰਸਕ੍ਰਿਤੀ ਨਾਲ ਬਣੀ ਹੈ। ਹਾਲਾਂਕਿ ਆਈਆਈਟੀ ਵੀ ਆਪਣੀਆਂ ਚੁਣੌਤੀਆਂ ਤੋਂ ਮੁਕਤ ਨਹੀਂ ਹਨ, ਫਿਰ ਵੀ ਉਨ੍ਹਾਂ ਦੀ ਸਿੱਖਿਆ ਪ੍ਰਣਾਲੀ ਦੀਆਂ ਕਈ ਵਿਸ਼ੇਸ਼ਤਾਵਾਂ ਭਾਰਤ ਦੀ ਉੱਚ ਸਿੱਖਿਆ ਵਿੱਚ ਸਾਰਥਕ ਸੁਧਾਰਾਂ ਲਈ ਰਾਹ ਦਿਖਾ ਸਕਦੀਆਂ ਹਨ।

ਅਕਾਦਮਿਕ ਉੱਤਮਤਾ ਦੀ ਸੰਸਕ੍ਰਿਤੀ : ਆਈਆਈਟੀ ਦੀਆਂ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਹੈ ਅਕਾਦਮਿਕ ਗੰਭੀਰਤਾ ਅਤੇ ਗੁਣਵੱਤਾ 'ਤੇ ਜ਼ੋਰ। ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਸ਼ਿਆਂ ਨੂੰ ਡੂੰਘਾਈ ਨਾਲ ਸਮਝਣ, ਆਪਣੇ ਗਿਆਨ ਦੀ ਵਰਤੋਂ ਨਵੀਆਂ ਸਥਿਤੀਆਂ ਵਿੱਚ ਕਰਨ ਅਤੇ ਸੁਤੰਤਰ ਸੋਚਣ ਦੀ ਸਮਰੱਥਾ ਵਿਕਸਿਤ ਕਰਨ। ਇੱਥੇ ਸਿੱਖਿਆ ਦਾ ਮਕਸਦ ਸਿਰਫ਼ ਕਿਤਾਬਾਂ ਯਾਦ ਕਰਨਾ ਜਾਂ ਪ੍ਰੀਖਿਆਵਾਂ ਵਿੱਚ ਜਾਣਕਾਰੀ ਦੁਹਰਾਉਣਾ ਨਹੀਂ ਹੈ।

ਇਸ ਦੇ ਉਲਟ, ਕਈ ਯੂਨੀਵਰਸਿਟੀਆਂ ਵਿੱਚ ਅਜੇ ਵੀ ਪੁਰਾਣੇ ਪਾਠਕ੍ਰਮਾਂ, ਲੈਕਚਰ-ਆਧਾਰਿਤ ਪੜ੍ਹਾਈ ਅਤੇ ਰੱਟੇ ਨੂੰ ਮਹੱਤਵ ਦੇਣ ਵਾਲੀਆਂ ਪ੍ਰੀਖਿਆਵਾਂ ਦਾ ਪ੍ਰਭਾਵ ਹੈ। ਅਜਿਹੀਆਂ ਪ੍ਰਣਾਲੀਆਂ ਵਿਦਿਆਰਥੀਆਂ ਨੂੰ ਡਿਗਰੀਆਂ ਤਾਂ ਦਿਵਾ ਸਕਦੀਆਂ ਹਨ, ਪਰ ਵਿਸ਼ਲੇਸ਼ਣਾਤਮਕ ਸੋਚ ਅਤੇ ਵਿਹਾਰਕ ਯੋਗਤਾ ਵਿਕਸਿਤ ਕਰਨ ਵਿੱਚ ਹਮੇਸ਼ਾ ਸਫਲ ਨਹੀਂ ਹੁੰਦੀਆਂ।

ਯੂਨੀਵਰਸਿਟੀਆਂ ਨੂੰ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਬਦਲਾਅ ਕਰਕੇ ਸਵਾਲ ਪੁੱਛਣ, ਵਿਚਾਰ-ਵਟਾਂਦਰੇ, ਪ੍ਰਯੋਗਾਂ ਅਤੇ ਪ੍ਰੋਜੈਕਟ-ਆਧਾਰਿਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਦੇਸ਼ ਇਹ ਹੋਣਾ ਚਾਹੀਦਾ ਹੈ ਕਿ ਵਿਦਿਆਰਥੀ ਸਿਰਫ਼ ਇਹ ਨਾ ਜਾਣਨ ਕਿ ਕੀ ਸਿੱਖਣਾ ਹੈ, ਸਗੋਂ ਇਹ ਵੀ ਸਮਝਣ ਕਿ ਸਿੱਖੇ ਹੋਏ ਗਿਆਨ ਨੂੰ ਅਸਲ ਜੀਵਨ ਵਿੱਚ ਕਿਵੇਂ ਵਰਤਣਾ ਹੈ।

ਯੋਗ ਅਧਿਆਪਕ ਅਤੇ ਨਿਰੰਤਰ ਵਿਕਾਸ : ਅਧਿਆਪਕ ਹਰ ਸਫਲ ਸਿੱਖਿਆ ਸੰਸਥਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਆਈਆਈਟੀ ਦੇ ਅਧਿਆਪਕ ਪੜ੍ਹਾਉਣ ਦੇ ਨਾਲ-ਨਾਲ ਖੋਜ, ਅਕਾਦਮਿਕ ਪ੍ਰਕਾਸ਼ਨ ਅਤੇ ਤਕਨੀਕੀ ਨਵੀਨਤਾ ਵਿੱਚ ਵੀ ਯੋਗਦਾਨ ਪਾਉਂਦੇ ਹਨ। ਇੱਕ ਮਜ਼ਬੂਤ ਅਕਾਦਮਿਕ ਮਾਹੌਲ ਉਨ੍ਹਾਂ ਨੂੰ ਆਪਸੀ ਸਹਿਯੋਗ, ਨਵੇਂ ਪ੍ਰਯੋਗਾਂ ਅਤੇ ਪੇਸ਼ੇਵਰ ਵਿਕਾਸ ਦੇ ਮੌਕੇ ਪ੍ਰਦਾਨ ਕਰਦਾ ਹੈ।

ਭਾਰਤੀ ਯੂਨੀਵਰਸਿਟੀਆਂ ਨੂੰ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਮਜ਼ਬੂਤ ਅਤੇ ਪਾਰਦਰਸ਼ੀ ਬਣਾਉਣੀ ਚਾਹੀਦੀ ਹੈ। ਅਧਿਆਪਕਾਂ ਲਈ ਨਿਯਮਤ ਸਿਖਲਾਈ ਅਤੇ ਆਪਣੇ ਗਿਆਨ ਨੂੰ ਸਮੇਂ ਦੇ ਅਨੁਕੂਲ ਬਣਾਉਣ ਦੇ ਮੌਕੇ ਉਪਲਬਧ ਹੋਣੇ ਚਾਹੀਦੇ ਹਨ। ਭਰਤੀ ਵਿੱਚ ਅਕਾਦਮਿਕ ਯੋਗਤਾ, ਪੜ੍ਹਾਉਣ ਦੀ ਸਮਰੱਥਾ ਅਤੇ ਖੋਜ ਦੀ ਸੰਭਾਵਨਾ ਨੂੰ ਉਚਿਤ ਮਹੱਤਵ ਮਿਲਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਅਧਿਆਪਕਾਂ ਦੇ ਕੰਮ ਦਾ ਮੁਲਾਂਕਣ ਸਿਰਫ਼ ਖੋਜ-ਪੱਤਰਾਂ ਦੀ ਗਿਣਤੀ ਜਾਂ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਦੇ ਆਧਾਰ 'ਤੇ ਨਹੀਂ ਹੋਣਾ ਚਾਹੀਦਾ। ਪ੍ਰਭਾਵਸ਼ਾਲੀ ਅਧਿਆਪਨ, ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣਾ, ਕਲਾਸਰੂਮ ਵਿੱਚ ਨਵੇਂ ਤਰੀਕੇ ਅਪਣਾਉਣਾ ਅਤੇ ਗੁਣਵੱਤਾਪੂਰਨ ਖੋਜ ਵੀ ਬਰਾਬਰ ਮਹੱਤਵ ਰੱਖਦੇ ਹਨ।

ਖੋਜ ਨੂੰ ਬਣਾਉਣਾ ਹੋਵੇਗਾ ਤਰਜੀਹ : ਪ੍ਰਮੁੱਖ ਤਕਨੀਕੀ ਸੰਸਥਾਵਾਂ ਤੋਂ ਮਿਲਣ ਵਾਲਾ ਇੱਕ ਵੱਡਾ ਸਬਕ ਇਹ ਹੈ ਕਿ ਯੂਨੀਵਰਸਿਟੀਆਂ ਸਿਰਫ਼ ਮੌਜੂਦਾ ਗਿਆਨ ਦਾ ਪ੍ਰਸਾਰ ਕਰਨ ਵਾਲੇ ਕੇਂਦਰ ਨਾ ਰਹਿਣ, ਸਗੋਂ ਨਵੇਂ ਗਿਆਨ ਦੀ ਸਿਰਜਣਾ ਦੇ ਕੇਂਦਰ ਵੀ ਬਣਨ।

ਖੋਜ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਅਣਸੁਲਝੇ ਸਵਾਲਾਂ ਦੀ ਪੜਚੋਲ ਕਰਨ, ਨਵੀਆਂ ਤਕਨੀਕਾਂ ਵਿਕਸਿਤ ਕਰਨ ਅਤੇ ਰਾਸ਼ਟਰੀ ਤੇ ਵਿਸ਼ਵ ਪੱਧਰੀ ਸਮੱਸਿਆਵਾਂ ਦੇ ਹੱਲ ਵਿੱਚ ਯੋਗਦਾਨ ਪਾਉਣ ਦਾ ਮੌਕਾ ਦਿੰਦੀ ਹੈ। ਪਰ ਕਈ ਸੰਸਥਾਵਾਂ ਵਿੱਚ ਲੋੜੀਂਦੀਆਂ ਪ੍ਰਯੋਗਸ਼ਾਲਾਵਾਂ, ਖੋਜ ਲਈ ਫੰਡਾਂ, ਮਾਰਗਦਰਸ਼ਨ ਅਤੇ ਖੋਜ ਨੂੰ ਵਿਹਾਰਕ ਲੋੜਾਂ ਨਾਲ ਜੋੜਨ ਦੀ ਘਾਟ ਹੈ।

ਯੂਨੀਵਰਸਿਟੀਆਂ ਨੂੰ ਖੋਜ ਸਮੂਹ, ਬਹੁ-ਵਿਸ਼ਿਆਈ ਪ੍ਰਯੋਗਸ਼ਾਲਾਵਾਂ, ਗ੍ਰੈਜੂਏਟ ਪੱਧਰ ਦੇ ਖੋਜ ਪ੍ਰੋਗਰਾਮ ਅਤੇ ਵਿਗਿਆਨਕ ਸੰਸਥਾਵਾਂ ਨਾਲ ਸਾਂਝੇਦਾਰੀ ਵਿਕਸਿਤ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੇ ਸ਼ੁਰੂਆਤੀ ਪੜਾਅ ਤੋਂ ਹੀ ਖੋਜ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਖੋਜ ਦੀਆਂ ਤਰਜੀਹਾਂ ਭਾਰਤ ਦੀਆਂ ਅਸਲ ਲੋੜਾਂ ਨਾਲ ਵੀ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਸਾਫ਼ ਊਰਜਾ, ਸਸਤੀਆਂ ਸਿਹਤ ਸੇਵਾਵਾਂ, ਖੇਤੀਬਾੜੀ ਉਤਪਾਦਕਤਾ, ਪਾਣੀ ਦੀ ਸੰਭਾਲ, ਜਲਵਾਯੂ ਪਰਿਵਰਤਨ ਅਤੇ ਆਮ ਲੋਕਾਂ ਲਈ ਪਹੁੰਚਯੋਗ ਡਿਜੀਟਲ ਤਕਨਾਲੋਜੀ ਅਜਿਹੇ ਖੇਤਰ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀਆਂ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ।

ਸਿੱਖਿਆ ਅਤੇ ਉਦਯੋਗਾਂ ਵਿਚਕਾਰ ਮਜ਼ਬੂਤ ਸੰਬੰਧ : ਆਈਆਈਟੀ ਨੇ ਖੋਜ ਸਹਿਯੋਗ, ਇੰਟਰਨਸ਼ਿਪ, ਸਲਾਹਕਾਰੀ ਸੇਵਾਵਾਂ, ਉੱਦਮਤਾ ਅਤੇ ਤਕਨਾਲੋਜੀ ਦੇ ਤਬਾਦਲੇ ਰਾਹੀਂ ਉਦਯੋਗਾਂ ਨਾਲ ਮਜ਼ਬੂਤ ਸੰਬੰਧ ਵਿਕਸਿਤ ਕੀਤੇ ਹਨ। ਇਸ ਨਾਲ ਵਿਦਿਆਰਥੀਆਂ ਨੂੰ ਸਮਝ ਆਉਂਦੀ ਹੈ ਕਿ ਅਕਾਦਮਿਕ ਗਿਆਨ ਦੀ ਵਰਤੋਂ ਅਸਲ ਸਮੱਸਿਆਵਾਂ ਦੇ ਹੱਲ ਲਈ ਕਿਵੇਂ ਕੀਤੀ ਜਾ ਸਕਦੀ ਹੈ।

ਇਸ ਦੇ ਉਲਟ, ਕਈ ਯੂਨੀਵਰਸਿਟੀਆਂ ਦੇ ਗ੍ਰੈਜੂਏਟਾਂ ਨੂੰ ਨੌਕਰੀ ਮਿਲਣ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀਆਂ ਡਿਗਰੀਆਂ ਉਨ੍ਹਾਂ ਨੂੰ ਕੰਮਕਾਜ ਦੀਆਂ ਅਸਲ ਲੋੜਾਂ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਕਰ ਸਕੀਆਂ। ਕਲਾਸਰੂਮ ਵਿੱਚ ਸਿੱਖੇ ਗਿਆਨ ਅਤੇ ਕੰਮਕਾਜ ਦੀਆਂ ਲੋੜਾਂ ਵਿਚਕਾਰਲਾ ਪਾੜਾ ਅਜੇ ਵੀ ਚਿੰਤਾ ਦਾ ਵਿਸ਼ਾ ਹੈ।

ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਯੂਨੀਵਰਸਿਟੀਆਂ ਨੂੰ ਪਾਠਕ੍ਰਮ ਤਿਆਰ ਕਰਨ ਵਿੱਚ ਉਦਯੋਗ ਮਾਹਿਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਵਿਵਸਥਿਤ ਇੰਟਰਨਸ਼ਿਪ ਦੇ ਮੌਕੇ ਦੇਣੇ ਚਾਹੀਦੇ ਹਨ ਅਤੇ ਅਸਲ ਜੀਵਨ ਦੀਆਂ ਸਮੱਸਿਆਵਾਂ 'ਤੇ ਆਧਾਰਿਤ ਪ੍ਰੋਜੈਕਟਾਂ ਨੂੰ ਪੜ੍ਹਾਈ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸੰਚਾਰ-ਕੁਸ਼ਲਤਾ, ਟੀਮਵਰਕ, ਡਿਜੀਟਲ ਸਾਖਰਤਾ, ਆਲੋਚਨਾਤਮਕ ਸੋਚ ਅਤੇ ਨੈਤਿਕ ਫ਼ੈਸਲੇ ਲੈਣ ਦੀ ਸਮਰੱਥਾ ਹਰ ਵਿਸ਼ੇ ਦੀ ਪੜ੍ਹਾਈ ਦਾ ਅਟੁੱਟ ਹਿੱਸਾ ਹੋਣੀ ਚਾਹੀਦੀ ਹੈ।

ਉਦਯੋਗਾਂ ਨਾਲ ਸਹਿਯੋਗ ਦਾ ਅਰਥ ਯੂਨੀਵਰਸਿਟੀਆਂ ਨੂੰ ਸਿਰਫ਼ ਕੰਪਨੀਆਂ ਦੀਆਂ ਤੁਰੰਤ ਲੋੜਾਂ ਪੂਰੀਆਂ ਕਰਨ ਵਾਲੇ ਸਿਖਲਾਈ ਕੇਂਦਰ ਬਣਾ ਦੇਣਾ ਨਹੀਂ ਹੈ। ਇਸ ਦਾ ਮਕਸਦ ਅਕਾਦਮਿਕ ਸੁਤੰਤਰਤਾ ਅਤੇ ਸਿੱਖਿਆ ਦੇ ਵਿਆਪਕ ਸਮਾਜਿਕ ਉਦੇਸ਼ਾਂ ਨੂੰ ਕਾਇਮ ਰੱਖਦਿਆਂ ਵਿਹਾਰਕ ਸਿੱਖਿਆ ਨੂੰ ਮਜ਼ਬੂਤ ਕਰਨਾ ਹੋਣਾ ਚਾਹੀਦਾ ਹੈ।

ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹ : ਨਵੀਨਤਾ ਉਸ ਮਾਹੌਲ ਵਿੱਚ ਵਧਦੀ-ਫੁੱਲਦੀ ਹੈ, ਜਿੱਥੇ ਵਿਦਿਆਰਥੀਆਂ ਨੂੰ ਪ੍ਰਯੋਗ ਕਰਨ, ਪੁਰਾਣੀਆਂ ਧਾਰਨਾਵਾਂ 'ਤੇ ਸਵਾਲ ਉਠਾਉਣ ਅਤੇ ਅਸਫਲਤਾਵਾਂ ਤੋਂ ਸਿੱਖਣ ਦੀ ਆਜ਼ਾਦੀ ਮਿਲਦੀ ਹੈ। ਆਈਆਈਟੀ ਨੇ ਅਜਿਹਾ ਮਾਹੌਲ ਸਿਰਜਣ ਵਿੱਚ ਯੋਗਦਾਨ ਪਾਇਆ ਹੈ, ਜਿੱਥੇ ਇੰਜੀਨੀਅਰਿੰਗ ਦਾ ਗਿਆਨ ਸਟਾਰਟਅੱਪ, ਨਵੇਂ ਉਤਪਾਦਾਂ ਅਤੇ ਤਕਨਾਲੋਜੀ-ਆਧਾਰਿਤ ਕਾਰੋਬਾਰਾਂ ਦਾ ਰੂਪ ਲੈ ਸਕਦਾ ਹੈ।

ਯੂਨੀਵਰਸਿਟੀਆਂ ਨਵੀਨਤਾ ਪ੍ਰਯੋਗਸ਼ਾਲਾਵਾਂ, ਇਨਕਿਊਬੇਸ਼ਨ ਕੇਂਦਰ, ਉੱਦਮਤਾ ਕਲੱਬ ਅਤੇ ਮਾਰਗਦਰਸ਼ਨ ਪ੍ਰੋਗਰਾਮ ਸਥਾਪਤ ਕਰਕੇ ਇਸ ਦਿਸ਼ਾ ਵਿੱਚ ਅੱਗੇ ਵਧ ਸਕਦੀਆਂ ਹਨ। ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਦੇ ਨਮੂਨੇ ਤਿਆਰ ਕਰਨ ਅਤੇ ਅਸਲ ਹਾਲਾਤਾਂ ਵਿੱਚ ਉਨ੍ਹਾਂ ਦੀ ਉਪਯੋਗਤਾ ਪਰਖਣ ਦੇ ਮੌਕੇ ਮਿਲਣੇ ਚਾਹੀਦੇ ਹਨ।

ਇਹ ਸਮਝਣਾ ਵੀ ਜ਼ਰੂਰੀ ਹੈ ਕਿ ਨਵੀਨਤਾ ਸਿਰਫ਼ ਇੰਜੀਨੀਅਰਿੰਗ ਜਾਂ ਕੰਪਿਊਟਰ ਵਿਗਿਆਨ ਤੱਕ ਸੀਮਿਤ ਨਹੀਂ ਹੈ। ਖੇਤੀਬਾੜੀ, ਮੈਡੀਕਲ, ਮਨੁੱਖੀ ਵਿਸ਼ਿਆਂ, ਸਮਾਜਿਕ ਵਿਗਿਆਨਾਂ ਅਤੇ ਸਿੱਖਿਆ ਦੇ ਵਿਦਿਆਰਥੀ ਵੀ ਅਜਿਹੇ ਹੱਲ ਵਿਕਸਿਤ ਕਰ ਸਕਦੇ ਹਨ, ਜੋ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ।

ਕਿਸੇ ਯੂਨੀਵਰਸਿਟੀ ਦੀ ਸਫਲਤਾ ਦਾ ਮੁਲਾਂਕਣ ਸਿਰਫ਼ ਇਸ ਗੱਲ ਨਾਲ ਨਹੀਂ ਹੋਣਾ ਚਾਹੀਦਾ ਕਿ ਉਸ ਨੇ ਕਿੰਨੇ ਗ੍ਰੈਜੂਏਟ ਤਿਆਰ ਕੀਤੇ, ਸਗੋਂ ਇਸ ਗੱਲ ਨਾਲ ਵੀ ਹੋਣਾ ਚਾਹੀਦਾ ਹੈ ਕਿ ਉਸ ਨੇ ਕਿੰਨੇ ਨਵੇਂ ਵਿਚਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਵਿਦਿਆਰਥੀਆਂ ਨੂੰ ਸਮੱਸਿਆਵਾਂ ਦਾ ਹੱਲ ਲੱਭਣਾ ਕਿੰਨਾ ਸਿਖਾਇਆ।

ਜਵਾਬਦੇਹੀ ਦੇ ਨਾਲ ਸੰਸਥਾਗਤ ਖ਼ੁਦਮੁਖ਼ਤਿਆਰੀ : ਅਕਾਦਮਿਕ ਆਜ਼ਾਦੀ ਅਤੇ ਸੰਸਥਾਗਤ ਖ਼ੁਦਮੁਖ਼ਤਿਆਰੀ ਸਿੱਖਿਆ ਸੰਸਥਾਵਾਂ ਨੂੰ ਨਵੇਂ ਕੋਰਸ ਸ਼ੁਰੂ ਕਰਨ, ਉੱਭਰਦੇ ਵਿਸ਼ਿਆਂ ਅਨੁਸਾਰ ਆਪਣੇ ਆਪ ਨੂੰ ਢਾਲਣ ਅਤੇ ਖੋਜ ਦੀਆਂ ਤਰਜੀਹਾਂ ਤੈਅ ਕਰਨ ਵਿੱਚ ਮਦਦ ਕਰਦੀਆਂ ਹਨ। ਪਰ ਖ਼ੁਦਮੁਖ਼ਤਿਆਰੀ ਦੇ ਨਾਲ ਪਾਰਦਰਸ਼ਤਾ, ਜਵਾਬਦੇਹੀ ਅਤੇ ਜਨਤਕ ਹਿੱਤ ਪ੍ਰਤੀ ਵਚਨਬੱਧਤਾ ਵੀ ਜ਼ਰੂਰੀ ਹੈ।

ਯੂਨੀਵਰਸਿਟੀਆਂ ਨੂੰ ਪਾਠਕ੍ਰਮ ਬਣਾਉਣ, ਅਕਾਦਮਿਕ ਸਾਂਝੇਦਾਰੀ ਅਤੇ ਸਰੋਤਾਂ ਦੀ ਵਰਤੋਂ ਵਿੱਚ ਵਧੇਰੇ ਲਚਕਤਾ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਦਾਖ਼ਲਿਆਂ, ਮੁਲਾਂਕਣ, ਭਰਤੀ ਅਤੇ ਵਿੱਤੀ ਪ੍ਰਬੰਧਨ ਲਈ ਸਪੱਸ਼ਟ ਮਿਆਰਾਂ ਦੀ ਪਾਲਣਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਉਦੇਸ਼ ਅਜਿਹੀਆਂ ਸੰਸਥਾਵਾਂ ਬਣਾਉਣਾ ਹੋਣਾ ਚਾਹੀਦਾ ਹੈ, ਜਿੱਥੇ ਅਕਾਦਮਿਕ ਫ਼ੈਸਲੇ ਸਿੱਖਿਆ ਦੀਆਂ ਅਸਲ ਲੋੜਾਂ ਅਨੁਸਾਰ ਲਏ ਜਾਣ, ਨਾ ਕਿ ਬੇਲੋੜੀ ਨੌਕਰਸ਼ਾਹੀ ਜਾਂ ਸਿਆਸੀ ਅਤੇ ਪ੍ਰਸ਼ਾਸਕੀ ਦਖ਼ਲਅੰਦਾਜ਼ੀ ਕਾਰਨ ਪ੍ਰਭਾਵਿਤ ਹੋਣ।

ਯੋਗਤਾ, ਸਮਾਵੇਸ਼ ਅਤੇ ਬਰਾਬਰ ਮੌਕੇ : ਆਈਆਈਟੀ ਦੀਆਂ ਪ੍ਰਾਪਤੀਆਂ ਪਾਰਦਰਸ਼ੀ ਚੋਣ ਪ੍ਰਕਿਰਿਆ ਅਤੇ ਉੱਚ ਅਕਾਦਮਿਕ ਉਮੀਦਾਂ ਦੇ ਮਹੱਤਵ ਨੂੰ ਵੀ ਦਰਸਾਉਂਦੀਆਂ ਹਨ। ਪਰ ਇੱਕ ਮਜ਼ਬੂਤ ਉੱਚ ਸਿੱਖਿਆ ਪ੍ਰਣਾਲੀ ਦਾ ਫ਼ਰਜ਼ ਇਹ ਯਕੀਨੀ ਬਣਾਉਣਾ ਵੀ ਹੈ ਕਿ ਆਰਥਿਕ ਮੁਸ਼ਕਲਾਂ, ਕਮਜ਼ੋਰ ਸਕੂਲੀ ਸਿੱਖਿਆ ਜਾਂ ਸਮਾਜਿਕ ਵਾਂਝੇਪਣ ਕਾਰਨ ਕਿਸੇ ਵਿਦਿਆਰਥੀ ਦੀ ਪ੍ਰਤਿਭਾ ਵਿਅਰਥ ਨਾ ਜਾਵੇ।

ਯੂਨੀਵਰਸਿਟੀਆਂ ਨੂੰ ਅਕਾਦਮਿਕ ਉੱਤਮਤਾ ਦੇ ਨਾਲ ਵਜ਼ੀਫ਼ੇ, ਪਹੁੰਚਯੋਗ ਸਹੂਲਤਾਂ, ਪੂਰਕ ਸਿੱਖਿਆ ਪ੍ਰੋਗਰਾਮ ਅਤੇ ਪ੍ਰਭਾਵਸ਼ਾਲੀ ਮਾਰਗਦਰਸ਼ਨ ਵਰਗੀਆਂ ਸਮਾਵੇਸ਼ੀ ਵਿਵਸਥਾਵਾਂ ਅਪਣਾਉਣੀਆਂ ਚਾਹੀਦੀਆਂ ਹਨ। ਪੇਂਡੂ ਖੇਤਰਾਂ ਅਤੇ ਸੀਮਤ ਸਿੱਖਿਆਈ ਸਰੋਤਾਂ ਵਾਲੇ ਸਕੂਲਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਵਿਕਸਿਤ ਕਰਨ ਲਈ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਉੱਤਮਤਾ ਅਤੇ ਸਮਾਨ ਮੌਕੇ ਇੱਕ-ਦੂਜੇ ਦੇ ਵਿਰੋਧੀ ਨਹੀਂ ਹਨ। ਵਾਂਝੇ ਵਰਗਾਂ ਦੇ ਵਿਦਿਆਰਥੀਆਂ ਨੂੰ ਉਚਿਤ ਮੌਕੇ ਦੇਣ ਨਾਲ ਦੇਸ਼ ਦੀ ਪ੍ਰਤਿਭਾ ਦਾ ਘੇਰਾ ਵਧਦਾ ਹੈ ਅਤੇ ਸਿੱਖਿਆ ਸੰਸਥਾਵਾਂ ਹੋਰ ਮਜ਼ਬੂਤ ਬਣਦੀਆਂ ਹਨ।

ਪਾਠਕ੍ਰਮ ਅਤੇ ਮੁਲਾਂਕਣ ਵਿੱਚ ਸੁਧਾਰ : ਯੂਨੀਵਰਸਿਟੀਆਂ ਦੇ ਪਾਠਕ੍ਰਮ ਵਿਗਿਆਨਕ ਖੋਜਾਂ, ਤਕਨੀਕੀ ਵਿਕਾਸ ਅਤੇ ਬਦਲਦੀਆਂ ਸਮਾਜਿਕ ਲੋੜਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ। ਸਾਲਾਂ ਤੱਕ ਬਿਨਾਂ ਬਦਲਾਅ ਦੇ ਚੱਲਦੇ ਪਾਠਕ੍ਰਮ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਦੀ ਬਜਾਏ ਬੀਤੇ ਸਮੇਂ ਦੀਆਂ ਲੋੜਾਂ ਲਈ ਤਿਆਰ ਕਰ ਸਕਦੇ ਹਨ।

ਯੂਨੀਵਰਸਿਟੀਆਂ ਨੂੰ ਸਮੇਂ-ਸਮੇਂ 'ਤੇ ਪਾਠਕ੍ਰਮਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ, ਬਹੁ-ਵਿਸ਼ਿਆਈ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਵਿਕਲਪਿਕ ਵਿਸ਼ਿਆਂ, ਵਿਹਾਰਕ ਕੰਮਾਂ ਅਤੇ ਸੁਤੰਤਰ ਪ੍ਰੋਜੈਕਟਾਂ ਲਈ ਵਧੇਰੇ ਮੌਕੇ ਦੇਣੇ ਚਾਹੀਦੇ ਹਨ

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

FREMONT HYUNDAI

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD